# ਦਰਵੇਸ਼ੀ ਗਾਥੜੀ



ਸਤਿਬੀਰ ਸਿੰਘ

www.punjabilibrary.com

ਦਰਵੇਸ਼ੀ ਗਾਖੜੀ


www.punjabilibrary.com

## ਪ੍ਰਿੰ: ਸਤਿਬੀਰ ਸਿੰਘ ਰਚਿਤ ਹੋਰ ਧਾਰਮਿਕ ਤੇ ਇਤਿਹਾਸਕ ਰਚਨਾਵਾਂ

| | |
|---|---|
| ਸੌ ਸਵਾਲ | ਗੁਰਮਤਿ ਸਬੰਧੀ |
| ਸਾਡਾ ਇਤਿਹਾਸ (ਭਾਗ ਪਹਿਲਾ) | ਦਸ ਪਾਤਸ਼ਾਹੀਆਂ |
| ਸਾਡਾ ਇਤਿਹਾਸ (ਭਾਗ ਦੂਜਾ) | ਬੰਦਾ ਬਹਾਦਰ ਤੋਂ ਮਾ. ਰਣਜੀਤ ਸਿੰਘ ਤੱਕ |
| ਬਲਿਓ ਚਿਰਾਗ਼ | ਜੀਵਨੀ ਗੁਰੂ ਨਾਨਕ ਦੇਵ ਜੀ |
| ਕੁਦਰਤੀ ਨੂਰ | ਜੀਵਨੀ ਗੁਰੂ ਅੰਗਦ ਦੇਵ ਜੀ |
| ਪਰਬਤੁ ਮੇਰਾਣੁ | ਜੀਵਨੀ ਗੁਰੂ ਅਮਰਦਾਸ ਜੀ |
| ਪੂਰੀ ਹੋਈ ਕਰਾਮਾਤਿ | ਜੀਵਨੀ ਗੁਰੂ ਰਾਮ ਦਾਸ ਜੀ |
| ਪਰਤਖੁ ਹਰਿ | ਜੀਵਨੀ ਗੁਰੂ ਅਰਜਨ ਦੇਵ ਜੀ |
| ਗੁਰ ਭਾਰੀ | ਜੀਵਨੀ ਗੁਰੂ ਹਰਗੋਬਿੰਦ ਜੀ |
| ਨਿਰਭਉ-ਨਿਰਵੈਰ | ਜੀਵਨੀ ਗੁਰੂ ਹਰਿ ਰਾਇ ਜੀ |
| ਅਸ਼ਟਮ ਬਲਬੀਰਾ | ਜੀਵਨੀ ਗੁਰੂ ਹਰਿਕ੍ਰਿਸ਼ਨ ਜੀ |
| ਇਤਿ ਜਿਨਿ ਕਰੀ | ਜੀਵਨੀ ਗੁਰੂ ਤੇਗ਼ ਬਹਾਦਰ ਜੀ |
| ਪੁਰਖ ਭਗਵੰਤ | ਜੀਵਨੀ ਗੁਰੂ ਗੋਬਿੰਦ ਸਿੰਘ ਜੀ |
| ਪੁਰਾਤਨ ਇਤਿਹਾਸਕ ਜੀਵਨੀਆਂ | ਜਿਨ੍ਹਾਂ ਬਾਰੇ ਅਸੀਂ ਕੁਝ ਨਹੀਂ ਜਾਣਦੇ |
| ਰੌਛਿਆ ਰਹਿਤ | ਰਹਿਤ ਦੀ ਮਹੱਤਤਾ ਸਬੰਧੀ |
| ਖ਼ਾਲਸੇ ਦੀ ਵਾਸੀ | ਧਾਰਮਿਕ ਲੇਖ |
| ਅਨਾਦਿ ਅਨਾਹਤਿ | ਜਪੁਜੀ ਦਾ ਸਾਰ ਤੇ ਵਿਸਥਾਰ |
| ਮਨਿ ਬਿਸ੍ਰਾਮ | ਸੁਖਮਨੀ ਸਾਹਿਬ ਦਾ ਸਾਰ ਤੇ ਵਿਸਥਾਰ |
| ਬਾਰਹਮਾਹੇ ਤਿੰਨੇ | ਗੁਰੂ ਨਾਨਕ, ਗੁਰੂ ਅਰਜਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਚਾਰੇ ਬਾਰਹਮਾਹੇ |
| ਆਦਿ ਸਿੱਖ ਤੇ ਆਦਿ ਸਾਖੀਆਂ | ਪ੍ਰਸਿੱਧ ਪੁਰਾਤਨ ਸਿੱਖ ਅਤੇ ਸਾਖੀਆਂ |
| ਕਥਾ ਪੁਰਾਤਨ ਇਉਂ ਸੁਣੀ (ਭਾਗ ੧,੨) | ਸਿੱਖ ਧਰਮ ਦੇ ਹਵਾਲਾ ਗ੍ਰੰਥਾਂ ਦਾ ਸਾਰ |
| ਰਬਾਬ ਤੇ ਨਗਾਰਾ | |
| ਪੂਰਨ ਸਚਿ ਭਰੇ | ਮੰਨੋ ਭਾਵੇਂ ਨਾਂਹ |
| ਮੇਰੇ ਲੈਕਚਰ | ਗੁਰਮਤਿ ਬਾਰੇ |


www.punjabilibrary.com



# ਦਰਵੇਸ਼ੀ ਗਾਥੜੀ

## ਦਰਵੇਸ਼ਾਂ ਦੀਆਂ ਜੀਵਨੀਆਂ

ਪ੍ਰੋ: ਸਤਿਬੀਰ ਸਿੰਘ

ਨਿਊ ਬੁੱਕ ਕੰਪਨੀ

ਮਾਈ ਹੀਰਾਂ ਗੇਟ, ਜਲੰਧਰ।


www.punjabilibrary.com

DARVESHI GAKHRRI (Biographies of Saints and Seers)
*by* PRINCIPAL SATBIR SINGH

Published by :
New Book Co., Mai Hiran Gate, JALANDHAR.
Ph : 0181-2280045, 2284325, 3293190

ISBN : 81-87476-29-X

© ਲੇਖਕ

ਪਹਿਲੀ ਵਾਰ : 1989; ਦੂਜੀ ਵਾਰ : 1995; ਤੀਜੀ ਵਾਰ : 2008; ਚੌਥੀ ਵਾਰ : 2012

ਮੁੱਲ : **100** ਰੁਪਏ

ਪ੍ਰਕਾਸ਼ਕ : ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
Ph : 2280045, 3293190, 2284325
Fax : 0181-2234081
E-mail : newbookco@hotmail.com
Website : www.newbookcompany.com

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈੱਸ, ਜੋਸ਼ੀ ਅਸਟੇਟ, ਸੋਢਲ ਰੋਡ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।


www.punjabilibrary.com

ਉਨ੍ਹਾਂ

ਨੂੰ

ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ


www.punjabilibrary.com

www.punjabilibrary.com

## ਸਭ ਲੋਕੁ ਸਲਾਹੇ ਏਕ ਸੈ

ਗੁਰੂ ਨਾਨਕ ਦੇਵ ਜੀ ਦਰਵੇਸ਼ ਉਸ ਨੂੰ ਗਿਣਦੇ ਹਨ ਜਿਸ ਦੀ ਸਿੱਧੀ ਪਹੁੰਚ ਅੱਲਾਹ ਦੇ ਦਰ ਹੈ। ਮਹਾਰਾਜ ਨੇ ਰਖਿਆ ਵੀ ਦਰਵੇਸ਼ ਨੂੰ ਸੱਭ ਤੋਂ ਉੱਤੇ ਹੈ :

ਪੀਰ ਪੈਕਾਮਰ ਸਾਲਕ ਸਾਦਕ
ਸੁਹਦੇ ਅਉਰੁ ਸਹੀਦ।
ਸੇਖ ਮਸਾਇਕ ਕਾਜੀ ਮੁਲਾ
**ਦਰਿ ਦਰਵੇਸ ਰਸੀਦ।**

ਦਰਵੇਸ਼ ਦੀ ਇਕ ਹੋਰ ਉਪਮਾ ਹੈ ਕਿ ਉਹ ਆਪਾ ਕਦੇ ਨਹੀਂ ਜਣਾਂਦਾ। ਬਰਕਤਾਂ ਪਾ ਕੇ ਵੀ ਉਸ ਦੇ ਹੱਥ 'ਰਹਮ ਅਲਾਹ' ਲਈ ਉੱਠਦੇ ਹਨ।

ਬਰਕਤਿ ਤਿਨ ਕਉ ਅਗਲੀ
ਪੜਦੇ ਰਹਨਿ ਦਰੂਦ। (ਸਿਰੀ ਰਾਗ ਮ: ੧)

ਵਿਆਖਿਆ ਕਰਦੇ ਗੁਰੂ ਨਾਨਕ ਦੇਵ ਜੀ ਨੇ ਇਹ ਵੀ ਫ਼ੁਰਮਾਇਆ ਕਿ ਦਰਵੇਸ਼ ਉਸੇ ਨੂੰ ਆਖੋ ਜੋ ਸੰਸਾਰੀ ਸੁੱਖ, ਸਵਾਦ, ਮੱਜ਼ਿਆਂ ਤੇ ਦਿਖਾਵੇ ਨੂੰ ਤਿਲਾਂਜਲੀ ਦੇ ਕੇ ਸਦਾ ਉਸ ਦੀ ਯਾਦ ਵਿਚ ਤੜਪਦਾ ਰਹਿੰਦਾ ਹੈ ਅਤੇ ਐਸਾ ਰੰਗ ਚਾੜ੍ਹ ਲੈਂਦਾ ਹੈ ਕਿ ਹੋਰ ਕੋਈ ਰੰਗ ਪ੍ਰਭਾਵ ਤਕ ਨਹੀਂ ਪਾ ਸਕਦਾ।

ਸਾਦ ਸਹਜ ਸੁਖ ਰਸ ਕਸ ਤਜੀਅਲੇ
ਕਾਪੜ ਛੋਡੇ ਚਮੜ ਲੀਏ।
ਦੁਖੀਏ ਦਰਦ ਵੰਦ ਦਰ ਤੇਰੈ
ਨਾਮਿ ਰਤੇ ਦਰਵੇਸ ਭਏ। (ਆਸਾ ਘਰ ੪ ਮਹਲਾ ੧)

ਇਹ ਹੀ ਕਾਰਨ ਲੱਗਦਾ ਹੈ ਕਿ ਜਦ ਰਾਇ ਬਲਵੰਡ ਤੇ ਸਤੇ ਡੂਮ ਨੇ ਗੁਰੂ ਅੰਗਦ ਦੇਵ ਜੀ ਦੀ ਉਪਮਾ ਕਰਨੀ ਸੀ ਤਾਂ ਉਨ੍ਹਾਂ ਨੂੰ ਗੁਰੂ ਨਾਨਕ ਦੇ ਦਰ ਖੜੋਤਾ ਦਰਵੇਸ਼ ਦੱਸਿਆ ਜਿਨ੍ਹਾਂ ਦੇ ਚਿਹਰੇ ਤੇ ਬਾਣੀ ਰਾਹੀਂ


www.punjabilibrary.com

ਪਾਵਨ ਪ੍ਰਭੂ ਦੇ ਗੁਣ ਗਾ ਗਾ ਨੂਰ ਡਲ੍ਹਕਾਂ ਮਾਰ ਰਹਿਆ ਹੈ :

ਦਰਿ ਦਰਵੇਸੁ ਖਸੰਮ ਦੈ
ਨਾਇ ਸਚੈ ਬਾਣੀ ਲਾਲੀ। (ਰਾਮਕਲੀ ਕੀ ਵਾਰ)

ਗੁਰੂ ਅਰਜਨ ਜੀ ਕਹਿੰਦੇ ਹਨ ਕਿ ਧਰਮੀ ਉਸੇ ਨੂੰ ਆਖੋ ਜੋ ਬਦੀਆਂ ਦੇ ਸੋਮੇ ਸ਼ੈਤਾਨ (ਮਲਊਨ) ਦੇ ਨੇੜੇ ਨਹੀਂ ਜਾਂਦਾ ਤੇ ਦਰਵੇਸ਼ ਉਹ ਹੈ ਜਿਸ ਨਿਰੋਲ ਸਿਫ਼ਤ ਸਲਾਹ ਨੂੰ ਆਧਾਰ ਬਣਾ ਲਿਆ ਹੈ।

ਸੋ ਮੁਲਾ, ਮਲਊਨ ਨਿਵਾਰੈ
ਸੋ ਦਰਵੇਸ ਜਿਸ ਸਿਫਤਿ ਧਰਾ। (ਮਾਰੂ ਮ: ੫)

ਦਰਵੇਸ਼ ਨੇ ਕਦੇ ਆਪਣੀਆਂ ਲੋੜਾਂ ਨਹੀਂ ਵਧਾਈਆਂ। ਗੁਰੂ ਅਮਰਦਾਸ ਜੀ ਇਸੇ ਲਈ ਕਹਿੰਦੇ ਹਨ ਕਿ ਉਹ ਕਾਹਦਾ ਦਰਵੇਸ਼ ਹੈ ਜੋ ਮੰਗਤਿਆਂ ਵਾਂਗ ਦੂਜਿਆਂ ਦੇ ਦਰਵਾਜ਼ਿਆਂ ਤੇ ਹੱਥ ਟੱਡੀ ਫਿਰਦਾ ਹੈ।

ਦਰਵੇਸੀ ਕੋ ਜਾਣਸੀ, ਵਿਰਲਾ ਕੋ ਦਰਵੇਸ।
ਜੇ ਘਰਿ ਘਰਿ ਹੰਢੈ ਮੰਗਦਾ, ਧਿਗ ਜੀਵਣ ਧਿਗ ਵੇਸੁ।

ਦਰਵੇਸ਼ ਤਾਂ ਉਹ ਹੈ ਜੋ ਸਦਾ ਖ਼ਾਹਿਸ਼ਾਂ ਤੇ ਪਹਰਾ ਦੇਂਦਾ ਹੈ। ਤ੍ਰਿਸ਼ਨਾਵਾਂ ਨੂੰ ਆਪਣੇ ਤੇ ਕਾਬੂ ਨਹੀਂ ਪੈਣ ਦੇਂਦਾ ਅਤੇ ਸਿੱਧੇ ਰਾਹ ਟੁਰੀ ਜਾਂਦਾ ਹੈ। ਅਲਾਹ ਦੀ ਮੁਹੱਬਤ ਵਿਚ ਸਰਸ਼ਾਰ ਰਹਿੰਦਾ ਹੈ ਅਤੇ ਨਜ਼ਰ ਕਾਦਰ ਦੀ ਮੇਹਰ ਤੇ ਰੱਖਦਾ ਹੈ।

ਦਿਲ ਦਰਵੇਸੀ ਜੋ ਕਰੇ
ਦਰਵੇਸੀ ਦਿਲ ਰਾਸਿ।
ਇਸ਼ਕ ਮਹਬਤਿ ਨਾਨਕਾ
ਲੇਖਾ ਕਰਤੇ ਪਾਸਿ।

(ਸਲੋਕ ਮ: ੧, ਵਾਰ ਮਾਰੂ ਮਹਲੇ ਤੀਜੇ ਕੀ)

ਬਾਬਾ ਫ਼ਰੀਦ ਜੀ ਦਰਵੇਸ਼ੀ ਨੂੰ ਅਤਿ ਬਿਖਮ ਰਾਹ (ਦਰ ਦਰਵੇਸ਼ੀ ਗਾਖੜੀ) ਨਾਲ ਤੁਲਣਾ ਦੇਂਦੇ ਹੋਏ ਕਹਿੰਦੇ ਹਨ ਕਿ ਨਿਰੇ ਦਰਵੇਸ਼ਾਂ ਵਾਲੇ ਬਸਤ੍ਰ ਪਾ ਕੇ ਕੋਈ ਦਰਵੇਸ਼ ਨਹੀਂ ਬਣ ਜਾਂਦਾ। ਦਰਵੇਸ਼ ਬਣ ਕੇ ਵੀ ਜੋ ਦੁਨੀਆਂ ਦੇ ਰਾਹ ਟੁਰਦਾ ਹੈ, ਉਹ ਪਾਪਾਂ ਦਾ ਇਤਨਾ ਵੱਡਾ ਭਾਰ ਉਠਾ ਲਵੇਗਾ ਕਿ ਉਸ ਕੋਲੋਂ ਅਲਾਹ ਦੇ ਰਾਹ ਟੁਰਨ ਹੀ ਨਹੀਂ ਹੋਣਾ।

ਫਰੀਦਾ ਦਰ ਦਰਵੇਸੀ ਗਾਖੜੀ
ਚਲਾ ਦੁਨੀਆ ਭਤਿ।
ਬੰਨ੍ਹਿ ਉਠਾਈ ਪੋਟਲੀ
ਕਿਥੈ ਵੰਞਾ ਘਤਿ।


www.punjabilibrary.com

ਬਸ ਦਰਵੇਸ਼ ਉਹ ਹੀ ਬਣਦਾ ਹੈ ਜਿਸ ਤੇ ਅਲਾਹ ਮੇਹਰ ਦੀ ਨਜ਼ਰ ਪਾ ਕੇ ਆਪਣੇ ਨਾਲ ਜੋੜ ਲਏ। ਐਸੇ ਦੀ ਮਾਂ ਧੰਨ ਹੈ ਜਿਸ ਨੇ ਅਜਿਹਾ ਧੁਰਸ਼ ਜਣਿਆ।

ਆਪ ਲੀਏ ਲੜ ਲਾਇ
ਦਰ ਦਰਵੇਸ ਸੇ।
ਤਿਨ ਧੰਨੁ ਜਣੇਦੀ ਮਾਉ
ਆਏ ਸਫਲ ਸੇ।

ਸੋ ਚਿਤ ਆਇਆ ਕਿ ਐਸੇ ਕੁਝ ਦਰਵੇਸ਼ਾਂ ਦੀਆਂ ਜੀਵਨੀਆਂ ਲਿਖ ਕੇ ਪਾਠਕਾਂ ਤਕ ਪਹੁੰਚਾਵਾਂ। ਉਸ ਆਏ ਖ਼ਿਆਲ ਦਾ ਇਹ **'ਦਰਵੇਸ਼ੀ ਗਾਖੜੀ'** ਨਾਂ ਦੀ ਪੁਸਤਕ ਸਾਕਾਰ ਰੂਪ ਹੈ। ਇਸ ਵਿਚ ਸਭ ਉਹ ਦਰਵੇਸ਼ ਹਨ ਜਿਨ੍ਹਾਂ ਅਦਬ ਕਰਨ ਦੀ ਹੱਦ ਦੱਸੀ (ਹਾਫ਼ੀ), ਯਾਦ ਨਾ ਵਿਸਰਨ ਦਿੱਤੀ (ਜੁਨੈਦ), ਦ੍ਰਿੜ੍ਹ ਚਿਤ ਰਹੇ (ਭਾਈ ਅਫਨ), ਰੁੱਖਾਂ ਜਿਤਨਾ ਜੇਰਾ ਰੱਖਿਆ (ਭਾਈ ਧਰਮ ਦਾਸ), ਹਉਮੈ ਦਾ ਦਾਅ ਨਾ ਪੈਣ ਦਿੱਤਾ (ਸਾਈਂ ਮੀਆਂ ਮੀਰ), ਸੱਭ ਕੁਝ ਵਾਰ ਮੰਗਿਆ ਕੰਘੇ ਵਿਚ ਅੜੇ ਕੁਝ ਕੇਸ ਅਤੇ ਦਸਤਾਰ ਦਾ ਆਖ਼ਰੀ ਲੜ (ਪੀਰ ਬੁੱਧੂ ਸ਼ਾਹ), ਇਰਾਦੇ ਦਾ ਪੱਕਾ (ਮਨਸੂਰ) ਅਤੇ ਹੋਰ ਕਿਤਨਿਆਂ ਵਿਚੋਂ ਅੱਠਵੀ ਸਦੀ ਤੋਂ ਲੈ ਕੇ ਉਨ੍ਹੀਵੀਂ ਸਦੀ ਦੇ ਅਰੰਭ ਤਕ **ਚਾਲੀ** ਦਰਵੇਸ਼ ਚੁਣੇ ਹਨ ਜੋ ਰਾਹ ਦੇ ਚਾਨਣ ਵਾਂਗ ਖੜੇ ਸਾਨੂੰ ਰੌਸ਼ਨੀ ਦੇ ਰਹੇ ਹਨ।

ਸਭ ਤੋਂ ਪਹਿਲੀ ਥਾਂ ਬਾਬਾ ਫ਼ਰੀਦ ਜੀ ਨੂੰ ਹੀ ਦਿੱਤੀ ਹੈ ਜਿਨ੍ਹਾਂ ਆਖ਼ਰੀ ਸਮੇਂ ਤਕ ਟੇਕ ਇਕ ਤੇ ਰੱਖੀ। ਇਥੋਂ ਤਕ ਕਿ ਜਦ ਇਕ ਵਾਰੀ ਸਰੀਰਕ ਤੌਰ ਤੇ ਬਹੁਤ ਢਿੱਲੇ ਹੋ ਗਏ ਤਾਂ ਹੱਥ ਸੋਟੀ ਲੈ ਥੋੜ੍ਹੀ ਦੂਰ ਹੀ ਗਏ ਸਨ ਕਿ ਸੋਟੀ ਪਰ੍ਹਾਂ ਵਗਾਹ ਸੁੱਟੀ। ਕਹਿਣ ਲੱਗੇ:

ਸਾਰੀ ਜ਼ਿੰਦਗੀ ਅੱਲਾਹ ਤੋਂ ਸਿਵਾ ਕਿਸੇ ਦਾ ਸਹਾਰਾ
ਨਹੀਓਂ ਲਿਆ ਫ਼ਰੀਦਾ, ਹੁਣ ਕਿਉਂ ਪਿਆ
ਟੁਰਦਾ ਹੈਂ ਇਕ ਬੇਜਾਨ ਸਹਾਰੇ।

ਇਸੇ ਤਰ੍ਹਾਂ ਭਾਈ ਦੁੱਖ ਭੰਜਨ ਜੀ ਨੇ ਕਮਾਲ ਹੀ ਕਰ ਦਿੱਤੀ ਜਦ ਅੰਤ ਸਮੇਂ ਉਨ੍ਹਾਂ ਦੇ ਮੂੰਹ ਵਿਚ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਘਰੋਂ 'ਅਨੰਤੀ' ਗੰਗਾ ਜਲ ਪਾਉਣ ਲੱਗੀ ਤਾਂ ਉਸ ਦਰਵੇਸ਼ ਸੰਤ ਨੇ ਮੂੰਹ ਹੀ ਮੀਟ ਲਿਆ ਤੇ ਕਿਹਾ:

'ਸਾਰੀ ਉਮਰ ਤਾਂ ਗੁਰੂ ਮੇਹਰ ਸਦਕਾ ਸਨਮੁੱਖ ਰਹਿਆ,
ਹੁਣ ਗੰਗਾਜਲੀ ਮੂੰਹ ਵਿਚ ਪਾ, ਬੇਮੁੱਖ ਕਿਉਂ ਕਰਦੀ ਹੈਂ।'

ਇਤਨਾ ਆਖ ਪ੍ਰਾਣ ਤਿਆਗ ਦਿੱਤੇ।


www.punjabilibrary.com

ਐਸੇ 'ਖ਼ੁੱਦਾ ਪ੍ਰਸਤਾਂ' ਦਾ ਇਕ ਗੁਲਦਸਤਾ ਹੈ ਇਹ ਪੁਸਤਕ। ਇਹ ਹੀ ਅਰਦਾਸ ਹੈ ਵਾਹਿਗੁਰੂ ! ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।

ਸੌ ਸਵਾਲ, ਆਦਿ ਸਿੱਖ ਤੇ ਆਦਿ ਸਾਖੀਆਂ ਅਤੇ ਦਰਵੇਸ਼ੀ ਗਾਖੜੀ ਦੇ ਸਿਲਸਲੇ ਦੀ ਚੌਥੀ ਪੁਸਤਕ **'ਮੁਢ ਮੂਲ'** ਇਸੇ ਸਾਲ ਪਾਠਕਾਂ ਹੱਥ ਦੇ ਕੇ ਖ਼ੁਸ਼ੀ ਲੈਣ ਦਾ ਇਰਾਦਾ ਹੈ।

ਸਤਿਬੀਰ ਸਿੰਘ

ਜਨਵਰੀ ੧੯੮੯,
ਪਟਿਆਲਾ।


www.punjabilibrary.com

# ਤਤਕਰਾ


| | | | |
|---|---|---|---|
| *ਇਕ* | ਹਰੀ ਘਾਹ ਹੀ ਮੇਰਾ ਗ਼ਲੀਚਾ ਹੈ | ... | ੧੩ |
| *ਦੋ* | ਸ਼ਰੀਫ਼ ਏਂ ਤਾਂ ਸ਼ਰੀਫ਼ਾਂ ਵਾਲਾ ਸਲੂਕ ਕਰ | ... | ੧੪ |
| *ਤਿੰਨ* | ਸਭ ਤੋਂ ਵੱਧ ਪੀੜ | ... | ੧੫ |
| *ਚਾਰ* | ਸਬਰ ਤੋਸਾ ਮਲਾਇਕਾ | ... | ੧੬ |
| *ਪੰਜ* | ਦਰਵੇਸ਼ੀ ਖ਼ੁਦ-ਫ਼ਰੋਸ਼ੀ | ... | ੧੮ |
| *ਛੇ* | ਬਾਬਾ ਫ਼ਰੀਦ ਜੀ | ... | ੧੯ |
| *ਸੱਤ* | ਹਸਨ ਅਬਦਾਲ (ਪੰਜਾ ਸਾਹਿਬ) | ... | ੩੮ |
| *ਅੱਠ* | ਮੀਆਂ ਮੀਰ | ... | ੪੪ |
| *ਨੌਂ* | ਪੀਰ ਬੁਧੂ ਸ਼ਾਹ | ... | ੫੧ |
| *ਦਸ* | ਭਾਈ ਕਨ੍ਹਈਆ ਜੀ | ... | ੫੫ |
| *ਗਿਆਰਾਂ* | ਭਾਈ ਅੱਡਨ ਸ਼ਾਹ ਜੀ | ... | ੬੪ |
| *ਬਾਰਾਂ* | ਭਾਈ ਸੇਵਾ ਰਾਮ ਜੀ | ... | ੭੧ |
| *ਤੇਰਾਂ* | ਭਾਈ ਸਹਿਜ ਰਾਮ ਜੀ | ... | ੭੫ |
| *ਚੌਦਾਂ* | ਭਾਈ ਆਇਆ ਰਾਮ ਜੀ | ... | ੭੮ |
| *ਪੰਦਰਾਂ* | ਭਾਈ ਧਰਮ ਦਾਸ ਜੀ | ... | ੮੪ |
| *ਸੋਲਾਂ* | ਭਾਈ ਰੋਸ਼ਨ ਜੀ | ... | ੮੮ |
| *ਸਤਾਰਾਂ* | ਭਾਈ ਸੰਤੋਖ ਜੀ | ... | ੯੦ |
| *ਅਠਾਰਾਂ* | ਭਾਈ ਦੁਖ ਭੰਜਨ ਜੀ | ... | ੯੩ |
| *ਉਨੀਂ* | ਇਮਾਮ ਸ਼ਾਫ਼ੀ | ... | ੧੦੪ |
| *ਵੀਹ* | ਹੁਸੈਨ ਮਨਸੂਰ ਹਲਾਲ | ... | ੧੦੬ |
| *ਇੱਕੀ* | ਅਮਾਮ ਅਬੂ ਹਨੀਫ਼ਾ | ... | ੧੧੨ |
| *ਬਾਈ* | ਹਸਨ ਬਸਰੀ | ... | ੧੧੪ |
| *ਤੇਈ* | ਰਾਬਅ ਬਸਰੀ | ... | ੧੧੬ |
| *ਚੌਵੀ* | ਜੁਨੈਦ ਬਗ਼ਦਾਦੀ | ... | ੧੧੮ |
| *ਪੰਝੀ* | ਇਬ੍ਰਾਹੀਮ ਅੱਧਮ | ... | ੧੨੩ |
| *ਛੱਬੀ* | ਅਮਾਮ ਅਹਿਮਦ ਇਬਨ ਹੰਬਲ | ... | ੧੨੫ |
| *ਸਤਾਈ* | ਫ਼ਜ਼ੀਲ ਬਿਨ ਅਯਾਜ਼ | ... | ੧੨੭ |
| *ਅਠਾਈ* | ਅਹਿਮਦ ਹਰਬ | ... | ੧੨੯ |
| *ਉਨੱਤੀ* | ਕਰਖੀ | ... | ੧੩੧ |




www.punjabilibrary.com

| | | | |
|---|---|---|---|
| *ਤੀਹ* | ਸਫ਼ਯਾਨ ਸਵਰੀ | ... | ੧੩੩ |
| *ਇਕੱਤੀ* | ਹਾਤਮ ਅਸਮ | ... | ੧੩੬ |
| *ਬੱਤੀ* | ਹਾਰਸ ਮਹਿਸਾਬੀ | ... | ੧੩੮ |
| *ਤੇਤੀ* | ਹਜ਼ਰਤ ਦਾਊਦ ਤਾਈ | ... | ੧੪੦ |
| *ਚੌਤੀ* | ਹਜ਼ਰਤ ਅਬੂ ਅਲੀ ਸ਼ਫ਼ੀਕ | ... | ੧੪੨ |
| *ਪੈਂਤੀ* | ਅਬੂ ਸੁਲੇਮਾਨ ਦਾਰਾਈ | ... | ੧੪੪ |
| *ਛੱਤੀ* | ਅਬਦੁੱਲਾ ਬਿਨ ਮੁਬਾਰਕ | ... | ੧੪੭ |
| *ਸੈਂਤੀ* | ਮੁਹੰਮਦ ਬਿਨ ਅਸਲਮ ਤੌਸੀ | ... | ੧੫੦ |
| *ਅਠੱਤੀ* | ਜ਼ੂ-ਉਲ-ਨੂਨ ਮਿਸਰੀ | ... | ੧੫੨ |
| *ਉਨਤਾਲੀ* | ਅਦੀਸ ਕਰਨੀ | ... | ੧੫੫ |
| *ਚਾਲ੍ਹੀ* | ਮੁਹੰਮਦ ਵਾਸਯ | ... | ੧੫੬ |

 www.punjabilibrary.com

ਹਰੀ ਘਾਹ ਹੀ ਮੇਰਾ ਗ਼ਲੀਚਾ ਹੈ

ਨੂਰੀ ਨਾਂ ਦੇ ਇਕ ਜੁਲਾਹੇ ਨੇ ਉਚੇਚਾ ਇਕ ਗ਼ਲੀਚਾ ਗੁਰੂ ਨਾਨਕ ਦੇਵ ਜੀ ਲਈ ਬੁਣ ਕੇ ਤਿਆਰ ਕੀਤਾ ਸੀ। ਜਦੋਂ ਗੁਰੂ ਜੀ ਦੇ ਨੂਰੀ ਨੇ ਦਰਸ਼ਨ ਕੀਤੇ ਤਾਂ ਆਦਰ ਸਹਿਤ ਕਲੀਨ ਭੇਟਾ ਕੀਤਾ ਤਾਂ ਗੁਰੂ ਨਾਨਕ ਦੇਵ ਜੀ ਨੇ ਇਹ ਕਹਿ ਕੇ ਮੋੜ ਦਿੱਤਾ : ਨੂਰੀ ! ਹਰੀ ਘਾਹ ਹੀ ਸਾਡਾ ਗ਼ਲੀਚਾ ਹੈ ।

ਜਦ ਉਸਨੇ ਕਿਹਾ ਕਿ ਤਿਆਰ ਹੀ ਤੁਹਾਡੇ ਲਈ ਕੀਤਾ ਹੈ, ਹੁਣ ਮੈਂ ਇਸਦਾ ਕੀ ਕਰਾਂ ਤਾਂ ਸੱਚੇ ਪਾਤਸ਼ਾਹ ਨੇ ਕਿਹਾ :

ਜੇ ਮੇਰੀ ਖੁਸ਼ੀ ਲੈਣੀ ਆ ਤਾਂ ਇਹ ਗ਼ਲੀਚਾ ਉਹਨਾਂ ਪਿਲਿਆਂ ਤੇ ਪਾ ਦੇ ਜੋ ਰਾਤ ਭਰ ਤੇਰੀ ਝੁੱਗੀ ਲਾਗੇ ਸਰਦੀ ਵਿਚ ਵਿਲੂੰ ਵਿਲੂੰ ਕਰਦੇ ਰਹੇ ।

ਬਾਬੇ ਕੋਲੋਂ ਤਾਂ ਕਿਸੇ ਪਿਲੇ ਤੱਕ ਦਾ ਵੀ ਦੁੱਖ ਨਹੀਂ ਸੀ ਦੇਖਿਆ ਜਾਂਦਾ । □





www.punjabilibrary.com

ਸ਼ਰੀਫ਼ ਏਂ
ਤਾਂ ਸ਼ਰੀਫ਼ਾਂ
ਵਾਲਾ
ਸਲੂਕ
ਕਰ !

ਵਰ੍ਹਿਆਂ ਬੱਧੀ ਦੁੱਖ ਝੱਲਣ ਉਪਰੰਤ ਹਜ਼ਰਤ ਮੁਹੰਮਦ ਸਾਹਿਬ ਮੱਕਾ ਵਾਪਸ ਆਏ। ਕਿਸੇ ਹਜ਼ਰਤ ਮੁਹੰਮਦ ਸਾਹਿਬ ਨੂੰ ਕਿਹਾ ਕਿ ਅੱਜ ਦਾ ਦਿਨ ਘਮਸਾਨ ਦਾ ਦਿਨ ਹੈ ਤਾਂ ਉਹ ਕਹਿਣ ਲਗੇ : ਨਹੀਂ ! ਅੱਜ ਰਹਿਮਤ ਦਾ ਦਿਨ ਹੈ।

ਮੁਹੰਮਦ ਸਾਹਿਬ ਨੇ ਉਨ੍ਹਾਂ ਸਭ ਸਰਦਾਰਾਂ, ਅਮੀਰਾਂ ਨੂੰ ਬੁਲਾਇਆ ਜੋ ਉਨ੍ਹਾਂ ਨੂੰ ਤੰਗ ਕਰਦੇ ਰਹੇ ਸਨ ਅਤੇ ਜਿਨ੍ਹਾਂ ਐਲਾਨ ਕੀਤਾ ਹੋਇਆ ਸੀ ਕਿ ਮੁਹੰਮਦ ਦਾ ਨਾਂ ਨਿਸ਼ਾਨ ਮਿਟਾ ਦੇਣਾ ਹੈ। ਅੱਜ ਉਨ੍ਹਾਂ ਦਾ ਗ਼ਰੂਰ ਦਾ ਸਿਰ ਕੁਚਲਿਆ ਜਾ ਸਕਦਾ ਸੀ।

ਮੁਹੰਮਦ ਸਾਹਿਬ ਨੇ ਕੈਦੀ ਸਰਦਾਰਾਂ ਨੂੰ ਪੁੱਛਿਆ ਕਿ ਤੁਹਾਡੇ ਨਾਲ ਕੀ ਸਲੂਕ ਕਰੀਏ ?

ਉਨ੍ਹਾਂ ਵਿਚੋਂ ਇਕ ਬੋਲਿਆ : ਉਹੋ ਹੀ ਜਿਸ ਦੀ ਆਪ ਜਿਹੇ ਸ਼ਰੀਫ਼ ਇਨਸਾਨ ਤੋਂ ਆਸ ਕੀਤੀ ਜਾ ਸਕਦੀ ਹੈ।

ਇਹ ਸੁਣਨਾ ਸੀ ਤਾਂ ਮੁਹੰਮਦ ਸਾਹਿਬ ਨੇ ਫ਼ਰਮਾਇਆ :

ਜਾਉ, ਤੁਸੀਂ ਸਭ ਆਜ਼ਾਦ ਹੋ। ਅਤੇ

ਦੁਨੀਆਂ ਨੇ ਤੱਕਿਆ ਕਿ ਉਹ ਮੱਕਾ ਜਿਥੇ ਨਿਤ ਜੰਗਾਂ ਹੁੰਦੀਆਂ ਸਨ, ਰਹਿਮ ਕਰਮ ਤੇ ਇਨਸਾਨੀਅਤ ਦਾ ਪੰਘੂੜਾ ਬਣ ਗਿਆ। □



 www.punjabilibrary.com

**ਸਭ ਤੋਂ ਵੱਧ ਪੀੜ**

ਇਕ ਦਿਨ ਜ਼ੈਦ ਕੋਲੋਂ ਉਮਰ ਪੁੱਛ ਬੈਠੇ ਕਿ ਤੂੰ ਜਾਣਦਾ ਹੈਂ ਕਿ ਇਸਲਾਮ ਨੂੰ ਸਭ ਤੋਂ ਵੱਧ ਕਿਹੜੀ ਸ਼ੈ ਦੁਖੀ ਕਰਦੀ ਹੈ। ਜ਼ੈਦ ਨੇ 'ਨਹੀਂ', ਵਿਚ ਜਦ ਸਿਰ ਹਿਲਾਇਆ ਤਾਂ ਉਮਰ ਕਹਿਣ ਲੱਗੇ : ਆਲਿਮ ਦਾ ਡੋਲ ਜਾਣਾ

ਤੇ

ਕੁਰਾਨ ਦੇ ਗ਼ਲਤ ਅਰਥ।

ਹੁਣ ਯਾਦ ਕਰੋ ਉਹ ਵਾਰਤਾ ਜਦ ਗੁਰੂ ਹਰਿ ਰਾਇ ਜੀ ਨੇ ਭਰੀ ਸੰਗਤ ਨੂੰ ਕਿਹਾ ਸੀ ਕਿ ਰਾਮ ਰਾਇ ਡੋਲ ਗਿਆ ਹੈ ਅਤੇ ਸ਼ਾਹੀ ਰੁਹਬ ਵਿਚ ਆ ਕੇ ਉਸ ਨੇ ਗੁਰੂ ਨਾਨਕ ਦੇਵ ਜੀ ਦੇ ਵਾਕ ਉਲਟਾਏ ਹਨ। ਸੋ ਮੇਰੇ ਮੱਥੇ ਨਾ ਲੱਗੇ ਤੇ ਨਾਂਹ ਹੀ ਕੋਈ ਮੂੰਹ ਲਗਾਵੇ।

ਕਲਗੀਧਰ ਪਾਤਸ਼ਾਹ ਨੇ ਇਕ ਸਿਖ ਨੂੰ ਨਿਰੋਲ ਇਸ ਲਈ ਤਾੜਿਆ ਸੀ ਕਿ ਉਹ ਗੁਰੂ ਨਾਨਕ ਸਾਹਿਬ ਦੀ ਰਾਮਕਲੀ ਰਾਗ ਦੀ ਤੁਕ :

ਕਰਤੇ ਕੀ ਮਿਤਿ ਕਰਤਾ ਜਾਣੈ
ਕੈ ਜਾਣੈ ਗੁਰੁ ਸੂਰਾ ।

ਨੂੰ

ਕਰਤੇ ਕੀ ਮਿਤਿ ਕਰਤਾ ਜਾਣੇ
ਕਿ ਜਾਣੇ ਗੁਰੁ ਸੂਰਾ, ਪੜ੍ਹ ਰਹਿਆ ਸੀ।

'ਕੈ ਜਾਣੈ' ਨੂੰ 'ਕਿ ਜਾਣੇ' ਪੜ੍ਹਨ ਨਾਲ ਨਾਂਹ ਸਿਰਫ ਅਰਥਾਂ ਦਾ ਅਨ-ਅਰਥ ਹੀ ਹੋ ਗਿਆ, ਸਗੋਂ ਗੁਰ ਸੂਰਮੇ ਦਾ ਅਨਾਦਰ ਵੀ।

□




www.punjabilibrary.com

ਸਬਰ ਤੋਸਾ
ਮਲਾਇਕਾ

ਅਬ੍ਰਾਹੀਮ ਅਧਮ ਕੋਲੋਂ ਸ਼ਫ਼ੀਕ ਨੇ ਪੁੱਛਿਆ : ਗੁਜ਼ਰ ਕਿਵੇਂ ਕਰਦੇ ਹੋ ? ਅਬ੍ਰਾਹੀਮ ਨੇ ਕਿਹਾ : ਮਿਲ ਜਾਏ ਤਾਂ ਸ਼ੁਕਰ, ਨਾ ਮਿਲੇ ਤਾਂ ਸਬਰ। ਇਹ ਸੁਣ ਸ਼ਫ਼ੀਕ ਬੋਲਿਆ :

ਇਹ ਤਾਂ ਸਾਡੀ ਗਲੀ ਦੇ ਕੁੱਤੇ ਵੀ ਕਰਦੇ ਹਨ। ਜੇ ਟੁਕੜ ਕੋਈ ਪਾ ਜਾਵੇ ਤਾਂ ਤਸੱਲੀ ਨਾਲ ਬੈਠ ਖਾਂਦੇ ਹਨ ਅਤੇ ਨਾ ਮਿਲੇ ਤਾਂ ਚੁਪ ਕਰ ਪਾਸੇ ਬੈਠੇ ਰਹਿੰਦੇ ਹਨ।

ਸੁਭਾਵਕ ਹੀ ਅਬ੍ਰਾਹੀਮ ਦਾ ਅਗਲਾ ਸਵਾਲ ਸੀ :

ਤੁਸੀਂ ਭਲਾ ਕੀ ਕਰਦੇ ਹੋ,
ਸ਼ਫ਼ੀਕ ਸਾਹਿਬ ?

ਸ਼ਫ਼ੀਕ ਨੇ ਕਿਹਾ :

ਮਿਲ ਜਾਵੇ ਤਾਂ ਵੰਡ ਖਾਂਦਾ ਹਾਂ (ਈਸਾਰ)
ਨਾ ਮਿਲੇ ਤਾਂ ਸਬਰ।

ਅਬ੍ਰਾਹੀਮ ਨੇ ਅਗੇ ਵਧ ਉਨ੍ਹਾਂ ਦਾ ਸਿਰ ਚੁੰਮ ਲਿਆ।

ਹੁਣ ਪੜ੍ਹੋ ਪ੍ਰਾਚੀਨ ਪੰਥ ਪ੍ਰਕਾਸ਼ ਦੇ ਉਹ ਸ਼ਬਦ ਜੋ ਜ਼ਕਰੀਆ ਖ਼ਾਨ ਨੇ ਨਾਦਰ ਸ਼ਾਹ ਨੂੰ ਸਿੱਖਾਂ ਬਾਰੇ ਕਹੇ ਸਨ।

ਜ਼ਕਰੀਆ ਨੇ ਕਿਹਾ ਸੀ ਕਿ ਕਈ ਦਿਨਾਂ ਦੇ ਭੁੱਖਿਆਂ ਨੂੰ ਜੇ ਦੋ ਰੋਟੀਆਂ ਮਿਲ ਜਾਣ ਤਾਂ ਇਹ ਜ਼ਮੀਨ ਤੇ ਰੱਖ ਕੇ :

ਦੇਤ ਆਵਾਜ਼ਾ ਭੁਖਾ ਕੋਈ।
ਆਓ ਦੇਗ ਤਿਆਰ ਗੁਰ ਹੋਈ।
ਓਸ ਸਮੇਂ ਬੈਰੀ ਕਿਮ ਆਵੈ।
ਪਰਮ ਮੀਤ ਸਮ ਤਾਹਿ ਛਕਾਵੈ।

ਨਾਦਰ ਸ਼ਾਹ ਨੇ ਉਤਾਵਲੇ ਹੋ ਪੁੱਛਿਆ :

ਆਪ ਕੀ ਕਰਦੇ ਹਨ ?



 www.punjabilibrary.com

ਜ਼ਕਰੀਆ ਖ਼ਾਨ ਨੇ ਕਿਹਾ :

ਬੱਚੇ ਤੋ ਆਪ ਖਲੇਂ ਹੈਂ
ਨਹੀ ਤੋ ਲੰਗਰ ਮਸਤ ਬਤੇ ਹੈਂ ।

ਇਹ ਸੀ ਦਰਵੇਸ਼ਾਂ ਦੀ ਕੌਮ ਜੋ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਕੀਤੀ । □

## ਪੈਂਜ

*ਦਰਵੇਸ਼ੀ ਖ਼ੁਦ-ਫ਼ਰੋਸ਼ੀ*

ਸ਼ਹਾਬ-ਉੱਦ-ਦੀਨ ਸਹੁਰਾਵਰਦੀ ਕਿਹਾ ਕਰਦੇ ਸਨ ਕਿ ਦਰਵੇਸ਼ੀ ਖ਼ੁਦ-ਫ਼ਰੋਸ਼ੀ ਦਾ ਨਾਮ ਹੈ । ਜੋ ਆਪਣੀ ਜ਼ਾਤ ਨੂੰ ਨਹੀਂ ਪੁੱਜ ਸਕਿਆ, ਉਹ ਫ਼ਕੀਰੀ ਦੇ ਨੇੜੇ ਕਿਵੇਂ ਜਾਏਗਾ। ਮੁਰੀਦ, ਜਦ ਤਕ ਦੁਨੀਆਂ ਦੀ ਹਰ ਸ਼ੈ ਤੋਂ ਨਾਤਾ ਨਹੀਂ ਤੋੜ ਲੈਂਦਾ, ਮੁਰੀਦ ਬਣਨ ਦੇ ਯੋਗ ਨਹੀਂ । ਇਕ ਵਾਰੀ ਇਕ ਐਸਾ ਬੰਦਾ ਮੁਰੀਦ ਬਣਨ ਆਇਆ ਜੋ ਸਹੁਰਾਵਰਦੀ ਦੀ ਸ਼ੁਹਰਤ ਤੋਂ ਲਾਭ ਉਠਾ ਦੁਨਿਆਵੀ ਮਾਲ ਇਕੱਠਾ ਕਰਨਾ ਲੋਚਦਾ ਸੀ ।

ਉਸ ਮੁਰੀਦ ਬਣਨ ਦੇ ਚਾਹਵਾਨ ਨੂੰ ਸਹੁਰਾਵਰਦੀ ਨੇ ਕਿਹਾ :

ਕਲ ਆਈਂ, ਅਜ ਮੁਆਫ਼ ਕਰ ।

ਜਦ ਉਹ ਬੰਦਾ ਕਲ੍ਹ ਆਇਆ ਤਾਂ ਸਹੁਰਾਵਰਦੀ ਨੇ ਕਿਹਾ :

ਭੋਲੇ ਲੋਕਾ, ਰਾਤ ਦਾ ਸੁਪਨਾ ਹੁਣੇ ਹੀ ਭੁਲ ਗਇਉਂ ।

ਸੁਪਨਾ ਸੀ :

**ਇਕ ਪੀਰ ਤੇ ਮੁਰੀਦ ਨੂੰ ਮੌਤ ਦਾ ਫ਼ਰਿਸ਼ਤਾ ਦੋਜ਼ਖ਼ ਵਲ ਧਕੇਲੀ ਲਈ ਜਾ ਰਿਹਾ ਸੀ ਕਿਉਂਕਿ ਦੋਵੇਂ ਡੇਰੇ ਦੇ ਨਾਮ ਤੇ ਲੋਕਾਂ ਨੂੰ ਭਰਮਾ ਕਮਾਈ ਕਰਦੇ ਸਨ।** □

ਬਾਬਾ
ਫ਼ਰੀਦ ਜੀ

ਬਹੁਤ ਘੱਟ ਲੋਕੀਂ ਜਾਣਦੇ ਹਨ ਕਿ ਆਸਾ ਦੀ ਵਾਰ ਦੀਆਂ 'ਨੌਂ ਪਉੜੀਆਂ' ਗੁਰੂ ਨਾਨਕ ਦੇਵ ਜੀ ਨੇ 'ਪਾਕ ਪਟਨ' ਬਾਬਾ ਫ਼ਰੀਦ ਦੇ ਅਸਥਾਨ ਤੇ 'ਇੱਕ' ਦੀ ਮਹਿਮਾ ਗਾਉਣ ਲਈ ਉਚਾਰੀਆਂ ਸਨ। ਪਹਿਲੀਆਂ ੧੫ ਆਪ ਜੀ ਨੇ ਦੁਨੀ ਚੰਦ ਦੀ ਡਿਉੜੀ, ਲਾਹੌਰ, ਦੁਨੀ ਦਾ ਗੁਮਾਨ ਉਤਾਰਨ ਲਈ ਗਾਵੀਆਂ ਸਨ।

ਜਦ ਗੁਰੂ ਨਾਨਕ ਦੇਵ ਜੀ ਨੇ ਬਾਬਾ ਫ਼ਰੀਦ ਜੀ ਦੇ ੧੧੬ ਸਲੋਕ ਤੇ ਸ਼ਬਦ ਆਪਣੀ "ਕਿਤਾਬ" ਵਿਚ ਦਰਜ ਕਰ ਲਏ ਤੇ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ **ਸ਼ੇਖ ਫਰੀਦ ਜੀਉ ਕੀ ਬਾਣੀ** ਤੇ **ਸਲੋਕ ਫਰੀਦ ਕੇ** ਦਾ ਸਿਰਲੇਖ ਦੇ ਕੇ ਆਦਰ ਸਹਿਤ ਅੰਕਤ ਕਰ ਦਿੱਤੇ ਤਾਂ ਉਨ੍ਹਾਂ ਦੇ ਬਚਨ ਸਾਡੇ ਲਈ ਇਸ਼ਟ ਹੀ ਬਣ ਗਏ।

ਇੱਕ ਹੋਰ ਸਾਂਝ ਵੀ ਪਾਕ ਪਟਨ ਦੀ ਸਾਡੇ ਨਾਲ ਹੈ ਜਿਸ ਦਾ ਸਾਨੂੰ ਘੱਟ ਹੀ ਗਿਆਨ ਹੈ। ਪਟਨ (ਫ਼ਰੀਦ) ਦੀ ਸੰਗਤ ਕੇ ਨਾਮ ਗੁਰੂ ਹਰਕ੍ਰਿਸ਼ਨ ਜੀ, ਗੁਰੂ ਤੇਗ਼ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਨੇ ਹੁਕਮਨਾਮੇ ਵੀ ਲਿਖੇ। ਗੁਰੂ ਹਰਕ੍ਰਿਸ਼ਨ ਜੀ ਨੇ ਉਥੋਂ ਦੇ ਸਿੱਖ ਭਾਈ ਅਣੀ ਰਾਏ ਤੇ ਸਾਰੀ ਸੰਗਤ ਨੂੰ ਲਿਖਿਆ ਕਿ "**ਧਰਮਸਾਲ ਆਂਵਦੇ ਰਹਿਣਾ, ਆਰਤੀ ਸੋਹਲਾ ਕਰਣਾ। ਗੁਰੂ ਜੀਓ ਦੀ ਖੁਸ਼ੀ ਹੈ।**"

ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ 'ਪਟਨ' ਦੀ ਸੰਗਤ ਨੂੰ **ਸ੍ਰੀ ਸਤਿਗੁਰੂ ਜੀਓ ਦਾ ਖਾਲਸਾ ਕਹਿ ਨਿਵਾਜਿਆ**। ਇੱਕ ਹੋਰ ਹੁਕਮ-ਨਾਮਾ ਵਿੱਚ ਨੌਵੇਂ ਪਾਤਸ਼ਾਹ ਉਥੋਂ ਦੇ ਹੀ ਰਹਿਣ ਵਾਲੇ ਭਾਈ ਬੱਠਾ ਜੀ ਨੂੰ ਆਪਣਾ 'ਪੁਤ' ਕਹਿੰਦੇ ਹਨ। ਫਿਰ ਕਲਗੀਧਰ ਨੇ ਹੀ ਪਟਨ ਦੀ ਸੰਗਤ ਨੂੰ ਲਿਖਿਆ ਕਿ '**ਕਿਸੇ ਮਸੰਦ ਨੂੰ ਨਹੀਂ ਮੰਨਣਾ**' ਤੇ ਵਿਸਾਖੀ ਨੂੰ ਅਨੰਦਪੁਰ ਸਾਹਿਬ ਆਉਣਾ। **ਮਾਤਾ ਸਾਹਿਬ ਦੇਵਾ** ਜੀ ਨੇ ਪਟਨ ਦੀ ਸੰਗਤ ਨੂੰ '**ਤੁਸੀਂ ਮੇਰੇ ਪੁਤ ਫਰਜ਼ੰਦੇ ਹਹੁ**', **ਕਹਿ ਕੇ ਨਿਵਾਜਿਆ**।



 www.punjabilibrary.com

ਇਥੋਂ ਇਹ ਪ੍ਰਗਟ ਹੋ ਜਾਂਦਾ ਹੈ ਕਿ ਕੈਸੇ ਡੂੰਘੇ ਸੰਬੰਧ ਪਾਕ-ਪਟਨ ਨਾਲ ਸਿੱਖਾਂ ਦੇ ਹੋ ਗਏ ਸਨ। ਪਟਨ ਨੂੰ ਹੁਕਮਨਾਮਿਆਂ ਵਿੱਚ ਫ਼ਰੀਦ ਜੀ ਦਾ ਹੀ ਕਿਹਾ ਹੈ। ਬਾਬਾ ਫ਼ਰੀਦ ਜੀ ਨੇ ਕਿਉਂਕਿ ਦਰਵੇਸ਼ੀ ਦੀ ਨਿਆਰੀ ਰੀਤ ਚਲਾਈ ਸੀ ਅਤੇ ਦਰਵੇਸ਼ੀ ਗਾਖੜੀ ਕਹੀ ਸੀ ਇਸ ਲਈ ਸਭ ਤੋਂ ਪਹਿਲਾਂ ਉਨ੍ਹਾਂ ਦੇ ਹੀ ਜੀਵਨ ਤੇ ਕੀਤੇ ਆਤਮਕ ਸਫ਼ਰ ਨੂੰ ਦੇਖਣਾ ਸਾਡੇ ਲਈ ਜ਼ਰੂਰੀ ਬਣ ਜਾਂਦਾ ਹੈ।

ਬਾਬਾ ਫ਼ਰੀਦ ਜੀ ਦਾ ਜਨਮ, ਥਾਮਸ ਵਿਲਯਮ ਬੀਐਲ ਦੀ ਖੋਜ ਅਤੇ ਇਤਿਹਾਸਕਾਰ ਹੈਨਰੀ ਜਾਰਜ ਕੀਨ ਦੇ ਲਿਖੇ ਅਨੁਸਾਰ ਸੰਨ ੧੧੭੩ (ਹਿਜਰੀ ੫੬੯) ਨੂੰ ਤੇ ਦਿਹਾਂਤ ੧੭ ਅਕਤੂਬਰ ੧੨੬੫ ਨੂੰ ੯੨ ਸਾਲ ਦੀ ਉਮਰ ਵਿਚ ਹੋਇਆ ਸੀ।

ਆਪ ਜੀ ਦੇ ਵਡੇਰਿਆਂ ਬਾਰੇ ਦਸਦੇ ਹਨ ਕਿ ਜਦ ਚੰਗੇਜ਼ ਖ਼ਾਨ ਨੇ ਗ਼ਜ਼ਨੀ ਤੇ ਹੱਲਾ ਬੋਲਿਆ ਤਾਂ ਸ਼ੇਖ਼ ਫ਼ਰੀਦ ਜੀ ਦਾ ਪੜਦਾਦਾ ਜੰਗ ਵਿਚ ਹੀ ਮਾਰਿਆ ਗਿਆ। ਗ਼ਜ਼ਨੀ ਵਿਚ ਫ਼ਰੀਦ ਜੀ ਦਾ ਦਾਦਾ, ਕਾਜ਼ੀ ਸ਼ਾਯੀਬ ਦਾ ਰਹਿਣਾ ਮੁਹਾਲ ਹੋ ਗਿਆ ਤੇ ਉਹ ਆਪਣੇ ਤਿੰਨ ਪੁੱਤਰਾਂ ਸਮੇਤ ਲਾਹੌਰ, ਸਯਦ ਅਲੀ ਹਜ਼ੀਰਵੀ, ਦਾਤਾ ਗੰਜ ਬਖ਼ਸ਼ ਦੇ ਦੁਆਰ ਤੇ ਆ ਗਏ। ਉਥੋਂ ਸ਼ਾਯੀਬ, ਕਸੂਰ ਚਲੇ ਗਏ। ਕਸੂਰ ਦੇ ਨਵਾਬ ਨੇ ਜਦ ਉਨ੍ਹਾਂ ਦਾ ਆਪਣੇ ਇਲਾਕੇ ਵਿਚ ਆਉਣਾ ਸੁਣਿਆ ਤਾਂ ਸ਼ਾਯੀਬ ਨੂੰ ਕੋਠਵਾਲ ਦਾ ਕੋਤਵਾਲ ਬਣਾ ਦਿੱਤਾ। ਉਥੇ ਹੀ ਆਪਣੇ ਇਕ ਬੇਟੇ ਜਮਾਲ-ਉੱਦ-ਦੀਨ ਸੁਲੇਮਾਨ ਦੀ ਸ਼ਾਦੀ ਕੁਰਸਮ ਨਾਂ ਦੀ ਇਕ ਨੇਕ ਔਰਤ ਨਾਲ ਕੀਤੀ। ਉਸ ਦੀ ਕੁਖੋਂ ਬਾਬਾ ਫ਼ਰੀਦ ਦਾ ਜਨਮ ਹੋਇਆ। ਜਿਸ ਦਾ ਦਾਦਾ ਦੀਨ ਦਾ ਆਲਿਮ, ਬਾਪ ਅਲਾਹ ਦੀ ਯਾਦ ਵਿਚ ਜੁੜਨ ਵਾਲਾ, ਮਾਂ ਸੱਖਤ ਪ੍ਰਹੇਜ਼ਗਾਰ ਤੇ ਜਿਸ ਦੀ ਪੀੜ੍ਹੀ ਹਜ਼ਰਤ ਉੱਮਰ ਨੂੰ ਜਾ ਛੂਹਦੀ ਹੋਵੇ ਉਸ ਵਿਚ ਦੈਵੀ ਗੁਣ ਹੋਣੇ ਕੁਦਰਤੀ ਸਨ ਪਰ ਇਹ ਨਹੀਂ ਭੁਲਣਾ ਚਾਹੀਦਾ ਕਿ ਸਫ਼ਰ ਤਾਂ ਹਰ ਇਕ ਨੇ ਆਪ ਹੀ ਕਰਨਾ ਹੈ। ਨਿਰੋਲ ਇਕ ਹੀ ਲਾਭ ਹੁੰਦਾ ਹੈ ਰਾਹ ਟੁਰਨ ਵਾਲਿਆਂ ਨੂੰ ਕਿ ਨਿਸ਼ਾਨਦੇਹੀ ਹੋਈ ਹੁੰਦੀ ਹੈ। ਰਸਤੇ ਦੀਆਂ ਦੁਸ਼ਵਾਰੀਆਂ ਉਹੋ ਹੀ ਹੁੰਦੀਆਂ ਹਨ ਤੇ ਲੰਮਾ ਵੀ ਉਤਨਾ ਹੀ ਰਹਿੰਦਾ ਹੈ, ਕਟਿਆ ਭਾਵੇਂ ਸਹਿਲਾ ਜਾਏ। ਕਹਿੰਦੇ ਹਨ ਕਿ ਦੁਨੀਆਂ ਵਿਚ ਕੁਲ ਢਾਈ ਮਾਵਾਂ ਹਨ। ਇਕ ਬਾਬਾ ਫ਼ਰੀਦ ਦੀ, ਦੂਜੇ ਧ੍ਰੂ ਦੀ ਅਤੇ ਅੱਧੀ ਗੋਪੀ ਚੰਦ ਦੀ। ਕਿਉਂਕਿ ਗੋਪੀ ਚੰਦ ਦੀ ਮਾਂ ਬੇਟੇ ਨੂੰ ਪ੍ਰਭੂ ਪਾਸੇ ਲਗਾ, ਪਿਛੋਂ ਵਿਛੋੜੇ ਵਿਚ ਰੁਦਨ ਕਰਨ ਲਗ ਪਈ ਸੀ।

ਸੱਚਮੁਚ ਨਹੀਂ ਮਿਲੇਗੀ ਬਾਬਾ ਫ਼ਰੀਦ ਵਰਗੀ ਮਾਂ। ਫ਼ਰੀਦ ਦੀ ਮਾਂ ਗੋਦ ਵਿਚ ਲਈ ਫ਼ਰੀਦ ਨੂੰ ਲੋਰੀਆਂ ਕੁਰਾਨ ਦੀਆਂ



 www.punjabilibrary.com

ਆਇਤਾਂ ਪੜ੍ਹ ਕੇ ਦੇਂਦੀ ਸੀ ਤੇ ਫਿਰ ਹਦੀਸਾਂ ਦੀਆਂ ਕਥਾਵਾਂ ਸੁਣਾਂਦੀ ਰਹਿੰਦੀ। ਨਮਾਜ਼ ਵਿੱਚ ਬੱਚੇ ਦਾ ਦਿਲ ਲੱਗਾ ਰਹੇ, ਮਾਂ ਰੋਜ਼ ਮੁਸੱਲੇ (ਚਟਾਈ) ਹੇਠਾਂ ਸ਼ੱਕਰ ਰੱਖ ਦੇਂਦੀ। ਇਕ ਦਿਨ ਨਮਾਜ਼ ਦੇ ਸਮੇਂ ਮਾਂ ਸ਼ੱਕਰ ਰੱਖਣਾ ਭੁੱਲ ਗਈ ਪਰ ਜਦ ਸਫ਼ ਹੇਠਾਂ ਹੱਥ ਮਾਰ ਸ਼ੱਕਰ ਦੇ ਬਹਾਨੇ ਫ਼ਰੀਦ ਨੇ ਮਿੱਟੀ ਮੂੰਹ ਪਾਈ ਤਾਂ ਉਹ ਮਿੱਠੀ। ਉਸ ਦਿਨ ਫ਼ਰੀਦ ਨੂੰ ਰਸ ਵੀ ਅਜਿਹਾ ਆਇਆ ਕਿ ਹੋਰ ਸਾਰੇ ਸਵਾਦ ਵਿਸਰ ਗਏ। ਤਾਂ ਹੀ ਤਾਂ ਬਾਬਾ ਜੀ ਨੇ ਉਚਾਰਿਆ ਸੀ :

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ।
ਸਭੇ ਵਸਤੂ ਮਿਠੀਆਂ, ਰਬ ਨ ਪੁਜਨਿ ਤੁਧੁ। ੨੭।

ਪੰਜ ਸਾਲ ਦੇ ਹੋਏ ਤਾਂ ਫ਼ਰੀਦ ਜੀ ਨੂੰ ਮਦਰੱਸੇ ਪਾਇਆ ਗਿਆ। ਹਾਫ਼ਜ਼ਾ ਬੜਾ ਤੇਜ਼ ਸੀ। ਗਿਆਰਾਂ ਸਾਲ ਦੀ ਉਮਰ ਵਿਚ ਸਾਰਾ ਕੁਰਾਨ ਕੰਠ ਕਰ ਲਿਆ। ਇਸੇ ਸਾਲ ਮਾਂ ਨਾਲ ਹੱਜ ਕਰਨ ਮੱਕਾ ਗਏ। ਉਥੋਂ ਮੁੜਦੇ ਮਾਂ ਨੇ ਹੋਰ ਤਾਲੀਮ ਦਿਲਵਾਉਣ ਲਈ ਮੁਲਤਾਨ ਭੇਜਿਆ। ਮੁਲਤਾਨ ਪ੍ਰਸਿੱਧ ਸੀ ਫ਼ਕੀਰਾਂ ਅਤੇ ਇਲਮ-ਦੋਸਤਾਂ ਕਰ ਕੇ। ਚਾਰ ਸਾਲ ਉੱਥੇ ਵਿਦਿਆ ਪਾਈ। ਜਿਸ ਵਿਦਿਆ ਨੇ ਦੁਨੀਆਂ ਬਦਲਣੀ ਸੀ, ਉਸ ਦੀ ਚਿੰਗਾਰੀ ਅਜੇ ਭੜਕੀ ਨਹੀਂ ਸੀ।

ਦੈਵ ਨੇਤ ਸਮੇਂ ਦੇ ਪ੍ਰਸਿੱਧ ਬਜ਼ੁਰਗ ਜਲਾਲ-ਉੱਦ-ਦੀਨ ਤਬਰੇਜ਼ੀ (ਪ੍ਰਸਿੱਧ ਉਹ ਮੌਲਾਨਾ ਰੂਮੀ ਦੇ ਨਾਂ ਨਾਲ ਹਨ ਪਰ ਕਿਉਂਕਿ ਇਨ੍ਹਾਂ ਆਪਣਾ ਦੀਵਾਨ ਤੇ ਮਸਨਵੀ ਆਪਣੇ ਨਾਂ ਨਾਲ ਲਿਖ ਕੇ ਆਪਣੇ ਮੁਰਸ਼ਦ ਸ਼ੱਮਸ ਤਬਰੇਜ਼ ਦੇ ਨਾਂ ਹੇਠ ਪ੍ਰਚਲਤ ਕੀਤਾ ਸੀ ਸੋ ਲੋਕ ਤਬਰੇਜ਼ੀ ਹੀ ਕਹਿੰਦੇ ਹਨ) ਮੁਲਤਾਨ ਆਏ। ਬੇਸ਼ੁਮਾਰ ਲੋਕ ਉਨ੍ਹਾਂ ਦੇ ਦਰਸ਼ਨਾਂ ਨੂੰ ਆਏ। ਬਾਬਾ ਫ਼ਰੀਦ ਜੀ ਵੀ ਉਨ੍ਹਾਂ ਵਿਚੋਂ ਇਕ ਸਨ। ਜਲਾਲ-ਉੱਦ-ਦੀਨ ਦੀ ਨਿਗਾਹ ਫ਼ਰੀਦ ਤੇ ਆ ਟਿਕੀ। ਫ਼ਰੀਦ ਵੱਲ ਇਕ ਅਨਾਰ ਵਧਾ ਤਬਰੇਜ਼ੀ ਕਹਿਣ ਲੱਗੇ : "ਲੋਕਾਂ ਵਿਚ ਵੰਡ ਦਿਓ।" ਦਾਣੇ ਵੰਡਦੇ ਪਏ ਸਨ ਕਿ ਅਨਾਰ ਦਾ ਇਕ ਦਾਣਾ ਜ਼ਮੀਨ ਤੇ ਡਿੱਗ ਪਿਆ ਅਤੇ ਮਿੱਟੀ ਵਿਚ ਲਿੱਬੜ ਗਿਆ। ਉਨ੍ਹਾਂ ਉਵੇਂ ਹੀ ਚੁੱਕ ਮੂੰਹ ਵਿਚ ਪਾ ਲਿਆ। ਮੂੰਹ ਵਿਚ ਪਾਂਵਦਿਆਂ ਹੀ ਮਹਿਸੂਸ ਹੋਇਆ ਕਿ ਦਿਲ-ਦਿਮਾਗ਼ ਦੋਵੇਂ ਰੌਸ਼ਨ ਹੋ ਗਏ ਹਨ। ਮਾਰਫ਼ਤ ਦੀ ਇਹ ਪਹਿਲੀ ਚਿਣਗ ਸੀ, ਜੋ ਉਨ੍ਹਾਂ ਦੇ ਹਿਰਦੇ ਸੁਲਗੀ। ਇਹ ਹੀ ਫਿਰ ਸ਼ੋਅਲਾ ਬਣੀ। ਮੌਲਾਨਾ ਰੂਮੀ ਨੇ ਪਾਸ ਬੁਲਾ ਇਹ ਬਚਨ ਵੀ ਕਹੇ :

**ਫ਼ਰੀਦ ! ਸਾਬਰਾਂ ਦੇ ਰਾਹ ਹੋ।**


www.punjabilibrary.com

ਆਉਣ ਵਾਲਾ ਅਜੇ ਨਹੀਂ ਆਇਆ
ਪਰ ਉਮੀਦ ਰਖ ਕਿ ਇਕ ਦਿਨ ਜ਼ਰੂਰ ਆਏਗਾ ।
ਉਡੀਕ ਦੀਆਂ ਘੜੀਆਂ ਲੰਮੀਆਂ ਜ਼ਰੂਰ ਹੁੰਦੀਆਂ ਹਨ ਪਰ
ਹਰ ਰਾਤ ਪਿਛੋਂ ਪ੍ਰਭਾਤ ਹੁੰਦੀ ਹੈ ।

ਫ਼ਰੀਦ ਜੀ ਨੂੰ ਕੁਝ ਸਮਝ ਨਾ ਆਈ ਇਨ੍ਹਾਂ ਸ਼ਬਦਾਂ ਦੀ ਪਰ ਉਹ ਇੰਝ ਮਹਿਸੂਸ ਕਰਦੇ ਕਿ ਕੁਝ ਵਾਪਰ ਰਿਹਾ ਹੈ ਤੇ ਕੁਝ ਹੋਣ ਵਾਲਾ ਹੈ । ਇਨ੍ਹਾਂ ਦਿਨਾਂ ਵਿਚ ਹੀ ਖ਼ਵਾਜਾ ਕੁਤਬ-ਉੱਦ-ਦੀਨ ਬਖ਼ਤਿਆਰ ਕਾਕੀ (ਦਿਹਾਂਤ ੨੭ ਨਵੰਬਰ, ੧੨੩੫) ਚਿਸ਼ਤੀ ਸਿਲਸਿਲੇ ਵਾਲੇ ਮੁਲਤਾਨ ਆਏ ਅਤੇ ਉਸ ਮਸੀਤ ਨਮਾਜ਼ ਪੜ੍ਹਨ ਚਲੇ ਗਏ ਜਿਥੇ ਫ਼ਰੀਦ ਜੀ ਵਿਦਿਆ ਪ੍ਰਾਪਤ ਕਰ ਰਹੇ ਸਨ । ਬੜੇ ਪਿਆਰ ਨਾਲ ਫ਼ਰੀਦ ਨੂੰ ਪੁੱਛਿਆ : ਕੀ ਪਏ ਪੜ੍ਹਦੇ ਹੋ ? ਫ਼ਰੀਦ ਜੀ ਨੇ ਸਿਰ ਝੁਕਾਏ ਹੀ ਕਿਹਾ : ਅਲ ਨਾਫਅ । ਜਦ ਸਿਰ ਉੱਚਾ ਕਰ ਕੇ ਤੱਕਿਆ ਤਾਂ ਤੱਕਦੇ ਹੀ ਰਹਿ ਗਏ । ਖ਼ਵਾਜਾ ਨੇ ਕਿਹਾ : "ਇਹ ਕਿਤਾਬ ਤੈਨੂੰ ਕੀ ਕੋਈ ਲਾਭ ਪਹੁੰਚਾ ਸਕਦੀ ਹੈ ?" "ਜੇ ਨਹੀਂ ਪਹੁੰਚਾ ਸਕਦੀ ਤਾਂ ਕਿਸ ਚੀਜ਼ ਦਾ ਮੁਤਾਲਯਾ ਕਰਾਂ," ਫ਼ਰੀਦ ਜੀ ਨੇ ਪੁੱਛ ਪਾਈ । ਇਹ ਸੁਣ ਕੇ ਬਖ਼ਤਿਆਰ ਕਾਕੀ ਕਹਿਣ ਲਗੇ : ਕੁਝ ਦਿਨ ਹੋਰ ਇਲਮ ਹਾਸਲ ਕਰ ਲੈ, ਬਾਬਾ । ਫਿਰ ਦਿੱਲੀ ਆ ਜਾਈਂ ।

ਕੁਤਬ-ਉੱਦ-ਦੀਨ ਦਾ **ਬਾਬਾ** ਕਹਿਣਾ ਸੀ ਕਿ ਨਾਂ ਨਾਲ ਬਾਬਾ ਪੱਕੇ ਤੌਰ ਤੇ ਜੁੜ ਗਿਆ । ਫ਼ਰੀਦ ਜੀ ਵੀ ਕਾਕੀ ਨੂੰ ਦੂਰ ਤੱਕ ਛਡਣ ਗਏ ਅਤੇ ਵਿਛੜਨਾ ਨਹੀਂ ਲੋੜਦੇ ਸਨ ਪਰ ਖ਼ਵਾਜਾ ਸਾਹਿਬ ਨੇ ਫਿਰ ਕਿਹਾ :

> ਬਾਬਾ ! ਸਬਰ ਰੱਖ । ਅਲਾਹ ਦੇ ਰਾਹ ਵਿਚ ਸਬਰ ਹੀ ਪਹਿਲੀ ਤੇ ਆਖ਼ਰੀ ਮੰਜ਼ਲ ਹੈ ।

ਇਸੇ ਸਬਰ ਬਾਰੇ ਬਾਬਾ ਫ਼ਰੀਦ ਜੀ ਨੇ ਆਪਣੀ ਬਾਣੀ ਵਿਚ ਪਿੱਛੋਂ ਜਾ ਕੇ ਉਚਾਰਿਆ ਕਿ ਜੇ ਸਬਰ ਦਾ ਕਮਾਨ ਹੋਵੇ, ਸਬਰ ਦਾ ਹੀ ਚਿੱਲਾ ਚੜ੍ਹਾਇਆ ਜਾਵੇ ਤੇ ਸਬਰ ਦਾ ਤੀਰ ਹੀ ਚਲਾਇਆ ਜਾਏ ਤਾਂ ਅਲਾਹ ਨਿਸ਼ਾਨਾ ਚੂਕਣ ਹੀ ਨਹੀਂ ਦੇਂਦਾ ।

ਸਬਰ ਮੰਝ ਕਮਾਣ ਏ, ਸਬਰੁ ਕਾ ਨੀਹਣੋ ॥
ਸਬਰ ਸੰਦਾ ਬਾਣੁ, ਖਾਲਕੁ ਖਤਾ ਨ ਕਰੀ ॥੧੧੫॥

ਸਬਰ ਦੇਵਤਿਆਂ ਦੀ ਖੁਰਾਕ ਹੈ ।

'ਸਬਰ ਤੋਸਾ ਮਲਾਇਕਾ,
ਦੀਦਾਰ ਪੂਰੇ ਪਾਇਸਾ

ਥਾਉਂ ਨਾਹੀ ਖਾਇਕਾ,'

ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ।

ਕਿਤਨਾ ਸਬਰ ਤੇ ਜਿਗੈਰਾ ਪਾ ਲਿਆ ਸੀ ਫ਼ਰੀਦ ਜੀ ਨੇ, ਉਸ ਦੀ ਵਾਰਤਾ ਕਰਦੇ ਹਨ ਕਿ ਆਪ ਜੀ ਦੀ ਭੈਣ ਨੇ ਆਪਣੇ ਲੜਕੇ, ਮਖ਼ਦੂਮ ਅਲੀ ਅਹਿਮਦ, ਸਾਬਰ ਕਲੇਰੀ, ਜੋ ਇਕ ਪੁੱਜਾ ਹੋਇਆ ਪੁਰਸ਼ ਸੀ, ਲਈ ਫ਼ਰੀਦ ਕੋਲੋਂ ਉਨ੍ਹਾਂ ਦੀ ਲੜਕੀ ਦਾ ਹੱਥ ਮੰਗਿਆ। ਮਖ਼ਦੂਮ ਨੇ ਬਹੁਤੇਰਾ ਕਿਹਾ ਮਾਂ ਨੂੰ ਕਿ ਉਸ ਦੀ ਰੁਚੀ ਸ਼ਾਦੀ ਵਿਚ ਨਹੀਂ ਪਰ ਮਾਂ ਕਿਥੋਂ ਮੰਨਣ ਵਾਲੀ ਸੀ। ਜਦ ਸੁਹਾਗ ਰਾਤ ਨੂੰ ਲਾਲ ਕਪੜਿਆਂ ਵਿਚ ਬਹੂ ਮਖ਼ਦੂਮ ਦੇ ਸਾਹਮਣੇ ਆਈ ਤਾਂ ਉਨ੍ਹਾਂ ਅੱਖ ਭਰ ਤੱਕਿਆ ਤਾਂ ਉਹ ਜਲ ਰਾਖ ਹੋ ਗਈ।

ਜਦ ਫ਼ਰੀਦ ਜੀ ਨੂੰ ਖ਼ਬਰ ਭੇਜੀ ਤਾਂ ਉਹ ਪੁੱਜੇ ਤੇ ਸਾਰੀ ਘਟਨਾ ਸੁਣ ਦੇਖ ਸਿਰਫ਼ ਇਤਨਾ ਕਿਹਾ :

> ਕਿਸੇ ਦਾ ਕਸੂਰ ਨਹੀਂ, ਭੈਣ।
> ਮੈਂ ਤੈਨੂੰ ਪਹਿਲਾਂ ਵੀ ਕਿਹਾ ਸੀ ਕਿ ਅਲੀ ਅਹਿਮਦ ਕਿਸੇ ਹੋਰ ਮੰਜ਼ਲ ਦਾ ਰਾਹੀ ਹੈ। ਉਸ ਦੇ ਰਾਹ ਵਿਚ ਰੋੜਾ ਅਟਕਾਉਣ ਵਾਲਾ ਪੱਥਰ, ਰਾਖ ਹੋ ਜਾਏਗਾ। ਤੂੰ ਕਿਉਂਕਿ ਨਿਹੋਰੇ ਨਾਲ ਕਿਹਾ ਸੀ, ਇਸ ਲਈ ਮੈਂ ਤੈਨੂੰ ਨਾਂਹ ਨਾ ਕਰ ਸਕਿਆ! ਸ਼ੁਕਰ ਹੈ, ਮੈਂ ਤੇਰੀ ਨਜ਼ਰ ਵਿਚ ਸੁਰਖ਼ਰੂ ਹੋਇਆ ਹਾਂ ਅਤੇ ਮੇਰੀ ਬੇਟੀ ਵੀ ਸਾਬਤ ਕਦਮ ਅਲਾਹ ਦੇ ਦਰਬਾਰ ਪੁੱਜੀ ਹੈ।

''ਅਲ-ਨਾਫਯ'' ਦੀ ਪੁਸਤਕ ਮੁਕਾ, ਮਾਂ ਪਾਸ ਕੋਠਵਾਲ (ਕਸੂਰ) ਗਏ ਤੇ ਸਾਰਾ ਹਾਲ ਮਾਂ ਨੂੰ ਦੱਸਿਆ। ਸਿਆਣੀ ਮਾਂ ਨੇ ਕਿਹਾ :

> 'ਬੇਟਾ! ਖ਼ਵਾਜਾ ਬਖਤਿਆਰ ਕਾਕੀ ਇਲਮ ਤੇ ਮਾਰਫ਼ਤ ਦਾ ਸਮੁੰਦਰ ਹਨ। ਉਨ੍ਹਾਂ ਦੇ ਕਹੇ ਕੱਥਨਾਂ ਨੂੰ ਸੂਝ ਦੇ ਘੇਰੇ ਵਿਚ ਲਿਆਉਣਾ ਬੜਾ ਕਠਨ ਹੈ। ਪਹਿਲਾਂ ਇਤਨਾ ਇਲਮ ਹਾਸਲ ਕਰ ਲੈ ਕਿ ਉਸ ਸਮੁੰਦਰ ਦੀਆਂ ਮੌਜਾਂ ਬਰਦਾਸ਼ਤ ਕਰ ਸਕੇਂ, ਫਿਰ ਦਿੱਲੀ ਦਾ ਰੁਖ਼ ਕਰੀਂ। ਹੋਰ ਵਿਦਿਆ ਪ੍ਰਾਪਤ ਕਰਨ ਲਈ ਇਲਮ ਦੇ ਕੇਂਦਰ ਕੰਧਾਰ ਵੱਲ ਜਾ।'

ਮਾਂ ਦੀ ਅਸੀਸ ਲੈ ਫ਼ਰੀਦ ਜੀ ਕੰਧਾਰ ਵੱਲ ਚੱਲ ਪਏ।

ਕੰਧਾਰ ਵਿਖੇ ਸਯਦ ਅਹਿਮਦ ਬੁਖ਼ਾਰੀ ਨੇ ਇਲਮ ਤੇ ਫ਼ੱਜ਼ਲ ਦੇ ਚਰਾਗ਼ ਰੌਸ਼ਨ ਕਰ ਰਖੇ ਸਨ। ਸਯਦ ਬੁਖ਼ਾਰੀ ਨੇ ਪਹਿਲੀ

ਨਜ਼ਰੇ ਹੀ ਪਛਾਣ ਲਿਆ ਕਿ ਇਹ ਕੋਈ ਮਾਮੂਲੀ ਜਿਹਾ ਵਿਦਿਆਰਥੀ ਨਹੀਂ ਹੈ। ਫ਼ਰੀਦ ਜੀ ਨੇ ਆਉਂਦਿਆਂ ਬੁਖ਼ਾਰੀ ਨੂੰ ਕਿਹਾ ਸੀ :

ਮੈਨੂੰ ਆਪਣੇ ਨੂਰ ਦੀ ਝਲਕ ਦਿਓ,
ਬੜੀ ਦੂਰ ਤੋਂ ਟੁਰ ਕੇ ਆਇਆ ਹਾਂ।

ਸਯਦ ਸਾਹਿਬ ਨੇ ਵੀ ਕੁਝ ਛੁਪਾ ਕੇ ਨਾ ਰੱਖਿਆ। ਸਖੀ ਵਾਂਗ ਸਰਮਾਇਆ-ਇ-ਇਲਮ ਫ਼ਰੀਦ ਜੀ ਤੋਂ ਨਿਛਾਵਰ ਕਰ ਦਿੱਤਾ। ਕਿਤਨਾ ਕੁਝ ਦਿੱਤਾ ਹੋਵੇਗਾ ਫ਼ਰੀਦ ਨੂੰ ਕਿ ਉਸ ਦਾ ਅੰਦਾਜ਼ਾ ਇਥੋਂ ਹੁੰਦਾ ਹੈ ਕਿ ਜਦ ਵੀ ਸਯਦ ਬੁਖ਼ਾਰੀ ਦਾ ਨਾਂ ਫ਼ਰੀਦ ਜੀ ਕਦੇ ਜ਼ੁਬਾਨ ਤੇ ਲਿਆਂਦੇ ਤਾਂ ਅੱਖਾਂ ਭਰ ਆਉਂਦੀਆਂ ਤੇ ਮੁਹੱਬਤ ਤੇ ਅਕੀਦਤ ਦਾ ਦਰਿਆ ਵਹਿ ਤੁਰਦਾ। ਫਿਰ ਕਹਿੰਦੇ : ਸਯਦ ਸਾਹਿਬ ਨੇ ਮੇਰੇ ਤੇ ਕਿਤਨੇ ਅਹਿਸਾਨ ਕੀਤੇ ਹਨ। ਜੋ ਕੁਝ ਦੇਖ ਰਹੇ ਹੋ ਉਸ ਵਿਚ ਬਹੁਤਾ ਹਿੱਸਾ ਉਨ੍ਹਾਂ ਦਾ ਹੀ ਬਖ਼ਸ਼ਿਆ ਹੋਇਆ ਹੈ। ਜੋ ਕੰਧਾਰ ਵਿਚ ਉਨ੍ਹਾਂ ਪਾਸ ਬੈਠ ਇਲਮ ਦੀ ਲੱਜ਼ਤ ਮਿਲੀ ਉਹ ਤਨ ਮਨ ਦਾ ਹਿੱਸਾ ਬਣ ਗਈ ਹੈ।

ਉਥੋਂ ਮਾਂ ਪਾਸ ਫਿਰ ਕੋਠਵਾਲ ਆਏ ਤੇ ਹੁਣ ਦਿੱਲੀ ਜਾਣ ਦਾ ਇਰਾਦਾ ਦਸਿਆ। ਸੁਘੜ ਮਾਂ ਨੇ ਫਿਰ ਕਿਹਾ :

'ਬੇਟੇ ! ਅਜੇ ਤਾਂ ਇਕ ਪੈਂਡਾ ਕੀਤਾ ਹੈ। ਇਸ ਤਰ੍ਹਾਂ ਮੁਰਸ਼ਦ ਪਾਸ ਜਾਣਾ ਠੀਕ ਨਹੀਂ ਲਗਦਾ।
ਮੁਰਸ਼ਦ ਕੋਈ ਗਾਫ਼ਲ ਨਹੀਂ। ਤੈਨੂੰ ਦੂਰੀ ਦੇ ਬਾਵਜੂਦ ਹਜ਼ੂਰੀ ਹਾਸਲ ਹੈ। ਮੁਰਸ਼ਦ ਪਾਸ ਜਾਣ ਤੋਂ ਪਹਿਲਾਂ ਆਪਣਾ ਪੱਲਾ ਹੋਰ ਫੈਲਾਅ ਲੈ ਤਾਂ ਕਿ ਬਰਕਤਾਂ ਪੈਣ ਵੇਲੇ ਨਿੱਕਾ ਨਾਂਹ ਪੈ ਜਾਏ।'

ਮਾਂ ਦੀਆਂ ਗੱਲਾਂ ਸੁਣ ਕੇ ਦਿੱਲੀ ਜਾਣ ਦਾ ਇਰਾਦਾ ਤਾਂ ਛੱਡ ਦਿੱਤਾ ਪਰ ਹੁਣ ਬਗ਼ਦਾਦ ਵੱਲ ਚਲ ਪਏ।

ਆਪ ਜੀ ਦੀ ਆਯੂ ਪੰਜੀ ਸਾਲ ਦੀ ਹੋ ਗਈ ਸੀ। ਭਾਵੇਂ ਬਗ਼ਦਾਦ ਸ਼ੇਖ਼ ਸ਼ਹਾਬ-ਉੱਦ-ਦੀਨ ਸੁਹਰਾਵਰਦੀ (ਜਨਮ, ਜਨਵਰੀ, ੧੧੪੫ ਤੇ ਦਿਹਾਂਤ ਸਤੰਬਰ ੨੬, ੧੨੩੪) ਪਾਸ ਜਾਣਾ ਲੋੜਦੇ ਸਨ ਪਰ ਰਾਹ ਵਿਚ ਬੁਖਾਰਾ ਵਿਖੇ ਇਕ ਪ੍ਰਉਂਜੇ ਫ਼ਕੀਰ ਅਜ਼ਲ ਸ਼ੇਰਾਜ਼ੀ ਕੋਲੋਂ ਅਸੀਸਾਂ ਲੈਣ ਦੀ ਇੱਛਾ ਜਾਗੀ। ਜਦ ਉਥੇ ਪੁੱਜੇ ਤਾਂ ਸ਼ੇਰਾਜ਼ੀ ਨੇ ਦੇਖਦੇ ਹੀ : 'ਨੇਕ ਆਦਮੀ, ਨੇਕ ਆਦਮੀ,' ਉੱਚੀ ਸੁਣਾ ਕਿਹਾ। ਕੁਝ ਦਿਨ ਸ਼ੇਰਾਜ਼ੀ ਦੀ ਚਰਨ ਬੋਸੀ ਕੀਤੀ। ਦੇਖ ਹੈਰਾਨ ਹੋਏ ਕਿ ਕੋਈ ਵੀ ਉਨ੍ਹਾਂ ਪਾਸ ਆਇਆ ਬਰਕਤਾਂ ਨਾਲ ਝੋਲੀਆਂ



 www.punjabilibrary.com

ਭਰ ਕੇ ਹੀ ਲੈ ਗਿਆ। ਅਜ਼ਲ ਸ਼ੇਰਾਜ਼ੀ ਕਹਿੰਦੇ ਹੁੰਦੇ ਸਨ :

ਫ਼ਕੀਰ ਨੂੰ ਦੁਨੀਆਂ ਨਾਲ ਵਾਸਤਾ ਨਹੀਂ ਰੱਖਣਾ ਚਾਹੀਦਾ ਤੇ ਅਮੀਰਾਂ ਨਾਲ ਮਿਲਣਾ ਤਾਂ ਹਰਾਮ ਹੈ।

ਬੁਖ਼ਾਰਾ ਵਿਖੇ ਇਕ ਐਸੇ ਫ਼ਕੀਰ ਦੇ ਦਰਸ਼ਨ ਹੋਏ ਜੋ ੬੦ ਸਾਲ ਤੋਂ ਇਕ ਕੰਦਰ ਵਿਚ ਬੈਠਾ ਤਪੱਸਿਆ ਕਰ ਰਿਹਾ ਸੀ ਤੇ ਕਿਤਨੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਵੇ ਇਹ ਹੀ ਕਹਿੰਦਾ :

**ਜੇ ਦੋਸਤ ਦੀ ਇਹ ਹੀ ਮਰਜ਼ੀ ਠਹਿਰੀ ਹੈ ਤਾਂ ਉਹ ਖਿੜੇ ਮੱਥੇ ਕਿਉਂ ਨਾ ਝੱਲੇ ?**

ਬਗ਼ਦਾਦ ਵਿਖੇ ਸੁਹਰਾਵਰਦੀ ਨੇ ਇਲਮ ਦਾ ਦਰਬਾਰ ਸਜਾ ਰਖਿਆ ਸੀ। ਸ਼ੇਖ ਸਾਹਿਬ ਆਪ ਇਕ ਖੁੱਲ੍ਹੀ ਕਿਤਾਬ ਹੀ ਸਨ। ਹੋਰ ਵੀ, ਜਲਾਲ-ਉੱਦੀਨ-ਤਬਰੇਜ਼ੀ, ਵਹੀਉੱਦ-ਦੀਨ ਕਿਰਮਾਨੀ, ਬਹਾ-ਉੱਦ-ਦੀਨ ਸੁਹਰਾਵਰਦੀ ਤੇ ਬਰਹਾਨ-ਉੱਦ-ਦੀਨ ਸੀਸਤਾਨੀ ਵਰਗੇ ਆਲਮ ਉਥੇ ਸਨ। ਸ਼ਹਾਬ-ਉੱਦ-ਦੀਨ ਨੇ ਆਪੂੰ ਫ਼ਰੀਦ ਜੀ ਨੂੰ ਪੁਸਤਕ ਅਵਾਰਫ਼-ਉਲ-ਮਾਅਰਫ਼ ਜਿਸ ਨੂੰ ਹਕੀਕ ਵੀ ਕਹਿੰਦੇ ਹਨ, ਦੇ ਕੇ ਇਕ ਹਿੱਸੇ ਦਾ ਨਚੋੜ ਸਮਝਾਇਆ। ਸ਼ਹਾਬ-ਉੱਦ-ਦੀਨ ਕਿਹਾ ਕਰਦੇ ਸਨ ਕਿ **ਦਰਵੇਸ਼ੀ ਖ਼ੁਦ-ਫ਼ਰੋਸ਼ੀ ਦਾ ਨਾਂ ਹੈ। ਜੋ ਆਪਣੀ ਜ਼ਾਤ ਨੂੰ ਨਹੀਂ ਪੁੱਜ ਸਕਦਾ, ਉਹ ਫ਼ਕੀਰੀ ਦੇ ਨੇੜੇ ਕਿਵੇਂ ਜਾਏਗਾ।** ਮੁਰੀਦ ਜਦ ਤੱਕ ਦੁਨੀਆਂ ਦੀ ਹਰ ਸ਼ੈ ਤੋਂ ਪਾਕ ਨਾਂਹ ਹੋ ਜਾਏ ਉਸ ਸਮੇਂ ਤੱਕ ਮੁਰੀਦ ਬਣਨ ਯੋਗ ਨਹੀਂ। ਬੜਾ ਗੁੱਸਾ ਕਰਦੇ ਉਹਨਾਂ ਫ਼ਕੀਰਾਂ ਤੇ ਜੋ ਡੇਰੇ ਦੇ ਨਾਮ ਤੇ ਰੋਜ਼ੀ ਕਮਾਂਦੇ ਫਿਰਦੇ ਸਨ।

ਬਗ਼ਦਾਦ ਵਿਖੇ ਹੀ ਕਿਰਮਾਨੀ ਦੇ ਦਰਸ਼ਨ ਹੋਏ ਸਨ। ਫ਼ਰੀਦ ਜੀ ਉਸ ਪਾਸ ਸੀਸਤਨ ਵੀ ਗਏ।

ਉਥੋਂ ਬਦਖਸ਼ਾਂ ਗਏ ਕਿਉਂਕਿ ਪਤਾ ਲੱਗਾ ਸੀ ਕਿ ਹਜ਼ਰਤ ਜ਼ੂਲ-ਉਲ-ਨੂਨ ਜਿਨ੍ਹਾਂ ਦੇ ਜਨਾਜ਼ੇ ਤੇ ਪੰਛੀਆਂ ਝੁੰਡ ਬਣਾ ਕੇ ਛਾਂ ਕੀਤੀ ਸੀ, ਦੇ ਪੋਤਰੇ ਸ਼ੇਖ ਅਬਦੁਲ ਵਾਹਦ ਇਕ ਗ਼ਾਰ ਵਿਚ ਤਪੱਸਿਆ ਕਰ ਰਹੇ ਸਨ। ਅਬਦੁਲ ਵਾਹਦ ਕਿਸੇ ਨੂੰ ਨੇੜੇ ਨਹੀਂ ਸੀ ਫੜਕਣ ਦੇਂਦਾ ਪਰ ਫ਼ਰੀਦ ਜੀ ਜੁਰਅਤਿ ਕਰ ਕੇ ਗ਼ਾਰ ਤੱਕ ਪੁੱਜ ਹੀ ਗਏ ਪਰ ਵਾਹਦ ਨੇ ਤਕਿਆ ਤੱਕ ਨਾਂਹ। ਫ਼ਰੀਦ ਜੀ ਨੇ ਇਤਨਾ ਜ਼ਰੂਰ ਡਿੱਠਾ ਕਿ ਅਬਦੁਲ ਵਾਹਦ ਇਕ ਟੰਗ ਤੇ ਖੜ੍ਹੇ ਹਨ। ਤਿੰਨ ਦਿਨ ਲਗਾਤਾਰ ਜਾਂਦੇ ਰਹੇ ਤਾਂ ਵਾਹਦ ਨੇ ਅੱਖ ਖੋਲ੍ਹੀ ਤੇ ਕਿਹਾ :

**ਮੇਰੇ ਨਜ਼ਦੀਕ ਨਾ ਆਵੀਂ, ਜਲ ਜਾਏਂਗਾ। ਦੂਰ ਵੀ ਨਾ ਜਾਈਂ, ਜਾਦੂ ਛਾ ਜਾਏਗਾ।**


www.punjabilibrary.com

ਇਤਨਾ ਕਹਿ ਕੇ ਵਾਹਦ ਫਿਰ ਸਮਾਧੀ ਵਿਚ ਗੜੂੰਦ ਹੋ ਗਏ। ਤਿੰਨ ਦਿਨ ਤੇ ਤਿੰਨ ਰਾਤਾਂ ਫ਼ਰੀਦ ਜੀ ਉਥੇ ਹੀ ਬੈਠੇ ਰਹੇ। ਚੌਥੇ ਦਿਨ ਅਬਦੁਲ ਵਾਹਦ ਨੇ ਅੱਖਾਂ ਖੋਲ੍ਹ ਕਿਹਾ : ਫ਼ਰੀਦ, ਕੀ ਜਾਣਨਾ ਚਾਹੁੰਦਾ ਹੈਂ ?

ਨਿਮਰਤਾ ਸਹਿਤ ਫ਼ਰੀਦ ਨੇ ਕਿਹਾ : ਕੁਝ ਆਪਣਾ ਹਾਲ ਦੱਸੋ।

ਕਹਿਣ ਲੱਗੇ : ਕੀ ਦੱਸਾਂ ਫ਼ਰੀਦ, ਸੱਤਰ ਸਾਲ ਤੋਂ ਇਸ ਗ਼ਾਰ ਵਿਚ ਪਿਆ ਹਾਂ। ਇਕ ਵਾਰ ਇਕ ਔਰਤ ਦਾ ਇਧਰੋਂ ਗੁਜ਼ਰ ਹੋਇਆ। ਮੇਰੀ ਨਿਗਾਹ ਬਹਿਕ ਗਈ। ਉਸ ਲਈ ਚਾਹ ਉੱਠੀ। ਕਦਮ ਚੁਕਿਆ ਤਾਂ ਆਵਾਜ਼ ਆਈ ਕਿ ਵਹਿਦਾ ਭੁਲ ਗਿਉਂ। ਤੂੰ ਤਾਂ ਕਿਹਾ ਸੀ ਕਿ ਸਾਡੇ ਸਿਵਾ ਹੋਰ ਕਿਸੇ ਵੱਲ ਤਕਾਂਗਾ ਵੀ ਨਹੀਂ, ਹੁਣ ਕਿਸ ਦੀ ਤਲਬ ਲਈ ਕਦਮ ਉਠ ਰਹੇ ਹਨ। ਆਪਣੀ ਵਧਦੀ ਲੱਤ ਵੱਢ ਦਿੱਤੀ ਤੇ ਹੁਣ ਪਛਤਾਵੇ ਵਿਚ ਹਾਂ ਕਿ ਦੋਸਤ ਨੂੰ ਕੀ ਮੂੰਹ ਦੇਵਾਂਗਾ।

ਵਾਹਦ ਦੀ ਸੰਗਤ ਵਿਚ ਕੁਝ ਦਿਨ ਰਹਿ ਕੇ ਦਮਸ਼ਕ ਗਏ ਅਤੇ ਨੀਸ਼ਾ ਪੁਰ ਤੋਂ ਹੁੰਦੇ ਸ਼ਾਮ ਤੇ ਫਿਰ ਬੈਤ-ਉਲ-ਕੁਦਸ (ਯੁਰੋਸ਼ਲਮ) ਗਏ। ਉੱਥੇ ਚਲੀਹਾ ਕਟਿਆ। ਜਿਥੇ ਚਲੀਹਾ ਕਟਿਆ ਸੀ ਉਸ ਥਾਂ ਨੂੰ ਹੁਣ ਵੀ 'ਜ਼ਾਵੀਆ-ਇ-ਫ਼ਰੀਦ-ਉੱਦ-ਦੀਨ ਹਿੰਦੀ' ਕਹਿੰਦੇ ਹਨ। ਇਸ ਯਾਤਰਾ ਵਿਚ ੧੧ ਸਾਲ ਲੱਗ ਗਏ। ਮੁੜਦੇ ਹੋਏ ਬੁਖ਼ਾਰਾ ਵਿਖੇ ਫਰੀਦ ਜੀ ਦੇ ਮੂੰਹ ਤੇ ਨੂਰ ਚਮਕਦਾ ਦੇਖ ਸੈਫ਼-ਉੱਦ-ਦੀਨ ਫ਼ਰਦੋਸੀਆ ਨੇ "ਇਹ ਰੱਬ ਦੇ ਰਾਹ ਦਾ ਨਿਰਾਲਾ ਰਾਹੀ ਹੈ", ਆਖ ਕੇ ਆਪਣਾ ਕੰਬਲ ਉਤਾਰ ਫ਼ਰੀਦ ਨੂੰ ਦੇ ਦਿੱਤਾ।

ਬ੍ਰਿਹੁ ਦੀ ਧੁਖਦੀ ਅੱਗ ਅੰਦਰ ਲੈ ਕੇ ਫ਼ਰੀਦ ਜੀ ਹਿੰਦੁਸਤਾਨ ਮੁੜੇ।

ਮੁਲਤਾਨ ਪੁਜਦੇ ਸਾਰ ਬਹਾਉੱਦ-ਦੀਨ ਜ਼ਕਰੀਆ ਨੂੰ ਮਿਲੇ। ਜ਼ਕਰੀਆ ਨੇ ਪੁੱਛਿਆ ਕਿਥੋਂ ਤੱਕ ਜਾਣ ਹੋਇਆ। ਆਪ ਜੀ ਮੁਸਕਰਾਏ ਤੇ ਹੱਥ ਜ਼ਕਰੀਆ ਦੀ ਕੁਰਸੀ ਵੱਲ ਕੀਤਾ। ਕੁਰਸੀ ਉਤਾਂਹ ਉਠਣ ਲੱਗ ਪਈ। ਜ਼ਕਰੀਆ ਨੇ ਜ਼ੋਰ ਦਾ ਹੱਥ ਮਾਰ ਕੇ ਰੋਕ ਲਈ।

ਉਥੋਂ ਮਾਂ ਪਾਸ ਪੁੱਜੇ ਤੇ ਸਾਰਾ ਹਾਲ ਸੁਣਾਇਆ। ਮਾਂ ਨੇ ਕਿਹਾ : ਹੁਣ ਬੇਸ਼ੱਕ ਦਿੱਲੀ ਜਾ। ਤੂੰ ਹੁਣ ਇਸ ਲਾਇਕ ਹੋ ਗਿਆ



 www.punjabilibrary.com

ਹੈਂ ਕਿ ਮੁਰਸ਼ਦ ਦੀ ਖ਼ਿਦਮਤ ਵਿਚ ਹਾਜ਼ਰੀ ਦੇ ਸਕੇਂ। ਦਿੱਲੀ ਵੱਲ ਟੁਰ ਪਏ ਪਰ ਮਨ ਵਿਚ ਤੌਖਲਾ ਸੀ ਕਿ ਮੁਰਸ਼ਦ ਪਰਵਾਨ ਵੀ ਕਰਦਾ ਹੈ ਕਿ ਨਹੀਂ।

ਦਿੱਲੀ ਪੁਜ ਹੈਰਾਨ ਹੋਏ ਕਿ ਖ਼ਵਾਜਾ ਬਖ਼ਤਿਆਰ ਕਾਕੀ ਪਾਸ ਤਾਂ ਭੀੜ ਲੱਗੀ ਹੋਈ ਹੈ। ਕਾਜ਼ੀ ਹਮੀਦ-ਉੱਦ-ਦੀਨ ਨਾਗੋਰੀ, ਖ਼ਵਾਜਾ ਮੁਹੰਮਦ ਅਲਾਉੱਦ-ਦੀਨ ਖ਼ਿਲਜੀ, ਜ਼ਿਆ-ਉੱਦ-ਦੀਨ ਰੂਮੀ ਅਤੇ ਹੋਰ ਕਿਤਨੇ ਹੀ ਬਜ਼ੁਰਗ ਉਨ੍ਹਾਂ ਪਾਸ ਬੈਠੇ ਹੋਏ ਸਨ। ਖ਼ਵਾਜਾ ਕਾਕੀ ਵਾਹਜ਼ ਪਏ ਕਰਦੇ ਸਨ ਜਦ ਫ਼ਰੀਦ ਜੀ ਪੁੱਜੇ। ਆਪ ਇਕ ਪਾਸੇ ਜਾ ਖੜ੍ਹੇ ਹੋ ਗਏ। ਦਿਲ ਵਿਚ ਸੋਚ ਹੀ ਰਹੇ ਸਨ ਕਿ ਇਥੇ ਮੇਰੀ ਵਾਤ ਕਿਸ ਨੇ ਪੁਛਣੀ ਹੈ ਤਾਂ ਦੂਰੋਂ ਹੀ ਕਾਕੀ ਨੇ ਕਿਹਾ :

**ਬਾਬਾ ਫ਼ਰੀਦ ! ਸਾਰੇ ਕੰਮ ਮੁਕਾ ਆਏ।**

ਇਨ੍ਹਾਂ ਬੋਲਾਂ ਦਾ ਅਜਿਹਾ ਅਸਰ ਹੋਇਆ ਕਿ ਅੱਗੇ ਵਧ ਚਰਨ ਛੁ ਲਏ। ਕਾਕੀ ਫ਼ਰੀਦ ਨੂੰ ਖ਼ਾਨਕਾਹ ਅੰਦਰ ਲੈ ਗਏ। ਅੰਦਰ ਬਰਕਤਾਂ ਨਾਲ ਝੋਲੀਆਂ ਭਰ ਦਿੱਤੀਆਂ। ਸਭ ਜਾਣ ਗਏ ਕਿ ਚਿਸ਼ਤੀ ਸਿਲਸਿਲੇ ਦਾ ਤੀਜਾ ਸੂਰਜ (ਪਹਿਲਾ ਖ਼ਵਾਜਾ ਚਿਸ਼ਤੀ, ਦੂਜਾ ਬਖ਼ਤਿਆਰ ਕਾਕੀ ਤੇ ਹੁਣ ਫ਼ਰੀਦ ਜੀ) ਚੜ੍ਹਨ ਵਾਲਾ ਹੈ।

ਪਹਿਲੇ ਦਿਨ ਹੀ ਬਖ਼ਤਿਆਰ ਕਾਕੀ ਨੇ ਉਹ ਰੋਜ਼ਾ ਰੱਖਣ ਲਈ ਕਿਹਾ ਜੋ ਤੀਜੇ ਦਿਨ ਖੁਲ੍ਹਦਾ ਹੈ। ਜਦ ਤੀਜੇ ਦਿਨ ਖੋਲ੍ਹਣ ਦਾ ਸਮਾਂ ਆਇਆ ਤਾਂ ਇਕ ਸ਼ਰਾਬੀ ਪੱਕਵਾਨ ਰੱਖ ਗਿਆ। ਫ਼ਰੀਦ ਜੀ ਨੇ ਖਾ ਲਿਆ ਪਰ ਖਾਂਦੇ ਹੀ ਉਲਟੀ ਹੋ ਗਈ। ਇਨ੍ਹਾਂ ਜਦ ਬਖ਼ਤਿਆਰ ਕਾਕੀ ਨੂੰ ਦਸਿਆ ਤਾਂ ਉਨ੍ਹਾਂ ਕਿਹਾ : ਚੰਗਾ ਹੋਇਆ ਬਾਬਾ ! ਪਰਵਰਦਗਾਰ ਇਹ ਨਹੀਂ ਚਾਹੁੰਦਾ ਕਿ ਹਰਾਮ ਦੀ ਰੋਜ਼ੀ ਮੋਮਨ ਦੇ ਪੇਟ ਵਿਚ ਜਾਏ। ਹੁਣ ਫਿਰ ਰੋਜ਼ਾ ਰਖੋ ਤੇ ਜੋ ਮਿਲੇ ਉਸ ਨਾਲ ਰੋਜ਼ਾ ਖੋਲ੍ਹਣਾ।

ਤੀਜੇ ਦਿਨ ਜਦ ਰੋਜ਼ਾ ਖੋਲ੍ਹਿਆ ਤਾਂ ਪੱਥਰ ਦਾ ਚੂਰਾ ਮੂੰਹ ਵਿਚ ਪਾਇਆ ਤਾਂ ਮਿੱਠਾ ਲਗਾ। ਫਰੀਦ ਜੀ ਨੇ ਥੁੱਕ ਦਿੱਤਾ। ਫਿਰ ਮੂੰਹ ਵਿਚ ਪਾਇਆ ਉਹ ਮਿੱਠਾ ਹੀ ਸੀ। ਜਦ ਬਖ਼ਤਿਆਰ ਕਾਕੀ ਨੂੰ ਵਾਪਰੀ ਵਿਥਿਆ ਦੱਸੀ ਤਾਂ ਉਨ੍ਹਾਂ ਕਿਹਾ : ਤੂੰ **ਹੁਣ ਸ਼ਕਰ ਗੰਜ ਹੋਇਆ ਹੈਂ**। ਸ਼ੁਕਰਾਨੇ ਵਜੋਂ 'ਸ਼ੁਕਰ ਸ਼ੁਕਰ' ਕਰਿਆ ਕਰ ਅਤੇ ਸ਼ਕਰ ਵੰਡਿਆ ਕਰ। ਨਾਂ ਨਾਲ ਸ਼ਕਰ ਗੰਜ ਵੀ ਜੁੜ ਗਿਆ। ਜ਼ਬਾਨ ਅੱਗੇ ਹੀ ਸ਼ੀਰੀਂ ਸੀ, ਹੁਣ ਜੋ ਫ਼ਰੀਦ ਜੀ ਦੇ ਬੋਲ ਸੁਣਦਾ ਮੋਨ ਮੁਗਧ ਹੋ ਜਾਂਦਾ।

ਦਿੱਲੀ ਵਿਖੇ ਹਰ ਸਮੇਂ ਅਬਾਦਤ ਵਿਚ ਹੀ ਲਗੇ ਰਹਿੰਦੇ। ਕਦੇ ਕਿਧਰੇ ਨਿਕਲ ਜਾਂਦੇ ਕਦੇ ਕਿਧਰੇ। ਕਾਕੀ ਪਾਸ ਵੀ ਹਫ਼ਤਾ

ਦੋ ਹਫ਼ਤਾ ਬਾਅਦ ਹੀ ਦਰਸ਼ਨਾਂ ਨੂੰ ਆਂਦੇ।

ਇਨ੍ਹਾਂ ਦਿਨਾਂ ਵਿਚ ਹੀ ਪਹਿਲੀ ਵਾਰੀ ਖ਼ਵਾਜਾ ਮੁਈਨ-ਉੱਦ-ਦੀਨ ਚਿਸ਼ਤੀ ਅਜਮੇਰ ਤੋਂ ਦਿੱਲੀ ਆਏ। ਦਿੱਲੀ ਵਾਲਿਆਂ ਲਈ ਇਹ ਇਕ ਵੱਡਾ ਜਸ਼ਨ ਸੀ। ਸਮੇਂ ਦਾ ਸੁਲਤਾਨ ਅਲਤਮਸ਼ ਵੀ ਇਸ ਰੂਹਾਨੀ ਬਾਦਸ਼ਾਹ ਦੇ ਦਰਸ਼ਨਾਂ ਲਈ ਨੰਗੇ ਪੈਰੀਂ ਆਇਆ। ਸਭ ਆਏ ਪਰ ਫ਼ਰੀਦ ਜੀ ਨਾਂਹ ਗਏ।

ਖ਼ਵਾਜਾ ਚਿਸ਼ਤੀ ਨੇ ਕਿਹਾ :

> ਕੁੱਤਬ ! ਤੁਹਾਡਾ ਉਹ ਨਵਾਂ ਮੁਰੀਦ ਨਜ਼ਰੀਂ ਨਹੀਂ ਆਇਆ। ਅਸਾਂ ਉਸ ਦੀ ਬਹੁਤ ਸ਼ੁਹਰਤ ਸੁਣੀ ਹੈ।

ਖ਼ਵਾਜਾ ਕਾਕੀ ਨੇ ਕਿਹਾ ਕਿ ਉਹ ਚਿਲਾ ਕੱਟ ਰਿਹਾ ਹੈ। ਇਹ ਸੁਣ ਕੇ ਹੀ ਚਿਸ਼ਤੀ ਨੇ ਕਿਹਾ ਕਿ ਉਹ ਆਪ ਹੀ ਚਲਦੇ ਹਨ। ਕਾਕੀ ਨੇ ਕਿਹਾ ਕਿ ਫ਼ਰੀਦ ਕਿਤਨਾ ਖ਼ੁਸ਼-ਕਿਸਮਤ ਹੈ ਜਿਸ ਪਾਸ ਖ਼ਵਾਜਾ ਸਾਹਿਬ ਆਪੂੰ ਤੁਰ ਕੇ ਜਾ ਰਹੇ ਹਨ।

ਹਜੂਮ ਨਾਲ ਖ਼ਵਾਜਾ ਚਿਸ਼ਤੀ ਜਦ ਫ਼ਰੀਦ ਜੀ ਦੇ ਹੁੱਜਰੇ ਪੁੱਜੇ ਤਾਂ ਫ਼ਰੀਦ ਨੂੰ ਸੁੱਧ ਬੁੱਧ ਭੁਲ ਗਈ। ਉਠ ਵੀ ਨਾ ਸਕੇ। ਚਿਸ਼ਤੀ ਨੇ ਇਹ ਹਾਲਤ ਦੇਖ ਕਿਹਾ 'ਬੇਟੇ ! ਘਬਰਾਓ ਨਹੀਂ' ਅਤੇ ਫਿਰ ਕਾਕੀ ਵੱਲ ਮੂੰਹ ਕਰ ਕੇ ਕਿਹਾ : ਕੁਤਬ ! ਤੂੰ ਆਪਣੇ ਦਾਮ ਵਿਚ ਉਸ ਬਾਜ਼ ਨੂੰ ਲੈ ਆਇਆ ਹੈਂ ਜਿਸ ਦੀ ਪਰਵਾਜ਼ ਸੱਤਾਂ ਅਸਮਾਨਾਂ ਤੋਂ ਅੱਗੇ ਹੈ। ਫਿਰ ਆਪਣੇ ਤੇ ਕਾਕੀ ਦਰਮਿਆਨ ਫ਼ਰੀਦ ਨੂੰ ਖੜਾ ਕਰ ਕੇ ਕਹਿਣ ਲਗੇ : ਖ਼ੁਦਾਵੰਦ, ਫ਼ਰੀਦ ਨੂੰ ਕਬੂਲ ਫ਼ਰਮਾਓ। ਕਈ ਵਾਰ ਇਹ ਦੁਹਰਾਇਆ। ਫਿਰ ਕਿਹਾ :

> ਫ਼ਰੀਦ ਅਜਿਹਾ ਚਿਰਾਗ਼ ਹੈ ਜਿਸ ਨਾਲ ਬੇਸ਼ੁਮਾਰ ਅੰਧੇਰੀਆਂ ਕੋਠੜੀਆਂ ਵਿਚ ਉਜਾਲਾ ਹੋਵੇਗਾ।

ਫਿਰ ਸਭ ਨੂੰ ਸੰਬੋਧਨ ਕਰਦੇ ਕਿਹਾ :

ਇਹ ਉਹ ਸ਼ਹਿਬਾਜ਼ ਹੈ ਜਿਸ ਦੇ ਜ਼ੋਰ-ਇ-ਬਾਜ਼ੂ ਨਾਲ ਝੂਠ ਤੇ ਕੁਫ਼ਰ ਦੀਆਂ ਹਵਾਵਾਂ ਬੇਅਸਰ ਹੋਣਗੀਆਂ। ਦੁਆ ਮੁਕੀ ਤਾਂ ਚਿਸ਼ਤੀ ਸਾਹਿਬ ਨੇ ਛਾਤੀ ਨਾਲ ਲਗਾ ਲਿਆ। ਇਸ ਉਪਰੰਤ ਤਕਰੀਬਨ ੧੦ ਸਾਲ ਦਿੱਲੀ ਤੇ ੧੨ ਸਾਲ ਹਾਂਸੀ ਰਹੇ।

ਜਦ ਵੀ ਕਦੇ ਸ਼ਾਦੀ ਦੀ ਗੱਲ ਕਾਕੀ ਕਰਦੇ ਤਾਂ ਫ਼ਰੀਦ ਜੀ ਚੁੱਪ ਹੋ ਜਾਂਦੇ। ਇਕ ਵਾਰੀ ਪੁੱਛ ਬੈਠੇ ਕਿ ਜਦ ਵੀ ਸ਼ਾਦੀ ਦੀ ਗੱਲ ਕਰਦਾ ਹਾਂ ਤਾਂ ਚੁੱਪ ਕਿਉਂ ਹੋ ਜਾਂਦੇ ਹੋ ਤਾਂ ਕਹਿਣ ਲੱਗੇ ਡਰਦਾ ਹਾਂ ਕਿ ਜੇ ਔਲਾਦ ਅਲਾਹ ਦੀ ਯਾਦ ਵਾਲੀ ਨਾਂਹ ਹੋਈ ਤਾਂ ਖ਼ੁਦਾ


www.punjabilibrary.com

ਪਾਸ ਕਿਹੜਾ ਮੂੰਹ ਲੈ ਕੇ ਜਾਵਾਂਗਾ। ਇਹ ਸੁਣ ਖ਼ਵਾਜਾ ਸਾਹਿਬ ਨੇ ਕਿਹਾ :

ਹੱਛਾ ਬਾਬਾ !
ਨੇਕ ਔਲਾਦ ਤੇਰੀ।
ਬੁਰੀ ਨੂੰ ਜਾਂ ਅਲਾਹ ਜਾਣੇ
ਜਾਂ ਹਮ ਸਮਝੇਂ।

ਇਥੇ ਇਹ ਲਿਖਣਾ ਠੀਕ ਰਵ੍ਹੇਗਾ ਕਿ ਆਪ ਜੀ ਦੀ ਸ਼ਾਦੀ ਉਸ ਅਲਗ ਖ਼ਾਨ ਸਿਪਾਹ ਸਾਲਾਰ ਦੀ ਲੜਕੀ ਨਾਲ ਹੋਈ ਜੋ ਬਾਅਦ ਵਿਚ ਹਿੰਦੁਸਤਾਨ ਦਾ ਬਾਦਸ਼ਾਹ ਬਲਬਨ ਬਣਿਆ।

ਪਹਲਾਂ ਅਲਗ ਖ਼ਾਨ ਬੜਾ ਤੁੰਦ ਮਿਜ਼ਾਜ ਜਰਨੈਲ ਸੀ। ਉਸ ਨੇ ਇਕ ਵਾਰੀ ਫ਼ਰੀਦ ਜੀ ਨੂੰ ਕੀਮਤੀ ਭੇਟਾਵਾਂ ਅਤੇ ਜਾਗੀਰ ਭੇਟ ਕੀਤੀ। ਸਮਾਨ ਸਾਰਾ ਤਾਂ ਫ਼ਰੀਦ ਜੀ ਨੇ ਗ਼ਰੀਬਾਂ ਮਸਕੀਨਾਂ ਵਿਚ ਵੰਡਾ ਦਿੱਤਾ ਅਤੇ ਜਾਗੀਰ ਮੋੜਦੇ ਕਿਹਾ ਕਿ ਫ਼ਕੀਰਾਂ ਨੂੰ ਇਹ ਨਹੀਂ ਸੋਭਦੀਆਂ। ਅਲਗ ਖ਼ਾਨ ਹੱਥ ਜੋੜ ਤਾਜ-ਤੱਖ਼ਤ ਦੀ ਅਸੀਸ ਲੋੜਦਾ ਸੀ। ਮਨ ਦਸ਼ਾ ਜਾਣ ਕਹਿਣ ਲਗੇ :

ਅਲਗ ਖ਼ਾਨ !
ਬਾਦਸ਼ਾਹ ਕੋਈ ਅਸਮਾਨੋਂ ਨਹੀਂ ਉਤਰਦੇ, ਲੋਕਾਂ ਨਾਲ ਚੰਗਾ ਸਲੂਕ ਕਰ, ਅਜਬ ਨਹੀਂ ਕਿ ਤੇਰੇ ਲਈ ਵੀ ਕਿਸੇ ਦਿਨ ਦਰਵਾਜ਼ਾ ਖੋਲ੍ਹ ਦਿੱਤਾ ਜਾਏ।

ਅਲਗ ਖ਼ਾਨ ਨੇ ਚਰਨ ਪਕੜ ਲਏ ਤੇ ਉੱਚੀ ਉੱਚੀ ਰੋਣ ਲੱਗ ਪਿਆ। ਫਰੀਦ ਜੀ ਉਸਨੂੰ ਚੁੱਪ ਕਰਾ ਕੇ ਕਹਿਣ ਲੱਗੇ : "ਇਹ ਹੀ ਸਲਾਮਤੀ ਦਾ ਰਾਹ ਹੈ।" ਹੁਣ ਨਵਾਂ ਅਲਗ ਖ਼ਾਨ ਬਣ ਗਿਆ। ਸਖ਼ੀ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਕਮਜ਼ੋਰਾਂ ਨਾਲ ਨਰਮੀ ਤੇ ਮਹੁਤਾਜਾਂ ਦਾ ਖ਼ਿਆਲ ਰੱਖਣ ਲੱਗਾ। ਬਾਦਸ਼ਾਹ ਬਣਨ ਵੇਲੇ ਨਾਮ ਗਿਆਸ-ਉੱਦ-ਦੀਨ ਬਲਬਨ ਹੋਇਆ।

ਸੰਨ ੧੨੧੮ ਨੂੰ ਜਦ ਫ਼ਰੀਦ ਜੀ ਫਿਰ ਦਿੱਲੀ ਖ਼ਵਾਜਾ ਕਾਕੀ ਨੂੰ ਮਿਲਣ ਆਏ ਤਾਂ ਉਨ੍ਹਾਂ ਇਕ ਦਿਨ ਹੋਰ ਰੁਕਣ ਲਈ ਕਿਹਾ ਪਰ ਫ਼ਰੀਦ ਜੀ ਨੇ ਹਾਂਸੀ ਜ਼ਰੂਰੀ ਜਾਣਾ ਆਖ ਕੇ ਖਿਮਾ ਮੰਗੀ ਤਾਂ ਕਾਕੀ ਨੇ ਕਿਹਾ : ਤੈਨੂੰ ਅਨ ਜਲ ਹਾਂਸੀ ਖਿੱਚ ਰਿਹਾ ਹੈ। ਪੰਜਵੇਂ ਦਿਨ ਆ ਕੇ ਆਪਣੀ ਅਮਾਨਤ ਹਮੀਦ-ਉੱਦ-ਦੀਨ ਨਾਗੋਰੀ ਪਾਸੋਂ ਲੈ ਜਾਈਂ।

ਫਿਰ ਕਿਹਾ :
ਬਜ਼ੁਰਗਾਂ ਦਾ ਰਾਹ ਨਾ ਛੱਡੀਂ। ਨਿਮਰਤਾ ਤੇ ਨੇਕੀ ਦੇ



 www.punjabilibrary.com

ਰਾਹ ਟੁਰੀ ਜਾਈਂ । ਕਦੇ ਘਬਰਾਈਂ ਨਾਂਹ । ਇਥੋਂ ਤੂੰ ਹੀ ਮੇਰਾ ਰਫ਼ੀਕ ਹੈਂ । ਮੇਰਾ ਮਕਾਮ ਦਰ ਹਕੀਕਤ ਤੇਰਾ ਮਕਾਮ ਹੈ ।

ਹਾਂਸੀ ਵਿਚ ਸਨ ਕਿ ਪੋਹ ਫੁੱਟੀ ਵੇਲੇ ਤਕਿਆ ਕਿ ਸੂਰਜ ਚੜ੍ਹਿਆ ਜ਼ਰੂਰ ਹੈ ਪਰ ਇੰਝ ਪ੍ਰਤੀਤ ਹੁੰਦਾ ਹੈ ਕਿ ਅੱਖੀਆਂ ਅੱਗੇ ਹਨੇਰਾ ਛਾ ਗਿਆ ਹੈ। ਜਾਣ ਗਏ ਕਿ ਕਾਕੀ ਦਾ ਦੇਹਾਂਤ ਹੋ ਗਿਆ ਹੈ । ਦਿੱਲੀ ਆਏ ਤਾਂ ਬੜੇ ਹੈਰਾਨ ਹੋਏ ਕਿ ਕਾਕੀ ਦੀ ਕਬਰ ਜ਼ਮੀਨ ਦੇ ਬਰਾਬਰ ਹੈ । ਪੁਛਣ ਤੇ ਮੁਰੀਦਾਂ ਦਸਿਆ ਕਿ ਦਿਹਾਂਤ ਵੇਲੇ ਖ਼ਵਾਜਾ ਕਾਕੀ ਹੁਕਮ ਕਰ ਗਏ ਸਨ । ਪਿੱਛੋਂ ਫੇਰ ਦਿੱਲੀ ਆ ਕੇ ਸਿਰ ਵਲੋਂ ਉਚੀ ਕੀਤੀ ਤਾਂ ਚੈਨ ਆਇਆ ।

ਹਾਂਸੀ ਸ਼ੇਖ਼ ਜਮਾਲ ਹਾਂਸਵੀ ਤੇ ਮਨਤਖਬ-ਉੱਦ-ਦੀਨ ਦੀ ਵਿਰੋਧਤਾ ਤਕ ਹਾਂਸੀ ਛੱਡ ਅਜਮੇਰ ਚਲੇ ਗਏ । ਉਥੇ ਇਕ ਦਿਨ ਕੁਰਾਨ ਪਏ ਪੜ੍ਹਦੇ ਸਨ ਕਿ ਆਵਾਜ਼ ਆਈ ਕਿ ਕਾਹਲੀ ਨਾ ਕਰੋ, ਵਿਚੋਂ ਅੱਖਰ ਛੁਟ ਗਿਆ ਹੈ । ਫਿਰ ਪੜ੍ਹਿਆ ਤਾਂ ਫਿਰ ਆਵਾਜ਼ ਆਈ ਹੁਣ ਠੀਕ ਹੈ ।

ਦਿੱਲੀ ਵੀ ਨਾ ਟਿਕੇ ਤੇ ਟਿਕਾਣਾ ਅਜੋਧਨ ਕਰ ਲਿਆ। ਉਸ ਵੇਲੇ ਉਮਰ ੬੮ ਸਾਲ ਦੀ ਸੀ । ਇਹ ਹੀ ਅਜੋਧਨ ਪਾਕ ਪਟਨ ਦੇ ਨਾਂ ਨਾਲ ਪ੍ਰਸਿਧ ਹੋਇਆ ਤੇ 'ਪਟਨ ਫ਼ਰੀਦ ਦਾ' ਵੀ ਕਹਿਲਾਂਦਾ ਰਿਹਾ ।

ਪਾਕ ਪਟਨ ਆਉਂਦਿਆਂ ਹੀ ਇਕ ਗਵਾਲਨ ਨੇ ਸ਼ਕਾਇਤ ਕੀਤੀ ਕਿ ਜੋਗੀਆਂ ਦੀ ਟੋਲੀ ਗਾਵਾਂ ਦਾ ਦੁੱਧ ਜ਼ਬਰਦਸਤੀ ਦੁਹ ਲੈਂਦੀ ਹੈ। ਫ਼ਰੀਦ ਜੀ ਨੇ ਮਾਈ ਨੂੰ ਸਬਰ ਰੱਖਣ ਲਈ ਕਿਹਾ। ਮਾਈ ਦਾ ਪਿਛਾ ਕਰਦੇ ਜੋਗੀ ਉਥੇ ਹੀ ਆ ਗਏ। ਫ਼ਰੀਦ ਜੀ ਦੇ ਮਿੱਠੇ ਵਚਨਾਂ ਨੇ ਉਨ੍ਹਾਂ ਨੂੰ ਮੋਹ ਹੀ ਲਿਆ। ਦੁੱਧ ਦੁਹਣ ਦਾ ਭਾਵੇਂ ਸਮਾਂ ਸੀ ਉਹ ਭੁੱਲ ਹੀ ਗਏ। ਸਾਰੇ ਚਰਨੀਂ ਢੱਠੇ ਪਰ ਇਕ ਜੋਗੀ ਨੇ ਜਦ ਮਜ਼ਾਕ ਨਾਲ ਸਿਰ ਨਵਾਇਆ ਤਾਂ ਮੱਥਾ ਉਠੇ ਹੀ ਨਾਂਹ। ਸਿਰ ਹੱਥ ਰਖਿਆ ਤੇ ਸਭ ਦੀ ਕਲਿਆਨ ਕੀਤੀ।

ਫ਼ਰੀਦ ਜੀ ਦਾ ਖਾਣਾ ਬੜਾ ਸਾਦਾ ਸੀ। ਉਬਲੀ ਹੋਈ ਸਬਜ਼ੀ ਤੇ ਜੌਂ ਦੀ ਰੋਟੀ ਹੀ ਖਾਂਦੇ । ਇਕ ਵਾਰੀ ਨਿਜ਼ਾਮ-ਉੱਦ-ਦੀਨ ਔਲਿਆ ਨੇ ਮੰਗ ਕੇ ਲੂਣ ਸਬਜ਼ੀ ਵਿਚ ਪਾ ਦਿੱਤਾ। ਪਹਿਲੀ ਗਰਾਹੀ ਹੀ ਮੂੰਹ ਵਿਚ ਪਾਈ ਤੇ ਤ੍ਰਹਿ ਉਠੇ ਤੇ ਕਿਹਾ ਕਿ ਅੱਜ ਖਾਣਾ ਕਿਸ ਬਣਾਇਆ ਹੈ। ਨਿਜ਼ਾਮ-ਉੱਦ-ਦੀਨ ਨੇ ਜਦ ਆਪਣਾ ਨਾਂ ਲਿਆ ਤਾਂ ਕਿਹਾ : ਫ਼ਕੀਰ ਲਈ ਚੰਗਾ ਨਹੀਂ ਕਿ ਕੋਈ ਚੀਜ਼ ਮੰਗ ਕੇ ਖਾਏ।


www.punjabilibrary.com

"ਰੁਖੀ ਸਖੀ ਖਾਇ ਕੈ, ਠੰਢਾ ਪਾਣੀ ਪੀਉ।
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ",
ਫ਼ਰੀਦ ਜੀ ਦਾ ਹੀ ਸਲੋਕ ਹੈ।

ਨਿਜ਼ਾਮਉੱਦ-ਦੀਨ ਤੇ ਇਤਨਾ ਅਸਰ ਹੋਇਆ ਕਿ ਸਾਰੀ ਉਮਰ ਫਿਰ ਉਨ੍ਹਾਂ ਸਬਜ਼ੀ ਨਹੀਂ ਖਾਧੀ ਤੇ ਜੌਂ ਦੀ ਰੋਟੀ ਨੂੰ ਲੂਣ ਦੇ ਪਾਣੀ ਵਿਚ ਭਿਉਂ ਕੇ ਹੀ ਖਾਂਦੇ ਰਹੇ। ਸਾਬਰ ਕਲੇਰੀ ਤਾਂ ਖਾਂਦੇ ਹੀ ਉਬਲੀਆਂ ਗੋਲਾਂ ਸਨ।

ਫ਼ਰੀਦ ਜੀ ਕਿਹਾ ਕਰਦੇ ਸਨ :

ਖਾਣਾ ਸਿਰਫ ਇਸ ਲਈ ਖਾਣਾ ਚਾਹੀਦਾ ਹੈ ਕਿ ਜਿਸਮ ਵਿਚ ਅਬਾਦਤ ਕਰਨ ਦੀ ਤਾਕਤ ਰਵ੍ਹੇ।

ਫ਼ਰੀਦ ਜੀ ਦਸਦੇ ਸਨ ਕਿ ਸ਼ਹਾਬ-ਉੱਦ-ਦੀਨ ਸਹਰਾਵਰਦੀ ਨੂੰ ਰੋਜ ਦੋ ਲੱਖ ਰੁਪਿਆ ਭੇਟ ਚੜ੍ਹਦਾ ਸੀ ਪਰ ਕਦੇ ਇਕ ਦਮੜੀ ਤਕ ਪਾਸ ਨਾ ਰਖਦੇ। ਸਾਰਾ ਹੀ ਖ਼ਰਚ ਕਰ ਦਿੰਦੇ। ਕਦੇ ਮੱਥੇ ਤੇ ਤਿਉੜੀ ਨਾ ਪਾਈ। ਪੈਸਾ ਜਮ੍ਹਾਂ ਨਾ ਕਰਦੇ। ਕਹਿੰਦੇ ਸਨ ਕਿ ਦਰਵੇਸ਼ੀ ਬਚਾ ਰੱਖਣ ਦਾ ਨਾਂ ਨਹੀਂ ਹੈ। ਮੈਂ ਤਾਂ ਇਕ ਵਾਸਤਾ ਹਾਂ, ਇਕ ਅਮੀਨ। ਮੇਰੇ ਲਈ ਤਾਂ ਕੁਝ ਨਹੀਂ ਆਂਦਾ। ਜੋ ਸੁਰਖ਼ਰੂ ਤੇ ਅਮਾਨਤ ਦੀ ਇੱਜ਼ਤ ਦਿੱਤੀ ਗਈ ਹੈ ਉਸ ਦੀ ਕਦਰ ਸਿਕਿਆਂ ਤੋਂ ਵੱਧ ਹੈ।

ਇਕ ਹੋਰ ਵਾਰਤਾ ਵੀ ਫ਼ਰੀਦ ਜੀ ਸੁਣਾਂਦੇ ਸਨ ਕਿ ਇਕ ਵਾਰੀ ਮਾਲਕ ਬਿਨ ਦੀਨਾਰ ਇਕ ਦਰਵੇਸ਼ ਦੇ ਘਰ ਗਏ। ਦਰਵੇਸ਼ ਨੇ ਦੋ ਬੇ-ਨਿਮਕ (ਅਲੂਣੀਆਂ) ਜੌਂ ਦੀਆਂ ਰੋਟੀਆਂ ਉਨ੍ਹਾਂ ਅਗੇ ਰੱਖ ਦਿੱਤੀਆਂ। ਅਜੇ ਇਕ ਗਰਾਹੀ ਮੂੰਹ ਵਿਚ ਪਾਈ ਹੀ ਸੀ ਤਾਂ ਦਿਨਾਰ ਕਹਿਣ ਲੱਗਾ ਕਿ ਰਤਾ ਕੁ ਲੂਣ ਹੋਵੇ ਤਾਂ ਕਿਤਨਾ ਚੰਗਾ ਹੋਵੇ। ਦਰਵੇਸ਼ ਦੀ ਲੜਕੀ ਪਈ ਸੁਣਦੀ ਸੀ। ਉਹ ਘਰ ਦਾ ਲੋਟਾ ਕਰਿਆਨਾ ਵੇਚਣ ਵਾਲੇ ਬਕਾਲ ਪਾਸ ਗਹਿਣੇ ਰੱਖ ਦੌੜ ਕੇ ਲੂਣ ਲੈ ਆਈ। ਖਾਣਾ ਖਾ ਕੇ ਦੀਨਾਰ ਰਤਾ ਕੁ ਹਉ ਵਿਚ ਆ ਕੇ ਕਹਿਣ ਲੱਗਾ : ਦਰਵੇਸ਼ ਨੂੰ ਇਤਨਾ ਸਬਰ ਕਰਨਾ ਜ਼ਰੂਰੀ ਹੈ।

ਇਹ ਸੁਣ ਕੇ ਲੜਕੀ ਕਹਿਣ ਲਗੀ :

ਜੇ ਤੁਹਾਡੇ ਵਿਚ ਸਬਰ ਹੁੰਦਾ ਤਾਂ ਸਾਡਾ ਲੋਟਾ ਅੱਜ ਲੂਣ ਲਈ ਗਿਰਵੀ ਨਾ ਪਿਆ ਹੁੰਦਾ। ਸਤਾਰਾਂ ਸਾਲ ਹੋ ਗਏ ਹਨ, ਅਸਾਂ ਕਦੇ ਲੂਣ ਨਹੀਂ ਖਾਧਾ।

ਐਸ ਝਟਕਾ ਲੱਗਾ ਦਿਨਾਰ ਨੂੰ ਕਿ ਫਿਰ ਉਸ ਕਦੇ ਨਿਮਕ ਨੂੰ ਹੱਥ ਨਹੀਂ ਲਗਾਇਆ।


www.punjabilibrary.com

ਕਿਸੇ ਨੇ ਪਿਆਰ ਵਿਚ ਫ਼ਰੀਦ ਜੀ ਨੂੰ ਇਕ ਨਵਾਂ ਕੁਰਤਾ ਭੇਟ ਕੀਤਾ। ਉਸ ਦਾ ਦਿਲ ਰੱਖਣ ਲਈ ਪਹਿਨ ਤਾਂ ਲਿਆ ਪਰ ਫੱਟ ਉਤਾਰ ਕੇ ਸੇਵਾਦਾਰ ਨੂੰ ਦੇ ਦਿੱਤਾ ਤੇ ਕਿਹਾ : ਫ਼ਕੀਰ ਨੂੰ ਸਕੂਨ ਫਟੇ ਪੁਰਾਣੇ ਕੱਪੜਿਆਂ ਵਿਚ ਹੀ ਮਿਲਦਾ ਹੈ । ਆਪ ਪਾਸ ਇਕ ਹੀ ਗੋਦੜੀ ਸੀ । 'ਖਿੰਥਲ ਮੇਖਾਂ ਅਗਲੀਆਂ', ਦਾ ਜ਼ਿਕਰ ਉਨ੍ਹਾਂ ਆਪਣੀ ਬਾਣੀ ਵਿਚ ਕੀਤਾ ਹੈ। ਸਿਰਾਹਣਾ ਵੀ ਨਾ ਵਰਤਦੇ। ਸੌਣ ਵੇਲੇ ਆਸਾ (ਡੰਡਾ) ਹੀ ਸਿਰ ਹੇਠਾਂ ਰੱਖ ਲੈਂਦੇ।

ਕਰਾਮਾਤ ਦਿਖਾਉਣ ਦੇ ਬਾਬਾ ਫ਼ਰੀਦ ਜੀ ਬਹੁਤ ਹੀ ਵਿਰੁਧ ਸਨ। ਉਹ ਕਿਹਾ ਕਰਦੇ ਸਨ ਕਿ ਕਰਾਮਾਤ ਗੁੱਸੇ ਦੀ ਹੀ ਦੂਜੀ ਸ਼ਕਲ ਹੈ। ਕਰਾਮਾਤ ਉਹ ਹੀ ਦਿਖਾਂਦੇ ਹਨ ਜਿਨ੍ਹਾਂ ਦੇ ਹੌਂਸਲੇ ਪਸਤ ਹੋ ਗਏ ਹੁੰਦੇ ਹਨ।

ਫ਼ਰੀਦ ਜੀ ਸੁਣਾਇਆ ਕਰਦੇ ਸਨ ਕਿ ਇਕ ਵਾਰੀ ਖ਼ਵਾਜਾ ਹਸਨ ਨੂਰੀ ਦਰਿਆ ਦਜਲਾ ਕਿਨਾਰੇ ਆਪਣੀ ਕਰਾਮਾਤੀ ਸ਼ਕਤੀ ਨੂੰ ਜੋਖਣ ਲਈ ਜਾ ਪੁੱਜੇ। ਜਾਲ ਪਾ ਕੇ ਕਹਿਣ ਲੱਗੇ ਕਿ ਢਾਈ ਮਣ ਦੀ ਮਛਲੀ ਜਾਲ ਵਿਚ ਆ ਜਾਏ! ਐਸਾ ਹੀ ਹੋਇਆ। ਜਦ ਇਹ ਘਟਨਾ ਜੁਨੈਦ ਬਗ਼ਦਾਦੀ ਨੇ ਸੁਣੀ ਤਾਂ ਉਨ੍ਹਾਂ ਕਿਹਾ :

> ਕਾਸ਼ ਜਾਲ ਵਿਚ ਢਾਈ ਮਣ ਮਛਲੀ ਦੀ ਥਾਵੇਂ ਢਾਈ ਮਣ ਦਾ ਸੱਪ ਆਂਦਾ ਤੇ ਐਸਾ ਨੂਰੀ ਨੂੰ ਡਸਦਾ ਕਿ ਉਹ ਉਥੇ ਹੀ ਦਮ ਤੋੜ ਦਿੰਦਾ। ਹੁਣ ਪਤਾ ਨਹੀਂ ਉਸ ਨਾਲ ਅਲਾਹ ਦੇ ਦਰਬਾਰ ਕੀ ਵਾਪਰੇ।

ਸ਼ੇਖ਼ ਸਯਦ-ਉੱਦ-ਦੀਨ ਦੀ ਵਾਰਤਾ ਵੀ ਫ਼ਰੀਦ ਜੀ ਸੁਣਾਂਦੇ ਸਨ ਕਿ ਇਕ ਅਮੀਰ ਨੇ ਸਯਦ ਦੀ ਪਰਖ ਇਹ ਸੰਕਲਪ ਧਾਰ ਕੇ ਕਰਨੀ ਚਾਹੀ ਕਿ ਜੇ ਹੱਥ ਵਿਚ ਪਕੜਿਆ ਵੱਡਾ ਸੇਬ ਮੈਨੂੰ ਦੇ ਦੇਣ ਤਾਂ ਜਾਣਾ। ਫ਼ਕੀਰ ਸਯਦ-ਉੱਦ-ਦੀਨ ਨੇ ਸੇਬ ਹੱਥ ਵਿਚ ਹੀ ਰੱਖਦੇ ਹੋਏ ਉਸ ਅਮੀਰ ਨੂੰ ਸੰਬੋਧਨ ਕਰਦੇ ਕਿਹਾ : ਇਕ ਵਾਰੀ ਮੈਂ ਮਿਸਰ ਸਾਂ ਤਾਂ ਦੇਖ ਹੈਰਾਨ ਹੋਇਆ ਕਿ ਇਕ ਬਕਾਲ ਨੇ ਆਪਣੇ ਗੱਧੇ ਦੀਆਂ ਅੱਖਾਂ ਤੇ ਕਾਲਾ ਕਪੜਾ ਬੰਨ੍ਹਿਆ ਹੋਇਆ ਸੀ ਤੇ ਸਾਰਿਆਂ ਸਾਹਮਣੇ ਆਪਣੀ ਅਗੂੰਠੀ ਕਿਸੇ ਦੀ ਜੇਬ ਵਿਚ ਪਾ ਗੱਧੇ ਨੂੰ ਕਹਿੰਦਾ ਸੀ ਕਿ ਮੇਰੀ ਅੰਗੂਠੀ ਢੂੰਡ ਲਿਆ। ਗੱਧਾ ਉਸ ਬੰਦੇ ਪਾਸ ਜਾ ਖਲੋ ਜਾਂਦਾ ਸੀ। ਹੁਣ ਤੂੰ ਹੀ ਦਸ ਜੇ ਮੈਂ ਤੇਰੇ ਦਿਲ ਦੀ ਗੱਲ ਦੱਸ ਦਿਆਂ ਤਾਂ ਮੇਰੇ ਤੇ ਗੱਧੇ ਵਿਚ ਫ਼ਰਕ ਕੀ ਰਿਹਾ। ਜੇ ਮੈਂ ਤੈਨੂੰ ਸੇਬ ਨਾ ਦਿਆਂ ਤਾਂ ਤੇਰੇ ਦਿਲ ਵਿਚ ਫ਼ਕੀਰ ਪ੍ਰਤੀ ਬਦਗੁਮਾਨੀ ਰਵ੍ਹੇਗੀ।

ਇਹ ਗੱਲ ਸੁਣਾ ਕੇ ਫ਼ਕੀਰ ਜੀ ਰੋਣ ਲਗ ਪਏ ਅਤੇ ਕਿਹਾ : ਖ਼ੁਦਾ ਦੇ ਬੰਦਿਆਂ ਨੂੰ ਆਪਣੇ ਆਪ ਨੂੰ ਛੁਪਾ ਕੇ ਹੀ ਰੱਖਣਾ



 www.punjabilibrary.com

ਚਾਹੀਦਾ ਹੈ ।

ਇਹ ਵੀ ਕਿਹਾ ਕਰਦੇ ਕਿ ਯਾਦ ਵਿਚ ਜੁੜਿਆਂ ਕਦੇ ਕਿਸੇ ਹੋਰ ਖ਼ਿਆਲ ਨੂੰ ਨੇੜੇ ਤਕ ਨਾ ਆਉਣ ਦਿਓ । ਸੁਣਾਂਦੇ ਸਨ ਕਿ ਇਕ ਵਾਰੀ ਇਕ ਦਰਵੇਸ਼ ਦੂਜੇ ਨੂੰ ਕਹਿਣ ਲੱਗਾ ਕਿ ਜਦ ਅੰਮ੍ਰਿਤ ਵੇਲੇ ਜੁੜਦੇ ਹੋ ਤਾਂ ਮੇਰੇ ਲਈ ਵੀ ਦੁਆ ਕਰਨਾ ਤਾਂ ਪਹਿਲੇ ਦਰਵੇਸ਼ ਨੇ ਕਿਹਾ :

> ਉਸ ਘੜੀ ਖ਼ੁਦਾ ਮੈਨੂੰ ਦੁਨੀਆਂ ਤੋਂ ਉਠਾ ਲਵੇ ਜਦ
> ਉਸਦੀ ਯਾਦ ਨਾਲ ਹੋਰ ਕਿਸੇ ਦੀ ਯਾਦ ਆ ਰਲੇ ।

ਇਲਮ ਹਾਸਿਲ ਕਰਨ ਤੇ ਵੀ ਬੜਾ ਜ਼ੋਰ ਦੇਂਦੇ । ਇਸ ਬਾਰੇ ਬਚਨ ਕਰਦੇ ਕਿ ਇਲਮ ਇਕ ਐਸਾ ਬਦਲ ਹੈ ਜੋ ਰਹਿਮਤ ਦਾ ਮੀਂਹ ਵਰਸਾਂਦਾ ਹੈ । ਬਖਤਿਆਰ ਕਾਕੀ ਦਾ ਬਚਨ ਦੁਹਰਾਂਦੇ ਕਹਿੰਦੇ ਕਿ ਅਕਲ ਦੇ ਦਰੱਖ਼ਤ ਨੂੰ ਚਿੰਤਨ ਦਾ ਪਾਣੀ ਦਿਓ ਤਾਂ ਕਿ ਸੁੱਕ ਨਾ ਜਾਏ ਤੇ ਵੱਧਦਾ ਹੀ ਜਾਏ । 'ਜੇ ਤੂ ਅਕਲ ਲਤੀਫ, ਕਾਲੇ ਲਿਖ ਨ ਲੇਖੁ', ਉਨ੍ਹਾਂ ਦਾ ਹੀ ਫਰਮਾਨ ਹੈ । ਉਸ ਆਲਮ ਨੂੰ ਬਹੁਤ ਝੜਝੜਿਆ ਸੀ ਜਿਸ ਰਤਾ ਕੁ ਐਂਕੜ ਵਿਚ ਪਿਆਂ ਈਮਾਨ ਤਕ ਵੇਚ ਦਿੱਤਾ ਸੀ । ਬਾਬਾ ਜੀ ਕਿਹਾ ਕਰਦੇ :

> ਅਬਾਦਤ ਦੀ ਇੰਤਹਾ ਅਕਲ ਹੈ ।
> ਅਕਲ ਦੀ ਇੰਤਹਾ ਇਲਮ ।
> ਇਲਮ ਬਗ਼ੈਰ ਅਬਾਦਤ ਫ਼ਜ਼ੂਲ ਹੈ ।
> ਅਕਲ ਨਾ ਹੋਵੇ ਤਾਂ ਇਲਮ ਸਿਰ ਦਰਦ ਹੈ ।
> ਅਕਲ ਉੱਚੀ ਸ਼ੈ ਹੈ । ਅਕਲ ਤੋਂ ਹੀ
> ਹੱਕ ਦੀ ਮਾਰਫ਼ਤ ਹਾਸਲ ਹੁੰਦੀ ਹੈ ।

ਕਹਿੰਦੇ : ਲੋਕੋ ! ਦਿਲ ਨੂੰ ਸ਼ੈਤਾਨ ਦਾ ਖਿਡੌਣਾ ਨਾ ਬਣਨ ਦਿਓ । ਦੁਸ਼ਮਣ ਤੋਂ ਕਦੇ ਬੇਖ਼ੌਫ ਨਾ ਰਵ੍ਹੋ, ਚਾਹੇ ਉਹ ਮਿਠ ਬੋਲੜਾ ਵੀ ਕਿਉਂ ਨਾ ਹੋਵੇ । ਜੋ ਤੁਹਾਡੇ ਤੋਂ ਡਰਦਾ ਹੈ ਉਸ ਤੋਂ ਵੀ ਤੁਸੀਂ ਡਰੋ । ਖ਼ੁਦਾ ਤੋਂ ਵੱਖ ਹੋ ਕੇ ਆਪਣੇ ਤੇ ਇਤਮਾਦ ਨਾ ਕਰੋ । ਸ਼ਾਂਤੀ ਚਾਹੁੰਦੇ ਹੋ ਤਾਂ ਈਰਖਾ ਦੀ ਅੱਗ ਤੋਂ ਬਚੋ । ਗੁੱਸਾ ਮਨ ਨਾ ਹੰਡਾਓ । ਬਜ਼ੁਰਗੀ ਲੋੜਦੇ ਹੋ ਤਾਂ ਸ਼ਾਹਾਂ ਤੋਂ ਦੂਰ ਰਵ੍ਹੋ । ਉਹ ਜ਼ਲੀਲ ਹੈ ਜੋ ਦਿਨ ਰਾਤ ਹੀ ਖਾਣ ਪੀਣ ਵਿਚ ਰੁਝਿਆ ਹੋਇਆ ਹੈ ।

> ਚਾਰਿ ਗਵਾਇਆ ਹੰਢਿ ਕੈ,
> ਚਾਰਿ ਗਵਾਇਆ ਸੰਮਿ ।
> ਲੇਖਾ ਰਬੁ ਮੰਗੇਸੀਆ,
> ਤੂ ਆਂਹੋ ਕੇਰ੍ਹੇ ਕੰਮਿ ।


www.punjabilibrary.com

ਸੂਫ਼ੀ ਉਹ ਹੈ ਜਿਸ ਪਾਸ ਬੈਠਿਆਂ ਹੀ ਹਿਰਦਾ ਸ਼ੁੱਧ ਹੋ ਜਾਏ। ਕੋਈ ਚੀਜ਼ ਸੂਫ਼ੀ ਨੂੰ ਲਿਬੇੜ ਨਾ ਸਕੇ। ਅਹਿਮਕ ਨੂੰ ਮੋਇਆ ਹੀ ਜਾਣੋ। **ਉਹ ਚੀਜ਼ ਨਾ ਵੇਚੋ ਜੋ ਖ਼ਰੀਦੀ ਨਾ ਜਾ ਸਕੇ। ਸੱਚ ਇਸ ਤਰ੍ਹਾਂ ਨਾ ਬੋਲੋ ਕਿ ਝੂਠ ਸਮਝਿਆ ਜਾਏ। ਵਕਤ ਦਾ ਕੋਈ ਬਦਲ** ਨਹੀਂ। ਇਕ ਪਲ ਵੀ ਜ਼ਾਇਆ ਨਾ ਕਰੋ। ਨੇਕੀ ਦੇ ਬਹਾਨੇ ਢੂੰਡੋ। ਜਿਥੋਂ ਤਕ ਹੋ ਸਕੇ ਔਰਤਾਂ ਨਾਲ ਬਦਜ਼ਬਾਨੀ ਨਾ ਕਰੋ। ਨੇਕ ਕੰਮ ਕਰਦੇ ਜਾਓ ਤਾਂ ਕਿ ਮਰਨ ਤੋਂ ਪਹਿਲਾਂ ਹੀ ਜ਼ਿੰਦਗੀ ਮਿਲ ਜਾਏ।

ਆਸ਼ਕਾਂ ਲਈ ਹਜ਼ੂਰੀ ਤੇ ਦੂਰੀ ਇਕੋ ਜਿਹੀ ਹੈ। **ਤੁਸੀਂ ਜਿਹੋ ਜਿਹੇ ਹੋ ਉਹੋ ਜਹਿਆ ਹੀ ਜ਼ਾਹਰ ਕਰਿਆ ਕਰੋ ਨਹੀਂ ਤਾਂ ਅਸਲੀਅਤ ਲੋਕ ਜ਼ਾਹਰ ਕਰ ਦੇਣਗੇ।**

ਸਿਰਫ਼ ਉਪਦੇਸ਼ ਤੇ ਨਸੀਅਤ ਬੇਕਾਰ ਹੈ, ਜਦ ਤਕ ਖ਼ੁਦ ਨਮੂਨਾ ਬਣ ਕੇ ਨਾਂਹ ਦਿਖਲਾਓ।

ਕਿਹਾ ਕਰਦੇ: ਚਾਰ ਚੀਜ਼ਾਂ ਦਾ ਤਿਆਗ ਫ਼ਕੀਰ ਜ਼ਰੂਰ ਕਰੇ।

ਅੱਖਾਂ ਅੰਨੀਆਂ ਕਰ ਲਵੇ ਤਾਂ ਕਿ ਕਿਸੇ ਦੇ ਐਬ ਨਾ ਤਕੇ।
ਕੰਨ ਡੋਰੇ ਕਰ ਲਵੇ ਤਾਂ ਕਿ ਜੋ ਗੱਲ ਨਹੀਂ ਸੁਣਨੀ, ਕਦੇ ਨਾਂਹ ਸੁਣੇ।
ਪੈਰ ਕਟ ਲਵੇ ਤਾਂ ਕਿ ਜਿਥੇ ਨਹੀਂ ਜਾਣਾ ਨਾਂਹ ਜਾਵੇ।
ਜ਼ਬਾਨ ਗੂੰਗੀ ਕਰ ਲਵੇ ਤਾਂ ਕਿ ਜੋ ਗੱਲ ਕਹਿਣ ਯੋਗ ਨਹੀਂ ਕਦੇ ਨਾ ਆਖੇ।

ਹਾਜ਼ਰ ਜਵਾਬੀ ਵਿਚ ਵੀ ਉਨ੍ਹਾਂ ਦਾ ਸਾਨੀ ਕੋਈ ਨਹੀਂ ਸੀ। ਬਹਾਉੱਦ-ਦੀਨ ਜ਼ਕਰੀਆ ਮੁਲਤਾਨੀ ਨੇ ਇਕ ਵਾਰੀ ਫ਼ਰੀਦ ਜੀ ਨੂੰ ਕਿਹਾ ਸੀ ਕਿ ਉਹ ਆਪਣਾ ਮੁਰੀਦ ਜਮਾਲ ਹਾਂਸਵੀ ਉਸ ਨੂੰ ਦੇ ਦੇਵੇ ਤੇ ਉਸ ਬਦਲੇ ਸਾਰੇ ਮੁਰੀਦ ਲੈ ਲਵੇ ਤਾਂ ਮੁਸਕਰਾ ਕੇ ਕਹਿਣ ਲੱਗੇ: ਹਜ਼ਰਤ! ਮੁਅੱਜਜ਼ਾ ਹਾਲ ਵਿਚ ਹੁੰਦਾ ਹੈ। ਜਮਾਲ ਵਿਚ ਨਹੀਂ। ਵੈਸੇ ਵੀ ਜਮਾਲ ਕਿਸੇ ਨੂੰ ਦਿੱਤਾ ਨਹੀਂ ਜਾਂਦਾ, ਹਾਸਲ ਕਰਨਾ ਪੈਂਦਾ ਹੈ।

ਕਿਸੇ ਨੇ ਕੈਂਚੀ ਦਿੱਤੀ ਤਾਂ ਕਹਿਣ ਲੱਗੇ: ਭਲੇ ਲੋਕ, ਸੂਈ ਦੇਣੀ ਸੀ। ਜ਼ਕਰੀਆ ਮੁਲਤਾਨੀ ਨੇ ਹੀ ਲਿਖਿਆ ਕਿ ਮੇਰੇ ਤੁਹਾਡੇ ਵਿਚ ਇਸ਼ਕ ਬਾਜ਼ੀ ਹੈ ਤਾਂ ਜਵਾਬ ਭੇਜਿਆ:

ਮਾਅ ਓ ਸ਼ੁਮਾਂ।
ਇਸ਼ਕ ਅਸਤ
ਬਾਜ਼ੀ ਨੇਸਤ।

ਕਿਸੇ ਮੂੰਹ ਫੱਟ ਨੇ ਇਕ ਵਾਰੀ ਕਿਹਾ ਕਿ ਤੁਸਾਂ ਤਾਂ ਆਪਣੇ



 www.punjabilibrary.com

ਆਪ ਨੂੰ ਬੁੱਤ ਹੀ ਬਣਾ ਲਿਆ ਹੈ। ਲੋਕੀਂ ਤੁਹਾਡੀ ਪੂਜਾ ਕਰਨ ਲੱਗ ਪਏ ਹਨ।

ਹੱਸ ਕੇ ਕਹਿਣ ਲੱਗੇ ਕਿ ਜੋ ਕੁਝ ਬਣਾਇਆ ਹੈ, ਖ਼ੁਦਾ ਨੇ ਹੀ ਬਣਾਇਆ ਹੈ।

ਅਗਲੇ ਦੀ ਇਜ਼ਤ ਕਰਨਾ ਤੇ ਰੱਖਣਾ ਖ਼ੂਬ ਜਾਣਦੇ ਸਨ। ਦਿਲ ਤੋੜਨ ਨੂੰ ਵੱਡਾ ਗੁਨਾਹ ਗਿਣਦੇ। ਆਪ ਜੀ ਦਾ ਹੀ ਫ਼ਰਮਾਨ ਹੈ :

ਇਕੁ ਫਿਕਾ ਨਾ ਗਾਲਾਇ
ਸਭਨਾ ਮੈ ਸਚਾ ਧਣੀ।
ਹਿਆਉ ਨਾ ਕੈਹੀ ਠਾਹਿ
ਮਾਣਕ ਸਭ ਅਮੋਲਵੇ।੧੨੯।

ਪੜਦੇ-ਕੱਜ ਵੀ ਬੜੇ ਸਨ। ਕਹਿੰਦੇ ਹੁੰਦੇ ਸਨ ਕਿ ਵੱਡਾ ਉਹ ਹੈ ਜਿਸ ਪਾਸ ਆ ਕੇ ਕੋਈ ਛੋਟਾ ਨਾ ਲੱਗੇ।

ਇਕ ਦਫ਼ਾ ਸ਼ੇਖ਼ ਜ਼ਿਆ-ਉੱਦ-ਦੀਨ ਮਿਲਣ ਆਏ ਤਾਂ ਉਹ ਬੜੇ ਸੰਕੋਚ ਵਿਚ ਸਨ। ਜ਼ਿਆ-ਉੱਦ-ਦੀਨ ਨੂੰ ਡਰ ਇਹ ਖਾ ਰਿਹਾ ਸੀ ਕਿ ਬਾਬਾ ਜੀ ਨੇ ਕਿਧਰੇ ਉਹ ਗੱਲ ਕਰ ਦਿੱਤੀ ਜੋ ਉਨ੍ਹਾਂ ਦੀ ਸਮਝ ਤੋਂ ਉਤਾਂਹ ਹੈ ਤਾਂ ਸਾਰਿਆਂ ਸਾਹਮਣੇ ਸ਼ਰਮਿੰਦਗੀ ਉਠਾਣੀ ਪਵੇਗੀ। ਫ਼ਰੀਦ ਜੀ ਨੇ ਕੋਈ ਅਜਿਹੀ ਗੱਲ ਨਾ ਛੇੜੀ ਜਿਸ ਬਾਰੇ ਜ਼ਿਆ-ਉੱਦ-ਦੀਨ ਨੂੰ ਗਿਆਨ ਨਹੀਂ ਸੀ। ਜ਼ਿਆ ਬੜਾ ਖੁਲ੍ਹ ਕੇ ਬੋਲੇ।

ਕਿਸੇ ਇਕ ਵਾਰੀ ਆ ਸ਼ਿਕਾਇਤ ਕੀਤੀ ਕਿ ਮਮਨ ਜੋ ਤੁਹਾਡਾ ਮੁਰੀਦ ਹੈ ਸ਼ਰਾਬ ਪੀਂਦਾ ਹੈ। ਆਪ ਜੀ ਨੇ ਜਦ ਗੱਲੀਂ ਗੱਲੀਂ ਪੁੱਛਿਆ ਤਾਂ ਉਸ ਇਨਕਾਰ ਵਿਚ ਸਿਰ ਹਿਲਾਇਆ ਤਾਂ ਕਹਿਣ ਲੱਗੇ ਕਿ ਦੱਸਣ ਵਾਲੇ ਨੇ ਕਿਤਨੀ ਗ਼ਲਤ ਬਾਤ ਕਹੀ। ਮੈਨੂੰ ਦੁਹਰਾਣੀ ਨਹੀਂ ਚਾਹੀਦੀ ਸੀ। ਮਮਨ ਨੂੰ ਕਿਤਨੇ ਦਿਨ ਕੋਲ ਰੱਖ ਕੇ ਸ਼ਰਾਬ ਪੀਣ ਦੀ ਲਤ ਛੁੜਵਾ ਦਿੱਤੀ।

ਕਿਸੇ ਨੇ ਸੁਲਤਾਨ ਬਲਬਨ ਵਲ ਸਿਫ਼ਾਰਸ਼ੀ ਚਿੱਠੀ ਮੰਗੀ ਤਾਂ ਬਲਬਨ ਨੂੰ ਲਿਖਿਆ :

> ਜੇ ਇਸ ਦਾ ਕੰਮ ਕਰ ਦੇਵੋਂਗਾ ਤਾਂ ਅਸਲ ਵਿਚ ਕੰਮ ਅਲਾਹ ਵਲੋਂ ਹੀ ਹੋਵੇਗਾ ਤੇ ਤੁਸੀਂ ਧੰਨਵਾਦ ਦੇ ਪਾਤਰ ਹੋਵੋਗੇ। ਜੇ ਕੰਮ ਨਾ ਕੀਤਾ, ਰੁਕਾਵਟ ਵੀ ਅਲਾਹ ਵਲੋਂ ਹੀ ਹੋਵੇਗੀ ਤੇ ਤੁਸੀਂ ਅਸਮਰਥ ਸਮਝੇ ਜਾਓਗੇ।


www.punjabilibrary.com

ਖ਼ੁੱਦ-ਇਹਤਮਾਦੀ ਵੀ ਇੰਤਿਹਾ ਦੀ ਸੀ :

"ਫਰੀਦਾ ਬਾਰਿ ਪਰਾਇਐ ਬੈਸਣਾ, ਸਾਂਈ ਮੁਝੈ ਨ ਦੇਹਿ।
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ",

ਆਪ ਜੀ ਦਾ ਪ੍ਰਸਿੱਧ ਸਲੋਕ ਹੈ।

ਆਪਣੇ ਇਸ ਕਥਨ ਤੇ ਸਾਰੀ ਉਮਰ ਪਹਿਰਾ ਦੇਂਦੇ ਰਹੇ। ਸਰੀਰ ਕਮਜ਼ੋਰ ਹੋਣ ਕਾਰਨ ਇਕ ਵਾਰੀ ਸੋਟੀ ਦੇ ਸਹਾਰੇ ਟੁਰ ਕੇ ਥੋੜ੍ਹਾ ਕੁ ਦੂਰ ਗਏ ਹੀ ਸਨ ਕਿ ਸੋਟੀ ਵਗਾਹ ਮਾਰੀ ਤੇ ਕਿਹਾ :

ਫਰੀਦ ਲਈ ਇਹ ਨਹੀਂ ਜੱਚਦਾ ਕਿ ਉਹ ਕਿਸੇ ਬੇ-ਜਾਨ ਲਕੜੀ ਦੇ ਸਹਾਰੇ ਟੁਰੇ।

ਇਕ ਵਾਰੀ ਬਾਬਾ ਫ਼ਰੀਦ ਜੀ ਨੂੰ ਖਿਆਲ ਆਇਆ ਕਿ ਚਾਰ ਮੁੱਢਲੇ ਸਵਾਲਾਂ ਦਾ ਜਵਾਬ ਵੱਖ-ਵੱਖ ਸੌ ਦਰਵੇਸ਼ਾਂ ਕੋਲੋਂ ਪੁੱਛਿਆ ਜਾਵੇ ਤਾਂ ਕਿ ਲੋਕਾਂ ਦਾ ਰਾਹ ਸੁਖਾਲਾ ਹੋਵੇ। ਆਪ ਹੈਰਾਨ ਹੋਏ ਕਿ ਹਰ ਦਰਵੇਸ਼ ਨੇ ਇਕੋ ਜਿਹਾ ਹੀ ਜਵਾਬ ਦਿੱਤਾ। ਆਪ ਜੀ ਦਾ ਭੇਜਿਆ ਪਹਿਲਾ ਸਵਾਲ ਸੀ : ਸਭ ਤੋਂ ਅਕਲਮੰਦ ਕੌਣ ਹੈ ?

ਦਰਵੇਸ਼ਾਂ ਦਾ ਉੱਤਰ ਸੀ : ਤਿਆਗੀ।

ਦੂਜਾ ਪ੍ਰਸ਼ਨ ਸੀ : ਸਭ ਤੋਂ ਵੱਡਾ ਕੌਣ ਹੈ ?

ਸਭ ਦਾ ਜਵਾਬ ਸੀ : ਜੋ ਦੁੱਖ ਸੁੱਖ ਸਮਾਨ ਕਰ ਜਾਣਦਾ ਹੈ।

ਤੀਜੀ ਪੁੱਛ ਸੀ : ਸਭ ਤੋਂ ਅਮੀਰ ਕੌਣ ਹੈ ?

ਸਭ ਨੇ ਕਹਿਲਾ ਭੇਜਿਆ : ਸੰਤੋਖੀ।

ਆਖਰੀ ਸਵਾਲ ਸੀ : ਗ਼ਰੀਬ ਕੌਣ ਹੈ ?

ਹਰ ਇਕ ਦਾ ਉੱਤਰ ਸੀ : ਹਿਰਸੀ। ਤ੍ਰਿਸ਼ਨਾਲੂ।

ਅੰਤਮ ਸਮਾਂ ਨੇੜੇ ਜਾਣ ਨਿਜ਼ਾਮ-ਉੱਦ-ਦੀਨ ਔਲੀਆ ਨੂੰ ਖ਼ਿਲਾਫ਼ਤ ਸੌਂਪੀ ਤੇ ਕਿਹਾ : ਸੀਨੇ ਦਾ ਇਲਮ ਤੈਨੂੰ ਤੇ ਦਿਲ ਦਾ ਇਲਮ ਸਾਬਰ ਨੂੰ। ਗਲੇ ਲਗਾ ਕੇ ਕਹਿਣ ਲੱਗੇ ਕਿ ਜਾਓ, ਖ਼ੁੱਦਾ ਦੇ ਹਵਾਲੇ। ਹੁਣ ਹਸ਼ਰ ਵਿਚ ਮੁਲਾਕਾਤ ਹੋਵੇਗੀ। ਫਿਰ ਪੜ੍ਹਨ ਲੱਗ ਪਏ : ਖ਼ੈਰ ਦੀਜੈ ਬੰਦਗੀ। ਵਜਦ ਵਿਚ ਚਲੇ ਗਏ ਸਨ। ਇੰਝ ਲੱਗਦਾ ਸੀ ਕਿ ਕਿਸੇ ਦੁਨਿਆਵੀ ਸ਼ੈ ਨਾਲ ਸੰਬੰਧ ਨਹੀਂ ਰਿਹਾ। ਬੇਟੇ ਨਿਜ਼ਾਮ ਨੇ ਸਲਾਮ ਭੇਜੀ ਤਾਂ ਕਹਿਣ ਲੱਗੇ : ਕੌਣ ਨਿਜ਼ਾਮ। ਜ਼ਬਾਨ ਤੇ ਇਹ ਤੁਕਾਂ ਹੁੰਦੀਆਂ ਸਨ :

ਫਰੀਦਾ ਥੀਉ ਪਵਾਈ ਦਭੁ।
ਜੇ ਸਾਂਈ ਲੋੜਹਿ ਸਭੁ।
ਇਕੁ ਛਿਜਹਿ ਬਿਆ ਲਤਾੜੀਅਹਿ।
ਤਾਂ ਸਾਈਂ ਦੈ ਦਰਿ ਵਾੜੀਅਹਿ।੧੬।




www.punjabilibrary.com

ਪੰਜ ਮੁਹਰਮ (੧੭ ਅਕਤੂਬਰ, ੧੨੬੫) ਨੂੰ ਪੰਜ ਵਾਰੀ ਕੁਰਾਨ ਦਾ ਪੂਰਾ ਪਾਠ ਕੀਤਾ। ਮਗਰਬ (ਸ਼ਾਮ) ਦੀ ਨਮਾਜ਼ ਪੜ੍ਹਨ ਬਾਅਦ ਕਿਹਾ ਕਿ ਮੈਨੂੰ ਇਕੱਲਾ ਛੱਡ ਦਿਓ। ਮੇਰੇ ਬੁਲਾਏ ਬਗੈਰ ਕੋਈ ਅੰਦਰ ਨਾ ਆਵੇ। ਹੁਜਰਾ ਬੰਦ ਕਰ ਲਿਆ। ਗਈ ਰਾਤ (ਅਸ਼ਾ) ਦੀ ਨਮਾਜ਼ ਅਦਾ ਕੀਤੀ ਹੀ ਸੀ ਕਿ ਗਸ਼ੀ ਆ ਗਈ। ਜਦ ਰਤਾ ਕੁ ਹੋਸ਼ ਪਰਤੀ ਤਾਂ ਪੁੱਛਿਆ ਕਿ ਨਮਾਜ਼ ਪੜ੍ਹ ਲਈ ਹੈ ਕਿ ਨਹੀਂ। ਲੋਕਾਂ ਜਦ ਕੋਈ ਉੱਤਰ ਨਾ ਦਿੱਤਾ ਤਾਂ ਕਹਿਣ ਲੱਗੇ ਕਿ ਕੀ ਹਰਜ ਹੈ, ਫਿਰ ਪੜ੍ਹ ਲੈਂਦੇ ਹਾਂ। ਜਦ ਸਿਜਦੇ ਵਿਚ ਹੋਏ ਤਾਂ ਫਿਰ ਸਿਰ ਨਾ ਚੁਕਿਆ। ਰੂਹ ਪਰਵਾਜ਼ ਕਰ ਗਈ।

ਇਹ ਵੀ ਇਕ ਅਜੀਬ ਸੁਮੇਲ ਹੀ ਸੀ ਕਿ ਆਪ ਜੀ ਦੇ ਤਿੰਨੋ ਨਾਮਵਰ ਮੁਰੀਦ ਪਾਸ ਨਹੀਂ ਸਨ। ਜਮਾਲ ਹਾਂਸਵੀ ਦੋ ਸਾਲ ਹੋਏ ਚੜ੍ਹਾਈ ਕਰ ਗਿਆ ਸੀ। ਸਾਬਰ ਕਲੇਰ ਸਨ ਤੇ ਨਿਜ਼ਾਮ-ਉੱਦ-ਦੀਨ ਦਿੱਲੀ ਵਿਚ।

ਇਸੇ ਤਰ੍ਹਾਂ ਉਸ ਵੇਲੇ ਹੋਇਆ ਜਦ ਖ਼ਵਾਜਾ ਉਸਮਾਨ ਹਾਰੂੰ ਗੁਜ਼ਰੇ ਤਾਂ ਮੁਈਨ-ਉੱਦ-ਦੀਨ ਚਿਸ਼ਤੀ ਪਾਸ ਨਹੀਂ ਸਨ। ਚਿਸ਼ਤੀ ਦੇ ਦਿਹਾਂਤ ਵੇਲੇ ਬਖ਼ਤਿਆਰ ਕਾਕੀ ਕੋਲ ਨਹੀਂ ਸਨ ਤੇ ਕਾਕੀ ਦੇ ਗੁਜ਼ਰਨ ਵੇਲੇ ਫ਼ਰੀਦ ਜੀ ਹਾਂਸੀ ਸਨ।

ਅਜੋਧਨ ਦਾ ਨਾਂ ਅਕਬਰ ਨੇ ਹੀ ਪਾਕ ਪਟਨ ਰਖਿਆ ਸੀ।

□


www.punjabilibrary.com

## ਸੱਤ

*ਹਸਨ ਅਬਦਾਲ (ਪੰਜਾ ਸਾਹਿਬ)*

ਐਨ. ਓਰੀਐਂਟਲ ਬਾਇਓਗ੍ਰਾਫ਼ੀਕਲ ਡਿਕਸ਼ਨਰੀ ਮੁਤਾਬਿਕ ਹਸਨ ਅਬਦਾਲ ਖੁਰਾਸਾਨ ਦੇ ਨਗਰ ਸਯਦ ਸਬਜ਼ਵਾਰ ਦਾ ਰਹਿਣ ਵਾਲਾ ਸੀ ਅਤੇ ਤੈਮੂਰ ਦੇ ਪੋਤਰੇ ਸ਼ਾਹ ਰੁੱਖ ਨਾਲ ਪੰਦਰ੍ਹਵੀਂ ਸਦੀ ਦੇ ਮੱਧ ਵਿਚ ਹਿੰਦੁਸਤਾਨ ਆਇਆ। ਸ਼ਾਹ ਰੁੱਖ ਨੇ ਆਪਣੀ ਚਾਲ੍ਹੀ ਸਾਲਾਂ ਦੀ ਹਕੂਮਤ ਵਿਚ ਕੋਈ ਵੱਡੀ ਲੜਾਈ ਨਾ ਲੜੀ। ਤੈਮੂਰ ਦੇ ਸਾਜੇ ਸਾਮਰਾਜ ਨੂੰ ਮਜ਼ਬੂਤੀ ਨਾਲ ਕਾਇਮ ਰਖਿਆ। ਸ਼ਾਹ ਰੁੱਖ ਤੇ ਹਸਨ ਅਬਦਾਲ ਦਾ ਬੜਾ ਪ੍ਰਭਾਵ ਸੀ।

ਅਬਦਾਲ ਲਫ਼ਜ਼ ਬਾਰੇ ਥੋੜ੍ਹਾ ਜਿਹਾ ਜਾਣਨਾ ਵੀ ਜ਼ਰੂਰੀ ਹੈ।

ਸਾਡੇ ਇਤਿਹਾਸ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਜਦ ਸੱਚਾ ਸੌਦਾ ਕਰਨ ਗਏ ਤਾਂ ਸੌਦਾ ਖ਼ਰੀਦਣ ਦੀ ਥਾਂ ਰਸਦ ਖ਼ਰੀਦ, ਪਕਵਾ ਅਬਦਾਲਾਂ ਨੂੰ ਖਵਾ ਆਏ ਸਨ।

ਅਬਦਾਲ ਆਪਣੀ ਨੇਕੀ ਦੇ ਕਾਰਨ ਐਸੀ ਸ਼ਕਤੀ ਪ੍ਰਾਪਤ ਕਰ ਲੈਂਦੇ ਹਨ ਕਿ ਆਪਣੀ ਇੱਛਾ ਅਨੁਸਾਰ ਆਪਣਾ ਵੇਸ ਬਦਲ ਸਕਦੇ ਹਨ। ਇਹ ਆਪਣਾ ਤਕੀਯਾ ਛੱਡ ਕਿਧਰੇ ਵਾਟ ਤੇ ਜਾਂਦੇ ਹਨ ਤਾਂ ਆਪਣੀ ਸੂਰਤ ਸੀਰਤ ਦਾ ਇਕ ਵਿਅਕਤੀ ਉਸ ਥਾਂ ਛੱਡ ਜਾਂਦੇ ਹਨ ਤਾਂ ਕਿ ਲੋਕੀਂ ਇਹ ਨਾ ਜਾਣ ਸਕਣ ਕਿ ਅਬਦਾਲ ਕਿਥੇ ਗਿਆ ਹੈ।

ਲੁਗਾਤਿ-ਫ਼ਿਰੋਜ਼ੀ ਵਿਚ ਲਿਖਿਆ ਹੈ ਕਿ ਕੁਲ ਸੱਤਰ ਅਬਦਾਲ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਇਨ੍ਹਾਂ ਦੇ ਵਸੀਲੇ ਨਾਲ ਬਾਰਸ਼ ਆਂਵਦੀ ਹੈ ਤੇ ਲੋਕਾਂ ਦੇ ਦੁਖੜੇ ਇਨ੍ਹਾਂ ਕਰ ਕੇ ਦੂਰ ਹੁੰਦੇ ਹਨ।

ਹਸਨ ਅਬਦਾਲ ਕਰਾਮਾਤੀ ਸ਼ਕਤੀਆਂ ਦਾ ਮਾਲਕ ਹੋਣ ਕਾਰਨ 'ਵਲੀ' ਕਰ ਕੇ ਜਾਣਿਆ ਜਾਣ ਲੱਗਾ। ਕੰਧਾਰ ਵਿਚ ਇਸ ਨੇ ਤਕੀਯਾ ਬਣਾ ਲਿਆ ਸੀ ਅਤੇ ਜਦ ਪੰਜਾ ਸਾਹਿਬ ਵਾਲੀ ਥਾਂ ਆ ਟਿਕਿਆ ਤਾਂ ਲੋਕੀ ਇਸ ਨੂੰ ਵਲੀ ਕੰਧਾਰੀ ਕਹਿਣ ਲੱਗ ਪਏ। ਦਿਹਾਂਤ ਵੀ ਇਸ ਦਾ ਕੰਧਾਰ ਵਿਖੇ ਹੀ ਹੋਇਆ ਸੀ, ਜਿਥੇ ਹੁਣ ਤੱਕ ਇਸ ਦੀ ਕਬਰ ਪੂਜੀ ਜਾਂਦੀ ਹੈ।


www.punjabilibrary.com

ਬਹੁਤ ਲੰਮੀ ਉਮਰ ਪਾਈ। ਲੰਮਾ ਵਸੇਬਾ ਪੰਜਾ ਸਾਹਿਬ ਵਾਲੀ ਥਾਵੇਂ ਹੋਣ ਕਾਰਨ ਥਾਂ ਹਸਨ ਅਬਦਾਲ ਕਰ ਕੇ ਜਾਣੀ ਗਈ ਪਰ ਗੁਰੂ ਨਾਨਕ ਸਾਹਿਬ ਦਾ ਪਹਾੜੀ ਵਿਚ ਪੰਜਾ ਲੱਗਣ ਕਾਰਨ ਪੰਜਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਈ। ਜਿਨ੍ਹਾਂ ਪੰਜਾ ਸਾਹਿਬ ਦੇ ਦਰਸ਼ਨ ਕੀਤੇ ਹਨ ਅਤੇ ਨਾਲ ਲਗਦੀ ਪਹਾੜੀ ਤੇ ਚੜ੍ਹੇ ਹਨ ਉਹ ਜਾਣਦੇ ਹਨ ਕਿ ਟੀਸੀ ਵਾਲੀ ਥਾਂ ਨੂੰ ਹੁਣ ਵੀ ਤੱਖ਼ਤ ਅਬਦਾਲ ਹੀ ਕਹਿੰਦੇ ਹਨ। ਕਬਰਾਂ ਰਾਹ ਵਿਚ ਹਨ। ਇਹ ਹਸਨ ਅਬਦਾਲ ਦੇ ਮੁਰੀਦਾਂ ਦੀਆਂ ਹਨ।

ਐਲਫ਼ਿਨਸਟਨ ਵਰਗਾ ਇਤਿਹਾਸਕਾਰ ਵੀ ਭੁਲੇਖਾ ਖਾ ਗਿਆ ਜਦ ਉਸ ਨੇ 'ਐਨ ਅਕਾਊਂਟ ਔਫ਼ ਦੀ ਕਿੰਗਡਮ ਔਫ਼ ਕਾਬਲ' ਦੇ ਪੰਨਾ ੯੮ ਤੇ ਲਿਖਿਆ ਕਿ ਇਥੇ ਇਕ ਬੜਾ ਸੋਹਣਾ ਬਾਗ਼ ਸੀ ਜੋ ਕੁਹਾਟ ਦੇ ਬਾਗ਼ ਵਰਗਾ ਸੀ। ਇਸ ਦੇ ਲਾਗੇ ਹੀ ਹਸਨ ਅਬਦਾਲ ਦੀ ਕਬਰ ਹੈ।

ਹਿੰਦੁਸਤਾਨ ਆ ਹਸਨ ਅਬਦਾਲ ਨੇ ਜਿਥੇ ਡੇਰਾ ਲਗਾਇਆ ਉਹ ਕਿਤਨੀ ਮਹੱਤਵਪੂਰਨ ਥਾਂ ਤੇ ਸੀ ਇਸ ਦਾ ਅੰਦਾਜ਼ਾ ਇਥੋਂ ਲਗਾਓ ਕਿ ਉਸ ਥਾਂ ਤੋਂ ਐਬਟਾਬਾਦ ੪੨ ਮੀਲ, ਹਰੀਪੁਰ ੧੯ ਮੀਲ, ਰਾਵਲਪਿੰਡੀ ੩੨ ਮੀਲ, ਕੈਂਬਲਪੁਰ ੨੩ ਮੀਲ, ਅਟਕ ੩੫ ਮੀਲ, ਪੇਸ਼ਾਵਰ ੯੦ ਮੀਲ ਅਤੇ ਕਸ਼ਮੀਰ ਵੱਲ ਨੂੰ ਜਾਣ ਦਾ ਪਹਿਲਾ ਪੜਾਅ ਇਹ ਹੀ ਹੈ। ਜਹਾਂਗੀਰ ਤੁਜ਼ਿਕ ਵਿਚ ਲਿਖਦਾ ਹੈ ਕਿ ਕਸ਼ਮੀਰ ਉਥੋਂ ੭੫ ਕੋਹ ਹੈ। ਜਹਾਂਗੀਰ ਲਿਖਦਾ ਹੈ ਕਿ ਇਥੋਂ ਦੇ ਸਰੋਵਰ ਦਾ ਜਲ ਇਤਨਾ ਸਾਫ਼, ਸੁੱਥਰਾ, ਮਿੱਠਾ ਤੇ ਸ਼ਫ਼ਾਫ਼ ਹੈ ਕਿ ਅਮੀਰ ਖ਼ੁਸਰੋ ਦਾ ਕਿਹਾ ਸ਼ੇਅਰ ਯਾਦ ਆ ਜਾਂਦਾ ਹੈ :

ਚਾਨਣੀ ਰਾਤ ਨੂੰ ਕੋਈ ਅੰਨ੍ਹਾ ਵੀ ਇਸ ਜਲ ਵਿਚ ਦੇਖੇ ਤਾਂ ਉਸਨੂੰ ਰੇਤ ਦੇ ਜ਼ੱਰੇ ਸਾਫ਼ ਨਜ਼ਰੀਂ ਪੈ ਜਾਣ।

ਜਹਾਂਗੀਰ ਨੇ ਇਹ ਵੀ ਲਿਖਿਆ ਹੈ ਕਿ ਇਹ ਥਾਂ ਬਹੁਤ ਹੀ ਪਾਵਨ ਗਿਣੀ ਜਾਂਦੀ ਸੀ ਕਿ ਖ਼੍ਵਾਜਾ ਸ਼ੱਮਸ-ਉੱਦ-ਦੀਨ ਮੁਹੰਮਦ ਖਾਫ਼ੀ ਨੇ ਇਥੇ ਆਪਣੀ ਕਬਰ ਵੀ ਬਣਾ ਦਿੱਤੀ ਸੀ ਪਰ ਉਸਨੂੰ ਤਾਂ ਉੱਥੇ 'ਦਫ਼ਨ' ਨਸੀਬ ਨਾ ਹੋਇਆ ਪਰ ਹਕੀਮ ਆਬੂ-ਉਲ-ਫ਼ਤਹ ਗਿਲਾਨੀ ਹਮਾਮ ਦਬਾਏ ਗਏ।

ਪੰਜਾ ਸਾਹਿਬ ਦਾ ਸਾਰਾ ਕਸਬਾ ਹੀ ਚਾਰ ਦੀਵਾਰੀ ਨਾਲ ਘਿਰਿਆ ਸੀ। ਰਣਨੀਤੀ ਦੇ ਨਾਤੇ ਵੀ ਇਹ ਥਾਂ ਬੜੀ ਮਹੱਤਵਪੂਰਨ ਹੈ। ਜਹਾਂਗੀਰ ਅਤੇ ਔਰੰਗਜ਼ੇਬ ਕਈ ਵਾਰ ਇਥੇ ਆਏ। ਔਰੰਗਜ਼ੇਬ ਨੇ ਤਾਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਦਾ ਫ਼ੁਰਮਾਨ ਵੀ ਇਥੋਂ ਹੀ ਜਾਰੀ ਕੀਤਾ ਸੀ। ਸਿੱਖ ਰਾਜ ਵੇਲੇ ਸਰਦਾਰ ਹਰੀ ਸਿੰਘ



 www.punjabilibrary.com

ਨਲੂਆ ਦਾ ਮੁਨਸ਼ੀਖਾਨਾ ਇਥੇ ਹੋਣਾ ਇਸ ਦੀ ਹੋਰ ਮਹੱਤਤਾ ਪ੍ਰਗਟਾਉਂਦਾ ਹੈ।

ਗੁਰੂ ਨਾਨਕ ਸਾਹਿਬ ੨੪ ਹਾੜ੍ਹ ਸੰਮਤ ੧੫੭੭ (ਸੰਨ ੧੫੨੦) ਗੜ੍ਹ ਬਗ਼ਦਾਦ ਨਿਵਾਇ ਕੇ ਕਾਬਲ ਤੋਂ ਹੁੰਦੇ ਇਥੇ ਆਏ। ਇਸ ਗੱਲ ਦੀ ਪੁਸ਼ਟੀ ਇਸੇ ਗੱਲੋਂ ਹੋ ਜਾਂਦੀ ਹੈ ਕਿ ਸਲਾਨਾ ਜੋੜ ਮੇਲਾ ਇਸੇ ਹੀ ਦਿਨ ਇਥੇ ਹੁੰਦਾ ਸੀ।

ਜਿਥੇ ਅੱਜ ਕੱਲ੍ਹ ਪੰਜਾ ਸਾਹਿਬ ਹੈ ਉਸ ਦੇ ਉਤਰ ਵੱਲ ਗੁਰੂ ਨਾਨਕ ਸਾਹਿਬ ਤੂਤ ਦੇ ਦਰੱਖ਼ਤ ਹੇਠਾਂ ਬਿਰਾਜੇ ਸਨ। ਜਿਥੇ ਹੁਣ ਨਿਸ਼ਾਨ ਸਾਹਿਬ ਝੂਲ ਰਿਹਾ ਹੈ, ਉਥੇ ਪਹਿਲਾਂ ਪਿਪਲ ਦਾ ਵੀ ਦਰੱਖ਼ਤ ਸੀ।

ਇਥੇ ਪੁੱਜ ਜਦ ਭਾਈ ਮਰਦਾਨਾ ਜੀ ਨੂੰ ਪਿਆਸ ਨੇ ਸਤਾਇਆ ਤੇ ਇਧਰ ਉਧਰ ਜਲ ਨਾ ਦੇਖ ਗੁਰੂ ਨਾਨਕ ਸਾਹਿਬ ਨੂੰ ਬੇਨਤੀ ਕੀਤੀ ਤਾਂ ਮਹਾਰਾਜ ਨੇ ਪਹਾੜੀ ਵੱਲ ਇਸ਼ਾਰਾ ਕੀਤਾ ਕਿ ਉਥੇ ਵਲੀ ਕੰਧਾਰੀ ਨੇ ਜਲ ਕਬਜ਼ੇ ਕੀਤਾ ਹੋਇਆ ਹੈ। ਤ੍ਰਿਖਾਵੰਤਾਂ ਨੂੰ ਤਰਸਾ ਕੇ ਜਲ ਦੇਂਦਾ ਹੈ ਅਤੇ ਈਨ ਮਨਵਾ ਕੇ ਦੀਨ ਵਿਚ ਲਿਆਂਦਾ ਹੈ। ਭਾਈ ਮਰਦਾਨਾ ਜੀ ਜਦ ਤੱਖ਼ਤ ਅਬਦਾਲ ਤੇ ਚੜ੍ਹੇ ਅਤੇ ਪਾਣੀ ਮੰਗਿਆ ਤਾਂ ਉਸ ਸਾਫ਼ ਇਨਕਾਰ ਕਰ ਦਿੱਤਾ ਅਤੇ ਕਿਹਾ ਜਿਸ ਗੁਰੂ ਨਾਨਕ ਦਾ ਮੁਰੀਦ ਬਣਿਆ ਫਿਰਦਾ ਹੈਂ ਉਸੇ ਨੂੰ ਆਖ ਕਿ ਜਲ ਦੇਵੇ।

ਕੀਰਤ ਜਬ ਸ੍ਰੀ ਗੁਰੂ ਉਚਾਰੀ।
ਜਰ ਨ ਸਕਿਉ ਉਰ ਵਲੀ ਕੰਧਾਰੀ।
ਕਹੈ : ਜੁ ਤਪਾ ਅਜ਼ਮਾਤੀ ਐਸੇ।
ਕਿਉਂ ਨ ਮੰਗਾਵੈ ਜਲ ਮੈ ਬੈਸੇ।

(ਉਤ੍ਰਾਧਿ ਅਧਿਆਇ ੧੪, ਨਾਨਕ ਪ੍ਰਕਾਸ਼)

ਮਰਦਾਨਾ ਜੀ ਨੇ ਆ ਕੇ ਜਦ ਸਾਰੀ ਵਿਥਿਆ ਸੁਣਾਈ ਤਾਂ ਮਹਾਰਾਜ ਨੇ ਮਰਦਾਨਾ ਨੂੰ ਨੇੜੇ ਪਿਆ ਇਕ ਪੱਥਰ ਹਟਾਉਣ ਲਈ ਕਿਹਾ। ਪੱਥਰ ਦਾ ਹਟਣਾ ਸੀ ਕਿ ਗੜ ਗੜ ਕਰਦਾ ਜਲ ਵਹਿ ਤੁਰਿਆ। ਹਸਨ ਅਬਦਾਲ ਪਹਾੜੀ ਤੇ ਸਾਰਾ ਕੌਤਕ ਦੇਖ ਰਹਿਆ ਸੀ। ਐਸੇ ਰੋਹ ਵਿਚ ਆਇਆ ਕਿ ਪਹਾੜੀ ਤੋਂ ਪਹਾੜ ਦਾ ਇਕ ਟੋਟਾ ਉਸ ਹੇਠਾਂ ਵੱਲ ਗੁਰੂ ਨਾਨਕ ਦਾ ਨਿਸ਼ਾਨਾ ਬਣਾ ਕੇ ਧਕੇਲ ਦਿੱਤਾ। ਗੁਰੂ ਨਾਨਕ ਜੀ ਅਡੋਲ ਤੱਕਦੇ ਰਹੇ ਅਤੇ ਜਦ ਪਹਾੜ ਨੇੜੇ ਆਇਆ ਤਾਂ ਆਪ ਨੇ ਆਪਣਾ ਸੱਜਾ ਹੱਥ ਪਹਾੜੀ ਤੇ ਟਿਕਾ ਦਿੱਤਾ। ਪੱਥਰ ਮੋਮ ਹੋਇ ਗਿਆ ਅਤੇ ਗੁਰੂ ਜੀ ਦੇ ਪਾਵਨ ਹੱਥ ਦਾ ਨਿਸ਼ਾਨ ਉਸ ਥਾਂ ਬਣ ਗਿਆ।



 www.punjabilibrary.com

ਕਵੀ ਗਵਾਲ ਨੇ ਇਸੇ ਪ੍ਰਥਾਇ ਲਿਖਿਆ ਸੀ :

ਗਿਰ ਕੋ ਗਿਰਤ ਥਾਂਭ ਲਯੋ,
ਸੋ ਪ੍ਰਤਖ ਅਜੋਂ,
ਦੇਖੋ ਸੁਛ ਐਸੋ.
ਗੁਰ ਨਾਨਕ ਕੋ ਪੰਜਾ ਹੈ। (ਮਹਾਨ ਕੋਸ਼)

ਹੰਕਾਰ ਦੀ ਟੀਸੀ ਤੋਂ ਵਲੀ ਉਤਰ ਹੇਠ ਆਇਆ ਤੇ ਖਿਮਾ ਮੰਗੀ।

ਮਹਾਰਾਜ ਨੇ ਕਿਹਾ :

**ਵਲੀ ਜੀ ! ਬਰਕਤਾਂ ਪਾ ਵੰਡੀ ਦੀਆਂ ਹਨ ਨਾ ਕਿ ਲੋਕਾਂ ਨੂੰ ਸਤਾਣ ਲਈ ਵਰਤੀਦੀਆਂ ਹਨ। ਦਰਵੇਸ਼ ਕਦੇ ਕਿਸੇ ਸ਼ੈ ਤੇ ਹਕ ਨਹੀਂ ਜਤਲਾਂਦੇ।**

ਤੈ ਮਤਸਰ ਦੁਖ ਨਾਹਕ ਜਾਨਾ।
ਜਿਸ ਮੈ ਪ੍ਰਾਪਤ ਕਿਛੂ ਨ ਹੋਇ।
ਹਰਖ ਰਿਦੈ ਕਰ ਤਯਾਗੋ ਸੋਇ।
ਹਰਦਮ ਯਾਦ ਖ਼ੁਦਾਇ ਕਰੀਜੈ।
ਮਾਨੁਖ ਤਨ ਸਫਲ ਕਰ ਲੀਜੈ।

(ਨਾਨਕ ਪ੍ਰਕਾਸ਼, ਅਧਿਆਇ ੨੪)

ਇਹ ਸੁਣ ਹਸਨ ਅਬਦਾਲ ਚਰਨੀਂ ਢੱਠਾ ਅਤੇ ਰਹਿਮਤ ਦਾ ਦਰ ਖੋਲ੍ਹਣ ਲਈ ਬੇਨਤੀ ਕੀਤੀ। ਮਹਾਰਾਜ ਨੇ ਫ਼ਰਮਾਇਆ : ਤੇਰਾ ਵੀ ਦੀਵਾ ਟਿਮਕਦਾ ਰਵ੍ਹੇਗਾ।

ਨਿੰਮ੍ਹ ਹੋ ਕੇ ਵਲੀ ਕੰਧਾਰੀ ਖ਼ੁਦਾ ਦੀ ਯਾਦ ਵਿਚ ਜੁੜਨ ਦਾ ਪ੍ਰਚਾਰ ਦੂਰ ਦੁਰੇਡੇ ਕਰਨ ਲੱਗਾ। ਕੰਧਾਰ ਵਿਖੇ ਉਸ ਦੀ ਮ੍ਰਿਤੂ ਹੋਈ।

ਇਸ ਥਾਂ ਦੀ ਪਹਿਲਾਂ ਮੁਸਲਮਾਨ ਹੀ ਸੇਵਾ ਕਰਦੇ ਰਹੇ। ਇਹ ਗੁਰਦੁਆਰਾ ਤੇ ਸਰੋਵਰ ਸਰਦਾਰ ਹਰੀ ਸਿੰਘ ਨਲੂਆ ਨੇ ਹੀ ਬਣਾਇਆ। ਨਿਸ਼ਾਨ ਸਾਹਿਬ ਦੀ ਸੇਵਾ ਜਰਨੈਲ ਹੁਕਮ ਸਿੰਘ ਚਿਮਨੀ ਨੇ ਕੀਤੀ। ਇਕ ਵਾਰੀ ਕੁਝ ਸਿਰ ਫਿਰੇ ਮੁਸਲਮਾਨਾਂ ਫਿਰ ਕਬਜ਼ਾ ਕਰਨਾ ਚਾਹਿਆ ਪਰ ੩੬ ਨੰਬਰ ਸਿਖ ਪਲਟਨ ਨੇ ਮਾਰਚ ਕਰ ਕੇ ਬੇਅਦਬੀ ਤੋਂ ਰੋਕਿਆ। ਇਹ ਵੀ ਦਸਦੇ ਹਨ ਕਿ ਕਿਸੇ ਪੰਜਾ ਸਾਹਿਬ ਖੁਰਚ ਵੀ ਦਿੱਤਾ ਸੀ ਪਰ ਹੇਠੋਂ ਫਿਰ ਨਿਕਲ ਆਇਆ। ਲਾਲਾ ਸੋਹਣ ਲਾਲ ਨੇ ਉਮਦਾਤੁਲ ਤਵਾਰੀਖ਼ ਦਫ਼ਤਰ ਦੋਮ ਸਫ਼ਾ ੨੩੫ ਤੇ ਲਿਖਿਆ ਹੈ ਕਿ ਕਤਕ ਦੇ ਮਹੀਨੇ ਦੀ ੨੩ ਤਾਰੀਖ਼ ਸੰਮਤ ੧੮੭੫ ਮੁਤਾਬਕ ਮੁਹਰਮ ਮਹੀਨੇ ਦੀ ਤਿੰਨ, ਹਿਜਰੀ ੧੨੩੪ ਨੂੰ ਹਸਨ ਅਬਦਾਲ ਵਿਚ ਗੁਰੂ ਸਾਹਿਬ ਦੇ ਪੰਜਾ



 www.punjabilibrary.com

ਸਾਹਿਬ ਦੇ ਪ੍ਰੇਮ ਪੂਰਵਕ ਦਰਸ਼ਨ ਕਰ ਕੇ ਖ਼ੁਸ਼ੀ ਪ੍ਰਾਪਤ ਕੀਤੀ ਤੇ ਨਿਹਾਲ ਹੋਇਆ।

ਫ਼ਾਰਸੀ ਦੇ ਸਹੀ ਸ਼ਬਦ ਹਨ :

**ਦਰ ਮਕਾਨ ਹਸਨ ਅਬਦਾਲ ਬ ਦਰਸ਼ਨ ਦੀਦਾਰ**
**ਪੰਜਾ ਸਾਹਿਬ ਗੁਰੂ ਸਾਹਿਬ ਅਲਾਫ਼**
ਅਨਫ਼ਰਾਹ ਵ ਅਨਸ਼ਰਾਹ
ਹਾਸਲ ਫ਼ਰਮੂਦਾ।

ਸਾਕਾ ਪੰਜਾ ਸਾਹਿਬ ੧੫ ਕਤਕ ਸੰਮਤ ੧੯੭੯ ਮੁਤਾਬਿਕ ੩੦ ਅਕਤੂਬਰ ੧੯੨੨ ਨੂੰ ਹੋਇਆ।

ਸਵੇਰੇ ਦਸ ਵਜੇ ਸੰਗਤਾਂ ਨੂੰ ਖ਼ੱਬਰ ਪੁੱਜੀ ਕਿ ਕਈ ਦਿਨਾਂ ਦੇ ਭੁਖੇ ਭਾਣੇ, ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਗ੍ਰਿਫ਼ਤਾਰ ਕੀਤੇ ਸਿੰਘ ਸ੍ਪੈਸ਼ਲ ਗੱਡੀ ਰਾਹੀਂ ਉਥੋਂ ਲੰਘ ਰਹੇ ਹਨ ਤਾਂ ਪ੍ਰਸ਼ਾਦ ਤਿਆਰ ਕਰ ਕੇ ਸੰਗਤਾਂ ਰੇਲ ਪਟੜੀ ਤੇ ਆ ਬੈਠੀਆਂ।

ਸਟੇਸ਼ਨ ਮਾਸਟਰ ਨੇ ਜਦ ਕਿਹਾ ਕਿ ਗੱਡੀ ਇਥੇ ਰੁਕਣ ਵਾਲੀ ਨਹੀਂ ਤਾਂ ਭਾਈ ਪ੍ਰਤਾਪ ਸਿੰਘ ਜੀ ਜੋ ਗੁਰਦੁਆਰਾ ਸਾਹਿਬ ਦੇ ਖ਼ਜ਼ਾਨਚੀ ਸਨ, ਨੇ ਕਿਹਾ :

> ਜੇ ਮੇਰਾ ਗੁਰੂ ਨਾਨਕ ਪਹਾੜ ਰੋਕ ਸਕਦਾ ਹੈ ਤਾਂ ਉਸ ਦੇ ਸਿਖਾਂ ਵਿਚ ਇਤਨੀ ਸ਼ਕਤੀ ਉਸ ਨੇ ਪਾਈ ਹੋਈ ਹੈ ਕਿ ਗੱਡੀ ਰੋਕ ਲੈਣ।

ਗੱਡੀ ਸ਼ੂਕਦੀ ਹੋਈ ਆਈ। ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਨੂੰ ਸ਼ਹੀਦ ਕਰਦੇ, ਸਿੰਘਾਂ ਨੂੰ ਜ਼ਖ਼ਮੀ ਕਰ ਕੇ ਥਾਂ ਤੇ ਹੀ ਰੁਕ ਗਈ।

ਜਦ ਜ਼ਖ਼ਮੀ ਸਿੰਘਾਂ, ਭਾਈ ਗੰਗਾ ਸਿੰਘ, ਭਾਈ ਚਰਨ ਸਿੰਘ (ਅਟਕ), ਭਾਈ ਨਿਹਾਲ ਸਿੰਘ ਸੇਵਾਦਾਰ, ਭਾਈ ਭਾਗ ਸਿੰਘ ਹਲਵਾਈ (ਕੈਂਬਲਪੁਰ), ਭਾਈ ਫ਼ਕੀਰ ਸਿੰਘ ਪੰਜਾ ਸਾਹਿਬ ਅਤੇ ਭਾਈ ਕਲਯਾਨ ਸਿੰਘ ਮੁਜ਼ਫ਼ਰਪੁਰ (ਕਸ਼ਮੀਰ) ਨੂੰ ਉਠਾਉਣ ਲਈ ਕੁਝ ਸਿੰਘ ਨੇੜੇ ਆਏ ਤਾਂ ਉਨ੍ਹਾਂ ਕਿਹਾ :

> ਸਾਡੀ ਪਰਵਾਹ ਨਾ ਕਰੋ। ਪਹਿਲਾਂ ਸਿੰਘਾਂ ਨੂੰ ਪ੍ਰਸ਼ਾਦਿ ਛਕਾਓ ਜਿਨ੍ਹਾਂ ਕਈ ਦਿਨਾਂ ਦਾ ਕੁਝ ਮੂੰਹ ਵਿਚ ਨਹੀਂ ਪਾਇਆ।

ਅੱਗੇ ਜਲ ਦਾ ਚਸ਼ਮਾ ਪਰਉਪਕਾਰ ਹਿਤ ਗੁਰੂ ਨਾਨਕ ਦੇਵ ਜੀ ਨੇ ਚਲਾਇਆ ਸੀ ਹੁਣ ਸਿੱਖ ਇਤਿਹਾਸ ਨਾਲ ਇਹ ਵੀ ਜੁੜ



Page 43 www.punjabilibrary.com

ਗਿਆ ਕਿ ਸਿੰਘ ਲੰਗਰ ਛਕਾਉਣ ਲਈ ਜਾਨਾਂ ਤਕ ਵਾਰ ਦੇਂਦੇ ਹਨ।

ਕਿਤਨਾ ਸਾਫ਼ ਸੁਥਰਾ ਪ੍ਰਬੰਧ ਸੀ ਪੰਜਾ ਸਾਹਿਬ ਦੇ ਗੁਰਦੁਆਰੇ ਦਾ ਕਿ ਬਾਬਾ ਖੜਕ ਸਿੰਘ ਆਖਿਆ ਕਰਦੇ ਸਨ ਕਿ ਹੋਰ ਗੁਰਦੁਆਰਿਆਂ ਦਾ ਪ੍ਰਬੰਧ ਦੇਖ ਕੇ ਮੇਰਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਪਰ ਪੰਜਾ ਸਾਹਿਬ ਦਾ ਪ੍ਰਬੰਧ ਦੇਖ ਕੇ ਮੇਰਾ ਸਿਰ ਆਪਣੀ ਅਸਲ ਥਾਂ ਤੇ ਵੀ ਉੱਚਾ ਹੋ ਜਾਂਦਾ ਹੈ। ਕਿਸੇ ਥਾਂ ਜਾਓ ਗੁਰਦੁਆਰਿਆਂ ਦਾ ਜ਼ਿਕਰ ਛਿੜਿਆ ਨਹੀਂ ਕਿ ਪੰਜਾ ਸਾਹਿਬ ਦੀ ਮਹਿਮਾ ਹੋਣੀ ਸ਼ੁਰੂ ਹੋ ਜਾਂਦੀ ਹੈ।

ਜੋ ਉਪਦੇਸ਼ ਕਿ ਪਰਉਪਕਾਰ ਲਈ ਚਸ਼ਮੇ ਵਾਂਗ ਵਹਿੰਦੇ ਰਹੋ, ਗੁਰੂ ਨਾਨਕ ਦੇਵ ਜੀ ਨੇ ਹਸਨ ਅਬਦਾਲ ਨੂੰ ਦਿੱਤਾ ਸੀ, ਅੱਜ ਵੀ ਪੰਜਾ ਸਾਹਿਬ ਦਾ ਚਸ਼ਮਾ ਨਿਰੰਤਰ ਵਹਿ ਵਹਿ ਜਗਤ ਤਕ ਪਹੁੰਚਾ ਰਹਿਆ ਹੈ। □


www.punjabilibrary.com

# ਅੱਠ

*ਮੀਆਂ ਮੀਰ*

ਮੀਆਂ ਮੀਰ ਜੀ ਦਾ ਪੂਰਾ ਨਾਮ ਮੀਰ ਮੁਯੀਨ-ਉਲ-ਅਸਲਾਮ ਸੀ। ਲੋਕੀਂ ਆਦਰ ਤੇ ਪਿਆਰ ਕਰ ਕੇ ਸਾਈਂ ਮੀਆਂ ਮੀਰ ਤੇ ਇਤਿਹਾਸਕਾਰ ਹੈਨਰੀ ਜਾਰਜ ਕੀਨ ਅਨੁਸਾਰ ਸ਼ਾਹ ਮੀਰ ਵੀ ਕਹਿੰਦੇ ਸਨ। ਜਨਮ ਦਾ ਨਾਂ 'ਮੁਹੰਮਦ ਮੀਰ' ਸੀ।

ਆਪ ਜੀ ਦਾ ਜਨਮ ਕਾਜ਼ੀ ਸਾਈਂ ਦਿੱਤਾ ਜੀ ਦੇ ਘਰ ਸੰਨ ੧੫੩੧ ਈ: ਨੂੰ ਹੋਇਆ ਸੀ। ਦਾਦਾ ਕਾਜ਼ੀ ਕਲੰਦਰ ਫ਼ਾਰੂਕੀ ਅਠਾਈਵੀਂ ਪੁਸ਼ਤੋਂ ਹਜ਼ਰਤ ਫ਼ਾਰੂਕ ਆਜ਼ਮ ਨਾਲ ਜਾ ਮਿਲਦੇ ਸਨ। ਇਸ ਤਰ੍ਹਾਂ ਹਜ਼ਰਤ ਉਮਰ ਨਾਲ ਵੀ ਪੁਸ਼ਤ ਜਾ ਜੁੜਦੀ ਸੀ।

ਆਪ ਜੀ ਪੰਜ ਭੈਣ ਭਰਾ ਸਨ। ਭਰਾਵਾਂ ਦੇ ਨਾਮ ਕਾਜ਼ੀ ਬੋਲਣ, ਕਾਜ਼ੀ ਉਸਮਾਨ ਤੇ ਕਾਜ਼ੀ ਤਾਹਰ ਸਨ। ਭੈਣਾਂ ਜਮਾਲ ਤੇ ਜਲਾਲ ਕਹਿਲਾਂਦੀਆਂ ਸਨ।

ਮੁੱਢਲੀ ਵਿਦਿਆ ਖ਼ਵਾਜਾ ਖਿਜ਼ਰ, ਜਿਸ ਨੂੰ ਹਿਮਾਯੂੰ ਦੀ ਭੈਣ ਗੁਲਬਦਨ ਵਿਆਹੀ ਹੋਈ ਸੀ, ਕੋਲੋਂ ਪਾਈ। ਜਦ ੨੫ ਸਾਲ ਦੀ ਉਮਰ ਲਾਹੌਰ ਆਏ ਤਾਂ ਮੌਲਾਨਾ ਸਯਦ ਅਲਾਹ ਤੇ ਮੌਲਾਨਾ ਨਿਆਮਤ ਅਲਾਹ ਕੋਲੋਂ ਉਚੇਰੀ ਵਿਦਿਆ ਪਾਈ।

ਸਕੀਨਤਾ-ਇ-ਔਲਿਆ ਵਿਚ ਦਾਰਾ ਸ਼ਿਕੋਹ ਲਿਖਦਾ ਹੈ ਕਿ ਸਬਕ ਲੈ ਕੇ ਮੀਆਂ ਮੀਰ ਜੀ ਬਾਗ਼ਾਂ, ਜੰਗਲਾਂ ਅਤੇ ਮਿਜ਼ਾਰਾਂ ਵਲ ਨਿਕਲ ਜਾਂਦੇ। ਕੁਝ ਦੇਰ ਸਰਹੰਦ ਵੀ ਰਹੇ ਪਰ ਉਥੇ ਤੁਅੱਸਬ ਦੀ ਹਵਾ ਵਿਚ ਸਾਹ ਲੈਣਾ ਜਦ ਔਖਾ ਹੋ ਗਿਆ ਤਾਂ ਲਾਹੌਰ ਖ਼ਾਨ ਮਹੱਲੇ ਆ ਟਿਕਾਣਾ ਕੀਤਾ। ਫਿਰ ਸਾਰੀ ਉਮਰ ਖ਼ਾਨ ਮਹੱਲੇ ਹੀ ਰਹੇ।

ਮੀਆਂ ਮੀਰ ਜੀ ਬੜੇ ਸੰਜਮੀ ਜੀਊੜੇ ਸਨ। ਬਹੁਤ ਘੱਟ ਖਾਂਦੇ। ਇਤਨਾ ਜਿਸ ਨਾਲ ਜਿਸਮ ਵਿਚ ਜਾਨ ਰਵ੍ਹੇ। ਖਾਣਾ ਵੀ ਮਿੱਟੀ ਦੇ ਬਰਤਨਾਂ ਵਿਚ ਹੀ ਖਾਂਦੇ। ਪਕਵਾਨ ਨੂੰ ਮੂੰਹ ਤਕ ਨਾ ਲਗਾਂਦੇ। ਲੋਕਾਂ ਦਾ ਜਮਘਟਾ ਪਸੰਦ ਨਾ ਕਰਦੇ। ਨਮਾਜ਼ ਜ਼ਰੂਰ ਇਕੱਠੀ ਪੜ੍ਹਦੇ। ਜੇ ਇਕਾਂਤ ਸਿਮਰਨ ਵਿਚ ਜੁੜੇ ਦਾ ਦਰਵਾਜ਼ਾ ਲੋਕੀਂ ਆ

ਖੜਕਾਂਦੇ ਤਾਂ ਕੁੰਡੀ ਖੋਲ੍ਹ ਆਖਦੇ :

ਭਲੇ ਲੋਕ ਤੈਨੂੰ ਵੀ ਕੰਮ ਹੈ
ਅਤੇ
ਮੈਨੂੰ ਵੀ।

ਇਤਨਾ ਆਖ ਦਰਵਾਜ਼ਾ ਫਟ ਬੰਦ ਕਰ ਕੇ ਯਾਦ ਵਿਚ ਜੁੜ ਜਾਂਦੇ। ਜੇ ਕੋਈ ਖਹਿੜੇ ਹੀ ਪੈ ਜਾਂਦਾ ਤਾਂ ਸਮਝਾਂਦੇ ਕਹਿੰਦੇ :

ਤੁਸੀਂ ਲੋਕ ਨੇਕ ਕੰਮ ਕਰਨ ਤੋਂ ਬਗ਼ੈਰ ਹੀ ਆਪਣੀਆਂ ਮੁਸ਼ਕਲਾਂ ਆਸਾਨ ਕਰਨਾ ਲੋੜਦੇ ਹੋ। ਇਹ ਕਦਾਚਿਤ ਉਚਿਤ ਨਹੀਂ। ਭੁਖੇ ਨੂੰ ਅੰਨ ਦੇਵੋ, ਨੰਗੇ ਨੂੰ ਕਪੜਾ, ਲੋੜਵੰਦ ਦੀਆਂ ਲੋੜਾਂ ਅਲਾਹ ਦੇ ਦਿੱਤੇ ਧੰਨ ਨਾਲ ਪੂਰੀਆਂ ਕਰੋ। ਅਲਾਹ ਪਾਕ ਤੁਹਾਡੀਆਂ ਮੁਸ਼ਕਲਾਂ ਆਸਾਨ ਕਰ ਦੇਵੇਗਾ।

ਗੋਦੜੀ, ਭੇਖ, ਚੋਲੇ ਚੋਗੇ ਨੂੰ ਵੀ ਦਿਖਾਵਾ ਤੇ ਪਖੰਡ ਕਹਿੰਦੇ। ਸਿਰ ਤੇ ਪਗੜੀ ਤੇ ਮੋਟੇ ਕਪੜੇ ਦਾ ਕੁਰਤਾ ਪਾਂਦੇ। ਕੱਪੜੇ ਹਥੀਂ ਧੋਂਦੇ। ਸਫ਼ਾਈ ਪਸੰਦ ਬੜੇ ਸਨ। ਕਦੇ ਮੈਲਾ ਕਪੜਾ ਪਾਇਆ ਕਿਸੇ ਤਕਿਆ ਨਹੀਂ ਸੀ। ਖਾਣਾ ਜਿਤਨਾ ਵੀ ਖਾਂਦੇ ਸਾਫ਼ ਸੁੱਥਰਾ। ਇਹ ਵੀ ਕਿਹਾ ਕਰਦੇ ਕਿ ਪੋਸ਼ਾਕ ਐਸੀ ਚਾਹੀਦੀ ਹੈ ਕਿ ਜਿਸ ਤੋਂ ਇਹ ਨਾ ਪਤਾ ਲਗੇ ਕਿ ਉਹ ਦਰਵੇਸ਼ ਹੈ, ਸੂਫ਼ੀ ਹੈ, ਸ਼ੇਖ਼ ਹੈ ਜਾਂ ਕਿਸੇ ਫ਼ਿਰਕੇ ਦਾ। ਅਬੁਲ ਹਸਨ ਖੁਰਾਸਾਨੀ ਦਾ ਕਥਨ ਕਿ 'ਸੂਫ਼ੀ ਉਹ ਹੈ, ਜੋ ਨ ਹੋ,' ਸੁਣਾ ਕੇ ਕਹਿੰਦੇ ਕਿ ਮੇਰੀ ਰਾਇ ਹੈ ਜੋ ਹੋਵੇ ਤੇ ਫਿਰ ਨਾ ਹੋਵੇ।

ਮੀਆਂ ਮੀਰ ਜੀ ਦੇ ਨਿਜੀ ਕਮਰੇ ਬੋਰੀਆਂ ਹੀ ਵਿਛੀਆਂ ਹੁੰਦੀਆਂ ਸਨ ਤੇ ਇਨ੍ਹਾਂ ਤਪੜਾਂ ਤੇ ਜਹਾਂਗੀਰ, ਨੂਰ ਜਹਾਨ, ਸ਼ਾਹ ਜਹਾਨ, ਦਾਰਾ ਤੇ ਹੋਰ ਸ਼ਹਿਜ਼ਾਦੇ ਬੈਠ ਉਪਦੇਸ਼ ਗ੍ਰਹਿਣ ਕਰਦੇ।

ਸਭ ਨੂੰ ਕਹਿੰਦੇ :

ਬਾਹਰ ਦੀ ਕੋਈ ਸ਼ੈ ਨਿਜਾਤ ਨਹੀਂ ਦਿਲਵਾ ਸਕਦੀ। ਦਿਲ ਦੀ ਹਜ਼ੂਰੀ ਤੋਂ ਬਗ਼ੈਰ ਨਮਾਜ਼ ਅਦਾ ਕਰਨੀ ਫ਼ਜ਼ੂਲ ਹੈ।

ਕਿਹਾ ਕਰਦੇ ਕਿ ਮਨੁੱਖ ਤਿੰਨਾਂ, ਨਫ਼ਸ, ਦਿਲ ਤੇ ਰੂਹ ਦਾ ਸਮੂਹ ਹੈ। ਨਫ਼ਸ ਰੁਕਦਾ ਹੈ, ਸ਼ਰੀਅਤ ਨਾਲ। ਦਿਲ ਹਕੀਕਤ ਵਿਚਾਰ) ਨਾਲ ਤੇ ਰੂਹ ਹਕੀਕਤ ਨਾਲ। ਰੂਹ ਦੀ ਜ਼ਬਾਨ ਕੀਰਤਨ ਹੈ। ਕਈ ਕਈ ਘੰਟੇ ਕੀਰਤਨ ਵਿਚ ਜੁੜੇ ਰਹਿੰਦੇ। ਤਸਬੀ ਫੇਰਨੀ ਆਪ ਜੀ ਨੂੰ ਚੰਗੀ ਨਹੀਂ ਸੀ ਲੱਗਦੀ। ਜੇ ਕਿਸੇ ਹਥ ਤਸਬੀ ਦੇਖਦੇ ਤਾਂ ਕਹਿੰਦੇ :

ਮਾਲਾ ਤਾਂ ਮਨ ਦੀ ਹੁੰਦੀ ਹੈ।

ਜ਼ਬਾਨ ਤੇ ਅਲਾਹ ਦਾ ਨਾਮ ਹੋਣਾ ਹੀ ਸਹੀ ਤਸਬੀ ਫੇਰਨੀ ਹੈ।

ਸਦਾਚਾਰੀ ਇਤਨੇ ਕਿ ਦਾਰਾ ਸ਼ਿਕੋਹ ਲਿਖਦਾ ਹੈ ਕਿ ਉਸ ਦੀ ਆਪਣੀ ਭੈਣ ਨਾਦਰਾ ਬੇਗਮ, ਨਿੱਕੀ ਉਮਰ ਤੋਂ ਉਨ੍ਹਾਂ ਦੀ ਸੇਵਾ ਵਿਚ ਰਹਿ ਆਪਣੀ ਹੱਥੀਂ ਵਜ਼ੂ ਕਰਾਂਦੀ ਸੀ। ਇਕ ਦਿਨ ਵਜ਼ੂ ਕਰਦੇ ਜਦ ਨਜ਼ਰ ਉਤਾਂਹ ਕਰ ਤੱਕਿਆ ਤਾਂ ਕਹਿਣ ਲੱਗੇ:

ਬੇਟਾ! ਤੂੰ ਹੁਣ ਵੱਡੀ ਹੋ ਗਈ ਹੈਂ

ਲੋਕਾਂ ਸਾਹਮਣੇ ਨਾ ਆਇਆ ਕਰ।

ਨਾਦਰਾ ਇਤਨੀ ਸ਼ਰਮਸਾਰ ਹੋਈ ਕਿ ਉਸਨੇ ਰਾਤ ਦੁਆ ਕੀਤੀ ਕਿ ਜੇ ਉਹ ਸੂਫ਼ੀ ਸੰਤਾਂ ਦੀ ਸਾਹਮਣੇ ਆ ਸੇਵਾ ਨਹੀਂ ਕਰ ਸਕਦੀ ਤਾਂ ਜੀਉ ਸਰੀਰਹੁ ਲੇਹ। ਉਸੇ ਰਾਤ ਨਾਦਰਾ ਦੀ ਮੌਤ ਹੋ ਗਈ।

ਜਹਾਂਗੀਰ ਵੀ ਮੀਆਂ ਮੀਰ ਦੇ ਬਚਨਾਂ ਦੀ ਤਾਬ ਨਾ ਲਿਆ ਸਕਿਆ। ਉਸਨੇ ਆਪਣੀ ਤੁਜ਼ਿਕ ਵਿਚ ਲਿਖਿਆ ਹੈ:

ਜਦ ਮੇਰੀ ਸ਼ਰਾਬ ਪੀਣ ਦੀ ਵਾਦੀ ਹੱਦਾਂ ਟੱਪ ਗਈ ਤਾਂ ਨੂਰ ਜਹਾਨ ਮੇਰੇ ਪਾਸ ਮੀਆਂ ਮੀਰ ਨੂੰ ਲਿਆਈ। ਉਨ੍ਹਾਂ ਦੇ ਬਚਨਾਂ ਵਿਚ ਅਜਿਹਾ ਜਾਦੂ ਸੀ ਕਿ ਉਨ੍ਹਾਂ ਦੇ ਇਕ ਵਾਰ ਕਹੇ ਉਤੇ ਮੈਂ ਸ਼ਰਾਬ ਇਤਨੀ ਘਟਾ ਦਿੱਤੀ ਕਿ ਮੈਨੂੰ ਵੀ ਯਕੀਨ ਨਹੀਂ ਸੀ ਆਉਂਦਾ।

ਜਹਾਂਗੀਰ ਉਪਮਾ ਕਰਦੇ ਹੋਏ ਤੁਜ਼ਕ ਵਿਚ ਹੀ ਲਿਖਦਾ ਹੈ:

ਮੀਆਂ ਮੀਰ ਇਕ ਦਰਵੇਸ਼ ਸੀ। ਜ਼ਬਾਨ ਵਿਚ ਰਸ ਸੀ। ਨਿਰੇ ਨੇਕ। ਹੱਦ ਦਰਜੇ ਦੇ ਜ਼ਬਤ ਵਿਚ ਰਹਿਣ ਵਾਲੇ (ਮੁਰਤਾਜ਼)। ਚਲਨ ਸ਼ੁੱਧ (ਮੁਬਾਰਕ ਨਫਸ)। ਮਸਤੀ ਦੇ ਆਲਮ ਨੂੰ ਪਹੁੰਚੇ (ਸਾਹਿਬ ਹਾਲ)। ਖ਼ੁਦਾ ਤੇ ਪੱਕਾ ਭਰੋਸਾ ਤੇ ਗੋਸ਼ਾ ਨਸ਼ੀਨ (ਦਰ ਗੋਸ਼ਾ ਤੂਕਲ)। ਗ਼ਰੀਬੀ ਦੀ ਦੌਲਤ ਅਥਾਹ (ਫ਼ਕੀਰ ਗਨੀ) ਤੇ ਦੁਨੀਆਂ ਤੋਂ ਬੇਪ੍ਰਵਾਹ (ਅਜ਼ ਦੁਨੀਆਂ ਮਸਤਗਨੀ)। ਉਨ੍ਹਾਂ ਨਾਲ ਬਾਤ ਚੀਤ ਕਰ ਬੜਾ ਮਜ਼ਾ ਆਉਂਦਾ। ਹਕੀਕਤ ਵਿਚ ਉਹ ਨੇਕ ਸ਼ਖ਼ਸੀਅਤ ਹੈ। ਇਸ ਯੁੱਗ ਵਿਚ ਉਨ੍ਹਾਂ ਦਾ ਹੋਣਾ ਅਲਾਹ ਦੀ ਸਾਡੇ ਤੇ ਇਕ ਰਹਿਮਤ ਹੈ (ਦਰੀ ਅਹਿਦ ਬਗ਼ਾਇਤ ਗ਼ਨੀਮਤ) ਤੇ ਉਹਨ੍ਹਾਂ ਦੀ ਪਿਆਰੀ ਹਸਤੀ ਸਾਡੇ ਲਈ ਸੁਖਦਾਈ ਹੈ (ਅਜ਼ੀਜ਼ ਅਲ ਵਜੂਦ ਈਂ ਨਿਆਜ਼ ਮੰਦ)। ਉਨ੍ਹਾਂ ਦੀ ਸੰਗਤ ਕਰ ਮੈਨੂੰ ਵੀ ਰਹਿਮਤ ਮਿਲਦੀ ਮਹਿਸੂਸ ਹੋਈ ਤੇ ਉਨ੍ਹਾਂ ਪਾਸੋਂ ਹਕੀਕਤ ਦੀਆਂ ਰਮਜ਼ਾਂ ਤੇ ਧਰਮ-ਗਿਆਨ ਦੀਆਂ ਗੱਲਾਂ ਸੁਣ ਅਨੰਦ ਹੀ ਆ ਗਿਆ। ਮੇਰਾ ਚਿੱਤ ਸੀ ਕਿ ਉਨ੍ਹਾਂ ਨੂੰ ਤੁਹਫ਼ੇ ਦਿਆਂ ਪਰ ਮੇਰੀ ਜੁਰਅਤ ਨ

ਹੋ ਸਕੀ ਕਿਉਂਕਿ ਮੈਂ ਉਨ੍ਹਾਂ ਦੀ ਰੂਹ ਨੂੰ ਦੁਨੀਆਂ ਤੋਂ ਬਹੁਤ ਹੀ ਉੱਚਾ ਪਾਇਆ। ਸਫ਼ੈਦ ਮ੍ਰਿਗ-ਛਾਲ (ਪੋਸਤ ਸੁਫ਼ੈਦ ਆਹੂ) ਮੁਸੱਲਾ ਲਈ ਹੀ ਭੇਟ ਕੀਤੀ ਪਰ ਉਹ ਛੱਡ ਚਲੇ ਗਏ।

ਮੀਆਂ ਮੀਰ ਜੀ ਬੇਬਾਕ ਵੀ ਇਤਨੇ ਸਨ ਕਿ ਇਕ ਵਾਰੀ ਜਹਾਂਗੀਰ ਨੇ ਉਨ੍ਹਾਂ ਨੂੰ ਦਿੱਲੀ ਬੁਲਵਾਇਆ। ਚਲੇ ਤਾਂ ਗਏ ਪਰ ਜਦ ਵਾਪਸ ਮੁੜਨ ਲੱਗੇ ਤਾਂ ਜਹਾਂਗੀਰ ਨੇ ਕਿਹਾ ਕੁਝ ਹੁਕਮ ਕਰੋ ਜੋ ਮੈਂ ਕਰ ਸਕਾਂ। ਮੀਆਂ ਮੀਰ ਜੀ ਦਾ ਕਹਣਾ ਸੀ ਕਿ ਜੋ ਆਖਾਂ ਦੇਵੇਂਗਾ। ਜਦ ਜਹਾਂਗੀਰ ਨੇ 'ਬੇਸ਼ਕ' ਕਿਹਾ ਤਾਂ ਫ਼ੁਰਮਾਇਆ 'ਮੈਨੂੰ ਬੁਲਾਇਆ ਨਾ ਕਰ।' ਫਿਰ ਆਪੂੰ ਹੀ ਜਹਾਂਗੀਰ ਟੁਰ ਕੇ ਕਦਮ ਬੋਸੀ ਕਰਨ ਆਂਦਾ ਰਹਿਆ।

ਸ਼ਾਹ ਜਹਾਨ ਆਪ ਜੀ ਦੇ ਦਰਸ਼ਨਾਂ ਨੂੰ ਦੋ ਵਾਰੀ ਆਇਆ ਤੇ ਦਰਸ਼ਨ ਪਾ ਉਸ ਲਿਖਿਆ ਕਿ ਆਪਣੇ ਜ਼ਮਾਨੇ ਦੇ ਸਿਰਫ਼ ਦੋ ਸੂਫ਼ੀਆਂ ਨੂੰ ਜਾਣਦਾ ਮੰਨਦਾ ਹੈ ਜੋ ਮਾਅਰਫ਼ਤ ਦੇ ਦਰਜੇ ਨੂੰ ਪੁੱਜੇ ਹੋਏ ਹਨ। ਇਕ ਸਾਈਂ ਮੀਆਂ ਮੀਰ ਤੇ ਦੂਜੇ ਫ਼ਜ਼ੁੱਲ ਉਲਾਹ ਬਿਹਾਰੀ। ਦਾਰਾ ਸ਼ਿਕੋਹ ਤਾਂ ਆਪ ਜੀ ਦਾ ਪੱਕਾ ਮੁਰੀਦ ਸੀ।

ਤੱਖ਼ਤ ਪਾ ਜਦ ਪਹਿਲੀ ਵਾਰੀ ਸ਼ਾਹ ਜਹਾਨ ਦਰਸ਼ਨ ਕਰਨ ਲਈ ਆਇਆ ਤਾਂ ਆਪ ਜੀ ਨੇ ਕਿਹਾ :

> ਆਦਲ ਬਾਦਸ਼ਾਹ ਨੂੰ ਆਪਣੀ ਪਰਜਾ ਤੇ ਹਕੂਮਤ ਦੀ ਖ਼ਬਰ ਗੀਰੀ ਕਰਨੀ ਚਾਹੀਦੀ ਹੈ। ਸਾਰੀ ਹਿੰਮਤ ਲੋਕਾਂ ਨੂੰ ਖ਼ੁਸ਼ਹਾਲ ਤੇ ਧਰਤੀ ਨੂੰ ਸਰਸਬਜ਼ ਕਰਨ ਵਿਚ ਸਰਫ਼ ਕਰਨੀ ਚਾਹੀਦੀ ਹੈ। ਜੇ ਹਰ ਕੋਈ ਸੁਖੀ ਤੇ ਮੁਲਕ ਆਬਾਦ ਹੈ ਤਾਂ ਖ਼ਜ਼ਾਨਾ ਭਰਿਆ ਭਰਿਆ ਰਹਿੰਦਾ ਹੈ ਤੇ ਫ਼ੌਜ ਦੀ ਵੀ ਵਰਤੋਂ ਨਹੀਂ ਕਰਨੀ ਪੈਂਦੀ।

ਆਪ ਜੀ ਦੇ ਮੁਰੀਦਾਂ ਵਿਚ ਪ੍ਰਸਿੱਧ ਹਜ਼ਰਤ ਮੁਲਾ ਸ਼ਾਹ ਬਦਖ਼ਸ਼ਾਨੀ, ਹਾਜੀ ਨਿਆਮਤ ਅਲਾਹ ਸਰਹੰਦੀ, ਮੀਆਂ ਨੱਥਾ ਲਾਹੌਰੀ, ਖ਼ਵਾਜਾ ਬਿਹਾਰੀ, ਮੁੱਲਾਂ ਮੁਹੰਮਦ ਸਿਆਲਕੋਟੀ, ਹਾਜੀ ਮੁਸਤਫਾ ਸਰਹੰਦੀ, ਹਾਜੀ ਸਾਲਯ ਕਸ਼ਮੀਰੀ ਤੇ ਕਈ ਹੋਰ ਨਾਮਵਾਰ ਫਕੀਰ ਸਨ।

ਗੁਰੂ ਅਰਜਨ ਦੇਵ ਜੀ ਨਾਲ ਪਹਿਲੀ ਵਾਰ ਲਾਹੌਰ ਉਸ ਸਮੇਂ ਮਿਲੇ ਜਦ ਉਹ ਪਿਤਾ ਗੁਰੂ ਰਾਮਦਾਸ ਜੀ ਦੀ ਆਗਿਆ ਮੰਨ ਤਾਇਆ ਸਿਹਾਰੀ ਮਲ ਦੇ ਪੁੱਤਰ ਦੇ ਆਨੰਦ ਕਾਰਜ ਤੇ ਆਏ ਸਨ। ਸਮਾਂ ਗੁਰੂ ਜੀ ਪਾਸ ਖੁਲ੍ਹਾ ਸੀ ਤੇ ਵਿਚਾਰਾਂ ਵੀ ਅਨੇਕਾਂ ਹੁੰਦੀਆਂ ਰਹੀਆਂ।


www.punjabilibrary.com

ਜਦ ਗੁਰੂ ਅਰਜਨ ਦੇਵ ਜੀ ਨੇ 'ਹਰਜਪੇ ਹਰਿਮੰਦਰ ਸਾਜਣ' ਦਾ ਫ਼ੈਸਲਾ ਕੀਤਾ ਤਾਂ ਗਿਆਨੀ ਗਿਆਨ ਸਿੰਘ ਜੀ ਦੇ ਲਿਖੇ ਅਨੁਸਾਰ ਤਿੰਨ ਜਨਵਰੀ ੧੫੮੮ ਨੂੰ 'ਮੀਆਂ ਮੀਰ ਤੋ ਨੀਉ ਰਖਾਈ'।

ਗ਼ੁਲਾਮ ਮਹਈ-ਉੱਦ-ਦੀਨ ਜਿਸ ਨੂੰ ਬੂਟੇਸ਼ਾਹ ਵੀ ਕਹਿੰਦੇ ਹਨ, ਨੇ ਤਵਾਰੀਖ਼-ਇ-ਪੰਜਾਬ ਦੇ ਪੰਨਾ ੧੩੯ ਤੇ ਲਿਖਿਆ ਹੈ :

> ਸ਼ਾਹ ਮੀਆਂ ਮੀਰ ਗੁਰੂ ਅਰਜਨ ਦੇਵ ਜੀ ਦੀ ਬੇਨਤੀ ਕਰਨ ਤੇ ਅੰਮ੍ਰਿਤਸਰ ਆਏ ਤੇ ਆਪਣੇ ਪਾਵਨ ਹੱਥ ਨਾਲ ਚਾਰ ਇੱਟਾਂ ਚਾਰ ਦਿਸ਼ਾਵਾਂ ਤੇ ਇਕ ਚਾਰਾਂ ਦੇ ਵਿਚਕਾਰ ਨੀਂਹ ਦੇ ਤਟ ਤੇ ਰੱਖੀ।

ਲਾਲਾ ਸੋਹਣ ਲਾਲ ਸੂਰੀ ਨੇ ਆਪਣੀ ਕ੍ਰਿਤ ਉਮਾਦਤ-ਤਵਾਂਰੀਖ਼ ਦੀ ਪਹਿਲੀ ਜਿਲਦ ਵਿਚ ਵੀ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਆਪੂੰ ਲਾਹੌਰ ਗਏ ਤੇ ਮੀਆਂ ਮੀਰ ਨੂੰ ਅੰਮ੍ਰਿਤਸਰ ਵਿਚ ਆ ਕੇ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਲਈ ਕਿਹਾ।

ਮੀਆਂ ਮੀਰ ਜੀ ਦੇ ਹਰਿਮੰਦਰ ਸਾਹਿਬ ਨੀਂਹ ਰੱਖਣ ਜਾਣ ਤੇ ਹੀ ਇਕ ਸ਼ਾਇਰ ਨੇ ਖ਼ੂਬ ਕਿਹਾ ਸੀ :

> **ਹਰਿਮੰਦਰ ਕੀ ਬੁਨਿਆਦ ਕੀ ਈਂਟ**
> **ਦੇ ਰਹੀ ਹੈ ਗਵਾਹੀ।**
> **ਕਿ ਕਭੀ ਅਹਿਲੇ ਮਜ਼ਾਹਬ ਮੇਂ**
> **ਦੋਸਤੀ ਮੁਸਕਰਾਈ ਥੀ।**

ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਸ਼ਹੀਦ ਕਰਨ ਵੇਲੇ ਮੀਆਂ ਮੀਰ ਜੀ ਬੜਾ ਤੜਪੇ ਸਨ। ਗੁਰੂ ਜੀ ਨੇ ਠਰੰਮੇ ਵਿਚ ਹੀ ਕਿਹਾ :

> "ਸਾਈਂ ਜੀ. ਸਾਈਂ ਦੇ ਪਿਆਰਿਆਂ ਨੂੰ
> ਭਾਣੇ ਵਿਚ ਹੀ ਰਸ ਮਾਨਣਾ ਚਾਹੀਦਾ ਹੈ।
> ਦੁੱਖ ਰਤਾ ਵੀ ਨਹੀਂ ਹੈ। ਸੰਸਾਰ ਤੇ ਸਰੀਰ ਝੂਠਾ ਹੈ।
> ਆਤਮਾ ਨਿਰਲੇਪ ਹੈ।
> ਆਤਮਾ ਸਦਾ ਅਸੰਗ ਹੈ,
> ਤਨ ਮਿਥਿਆ ਪਰਪੰਚ।

' ਇਹ ਕਸ਼ਟ ਇਸ ਲਈ ਸਹਾਰ ਰਹੇ ਹਾਂ ਕਿ ਵਾਹਿਗੁਰੂ ਦੇ ਸਚੇ ਨਾਮ ਦਾ ਪਰਚਾਰ ਕਰਨ ਵਾਲਿਆਂ ਲਈ ਆਦਰਸ਼ ਬਣ ਜਾਏ। ਜਦ ਕਿਸੇ ਤੇ ਕਸ਼ਟ ਆਵੇ ਤਾਂ ਭਾਣਾ ਮਿੱਠਾ ਕਰ ਮੰਨੇ। ਵਾਹਿਗੁਰੂ ਨੂੰ ਬੁਰਾ ਭਲਾ ਨ ਆਖਣ। ਡੋਲ ਨ ਜਾਣ।

"ਆਮ ਮਨੁੱਖਾਂ ਦੀ ਅਗਵਾਈ ਲਈ ਉੱਚੇ ਆਦਰਸ਼ ਦੀ ਲੋੜ



 www.punjabilibrary.com

ਹੁੰਦੀ ਹੈ । ਮਾਣ ਹੁੰਦੇ ਨਿਮਾਣਾ, ਤਾਣ ਹੁੰਦੇ ਹੋਏ ਨਿਤਾਣਾ, ਭਗਤਾਂ ਨੂੰ ਸ਼ੋਭਦਾ ਹੈ । ਆਤਮਕ ਸ਼ਕਤੀ ਨੂੰ ਸਰੀਰ ਦੀ ਰੱਖਿਆ ਲਈ ਨਹੀਂ ਵਰਤਣਾ ਚਾਹੀਦਾ ।"

ਮੀਆਂ ਮੀਰ ਜੀ ਨੇ ਸਿਰ ਨਿਵਾ ਕਿਹਾ ਕਿ ਜੋ ਤੁਸਾਂ ਸੁਖਮਨੀ ਵਿਚ ਉਚਾਰਿਆ ਹੈ ਉਹ ਠੀਕ ਸਾਬਤ ਕਰ ਦਿਤਾ ਹੈ :

ਰਹੇ ਬੇਦਹੀ ਹੋਇ ਦ੍ਰਿੜ੍ਹ
ਬ੍ਰਹਮਗਯਾਨੀ ਨੀਕ ।
ਜੋ ਬਰਨਿਓ ਮਧ ਸੁਖਮਨੀ
ਪਾਲੇ ਦਿਖਾਲਿਓ ਠੀਕ ।

ਅਕਾਲ ਤੱਖ਼ਤ ਰਚਨ ਉਪਰੰਤ ਜਦ ਢਾਢੀਆਂ ਗੁਰੂ ਹਰਿਗੋਬਿੰਦ ਜੀ ਦੀ ਉਪਮਾ ਵਿਚ 'ਪਗ ਤੇਰੀ ਕੀ ਜਹਾਂਗੀਰ ਦੀ' ਵਾਰ ਗਾਈ ਤਾਂ ਛੇਵੇਂ ਪਾਤਸ਼ਾਹ ਨੂੰ ਗਵਾਲੀਅਰ ਦੇ ਕਿਲ੍ਹੇ ਬੰਦੀ ਬਣਾ ਦਿੱਤਾ ਗਿਆ । ਮੀਆਂ ਮੀਰ ਜੀ ਆਪੂੰ ਚੱਲ ਦਿੱਲੀ ਗਏ ਤੇ ਨੂਰ ਜਹਾਨ ਨੂੰ ਸਮਝਾਇਆ ਕਿ ਇਹ ਜ਼ਾਹਰ ਪੀਰ ਹੈ। ਅੱਗੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਕੇ ਜਹਾਂਗੀਰ ਨੇ ਬੜਾ ਕਹਿਰ ਕਮਾਇਆ ਹੈ । ਹੁਣ ਇਸ ਨੂੰ ਰੋਕ ।

"ਨੂਰਜਹਾਨ ਜਹਾਂਗੀਰ ਨੂੰ ਕਹੇ ਐਸੇ ।
ਸਾਈਂ ਦੀ ਜ਼ਾਤ ਹੈ, ਸਾਈਂ ਜੈਸੇ ।"

ਜਦ ਤਕ ਗੁਰੂ ਜੀ ਰਿਹਾ ਨਾ ਹੋਏ, ਮੀਆਂ ਮੀਰ ਜੀ ਦਿੱਲੀ ਹੀ ਰਹੇ ।

ਮੀਆਂ ਮੀਰ ਜੀ ਨੂੰ ਮਿਲਣ ਲਈ ਗੁਰੂ ਹਰਿਗੋਬਿੰਦ ਜੀ ਲਾਹੌਰ ਆਏ ਤਾਂ ਸਾਈਂ ਜੀ ਨੇ ਬੜਾ ਆਦਰ ਕੀਤਾ । ਗੁਰੂ ਜੀ ਘੋੜੇ ਤੋਂ ਉਤਰਨ ਹੀ ਲੱਗੇ ਸਨ ਕਿ ਮੀਆਂ ਮੀਰ ਜੀ ਨੇ ਅੱਗੇ ਵੱਧ ਉਨ੍ਹਾਂ ਦਾ ਪੈਰ ਆਪਣੇ ਹੱਥ ਤੇ ਰੱਖ ਲਿਆ। ਦੋਵਾਂ ਦੀ ਮਿਲਣੀ ਨੂੰ ਮਹਿਮਾ ਪ੍ਰਕਾਸ਼ ਨੇ ਦੋ ਸਾਫ਼ ਸੁਥਰੇ ਸ਼ੀਸ਼ਿਆਂ ਦਾ ਆਹਮੋ ਸਾਹਮਣੇ ਹੋਣਾ ਲਿਖਿਆ ਹੈ । ਜੇ ਦੋ ਸ਼ੀਸ਼ੇ ਆਹਮਣੇ ਸਾਹਮਣੇ ਰੱਖ ਦੇਈਏ ਤੇ ਫਿਰ ਵਿਚੋਂ ਤੱਕੀਏ ਤਾਂ ਅਕਸ ਲਾ-ਇੰਤਹਾ ਦਿਸਦੇ ਹਨ ।

ਮੀਆਂ ਮੀਰ ਜੀ ਦਾ ਅਕਾਲ ਚਲਾਣਾ ਮੰਗਲਵਾਰ ੧੧ ਅਗਸਤ ਸੰਨ ੧੬੩੫ ਨੂੰ ਲਾਹੌਰ ਵਿਖੇ ਹੋਇਆ । ਫ਼ਰਮਾ ਗਏ ਸਨ : ਦੇਖਣਾ ! ਮੇਰੀਆਂ ਹੱਡੀਆਂ ਤੇ ਦੁਕਾਨ ਨਾ ਪਾ ਬੈਠਣਾ।

ਲਾਹੌਰ ਸ਼ਹਿਰ ਤੋਂ ਅੱਧਾ ਕੋਹ ਦੂਰ ਹਾਸ਼ਮਪੁਰਾ ਆਪ ਜੀ ਨੂੰ ਦਫ਼ਨਾਇਆ ਗਿਆ। ਨੂਰ ਜਹਾਨ ਨੇ ਆਪਣੀ ਨਿਗਰਾਨੀ ਵਿਚ ਮਕਬਰਾ ਬਣਵਾਇਆ । ਦਾਰਾ ਸ਼ਿਕੋਹ ਨੇ ਲਾਲ ਪੱਥਰ ਸੁਟਵਾਏ



 www.punjabilibrary.com

ਸਨ ਪਰ ਔਰੰਗਜ਼ੇਬ ਨੇ ਸਭ ਪੱਥਰ ਉਠਵਾ ਸ਼ਾਹੀ ਮਸਜਦ ਤੇ ਲਗਾ ਦਿੱਤੇ। ਮਹਾਰਾਜਾ ਰਣਜੀਤ ਸਿੰਘ ਨੂੰ ਜਦ ਇਸ ਥਾਂ ਦੇ ਖ਼ਸਤਾ ਹਾਲਤ ਦੀ ਸਰੋਤ ਪਈ ਤਾਂ ਉਚੇਚੇ ਫ਼ਕੀਰ ਨੂਰ-ਉੱਦ-ਦੀਨ ਦੀ ਡਿਊਟੀ ਲਗਾਈ ਕਿ ਉਸ ਨੂੰ ਸ਼ਾਨਦਾਰ ਬਣਾਏ।

ਮੀਆਂ ਮੀਰ ਦੇ ਮਜ਼ਾਰ ਦੀ ਅਨੋਖੀ ਗੱਲ ਇਹ ਹੈ ਕਿ ਉਸ ਦੇ ਬਾਹਰ ਕਲਮਾ ਦੇ ਮੁਹੰਮਦ ਰਸੂਲ ਅਲਾਹ ਦੇ ਸ਼ਬਦ ਨਹੀਂ ਲਿਖੇ ਹੋਏ, ਕੇਵਲ ਯਾ ਅਲਾਹ ਇਲ ਅਲਾਹ (ਵਾਹਿਗੁਰੂ ਹੈ, ਸਿਵਾਇ ਉਸ ਦੇ ਹੋਰ ਕੋਈ ਨਹੀਂ) ਹੀ ਲਿਖਿਆ ਹੈ।

ਮੀਆਂ ਮੀਰ ਜੀ ਦੀ ਲਿਖੀ ਜ਼ਯਾ-ਉਲ-ਅਯੂਨ (ਨੈਣਾਂ 'ਚ ਲੋਅ) ਨਾਂ ਦੀ ਪੁਸਤਕ ਵਿਚ ਜੀਵਨ ਨੂੰ ਸੁਖੀ ਤੇ ਚੰਗੇਰਾ ਗੁਜ਼ਾਰਨ ਦੇ ਬੜੇ ਉੱਚੇ ਨੇਮ ਲਿਖੇ ਹੋਏ ਹਨ। □

# ਨੌਂ

ਪੀਰ
ਬੁਧੂ ਸ਼ਾਹ

ਆਪ ਜੀ ਦਾ ਪਾਵਨ ਨਾਮ ਬਦਰ-ਉੱਦ-ਦੀਨ ਸੀ। ਆਪ ਜੀ ਦਾ ਜਨਮ ੧੩ ਜੂਨ ੧੬੪੭ ਨੂੰ ਸਯਦ ਗ਼ੁਲਾਮ ਸ਼ਾਹ ਦੇ ਘਰ ਹੋਇਆ ਸੀ। ਪਿਆਰ ਤੇ ਆਦਰ ਨਾਲ ਲੋਕੀ ਬੁਧੂ ਸ਼ਾਹ ਕਹਿੰਦੇ ਸਨ।

ਆਪ ਜੀ ਦੀ ਸੱਤਵੀਂ ਪੀੜ੍ਹੀ ਨਿਜ਼ਾਮ-ਉੱਦ-ਦੀਨ ਔਲਿਆ (ਜਨਮ ਅਕਤੂਬਰ ੧੨੩੬ ਤੇ ਦਿਹਾਂਤ ਤਿੰਨ ਅਪਰੈਲ, ੧੩੨੫) ਨਾਲ ਜਾ ਰਲਦੀ ਸੀ। ਨਿਜ਼ਾਮ-ਉੱਦ-ਦੀਨ, ਬਾਬਾ ਫਰੀਦ ਜੀ ਦੇ ਪਿਆਰੇ ਚੇਲਿਆਂ ਵਿਚੋਂ ਸਨ। ਨਿਜ਼ਾਮ-ਉੱਦ-ਦੀਨ ਦਾ ਕਹਿਣਾ ਸੀ ਕਿ ਦਰਵੇਸ਼ ਉਹੋ ਹੀ ਹੈ ਜੋ ਖ਼ੁਸ਼ੀ ਵਿਚ ਉਛਲੇ ਨਾਂਹ ਅਤੇ ਗ਼ਮੀ ਵਿਚ ਗ਼ਮਨਾਕ ਨਾ ਹੋਵੇ। ਸਬਰ ਅਤੇ ਰਜ਼ਾ ਦੀ ਉਪਮਾ ਕਰਦੇ ਔਲਿਆ ਕਹਿੰਦੇ ਕਿ ਸਬਰ ਇਸ ਗੱਲ ਨਾ ਨਾਮ ਹੈ ਕਿ ਜੇ ਆਪਣੀ ਮਰਜ਼ੀ ਦੇ ਉਲਟ ਕੁਝ ਹੋ ਜਾਵੇ ਤਾਂ ਸ਼ਕਾਇਤ ਦਾ ਚਿੱਠਾ ਨਾਂਹ ਖੋਲ੍ਹ ਬੈਠੇ ਪਰ ਰਜ਼ਾ ਉਚੇਰੀ ਚੀਜ਼ ਹੈ। ਰਜ਼ਾ ਇਸਨੂੰ ਕਹਿੰਦੇ ਹਨ ਕਿ ਮੁਸੀਬਤਾਂ ਦਾ ਪਹਾੜ ਗਿਰ ਪਵੇ ਤਾਂ ਵੀ ਆਹ ਨਾ ਨਿਕਲੇ ਅਤੇ ਦੇਖਣ ਵਾਲੇ ਨੂੰ ਇੰਜ ਮਹਿਸੂਸ ਹੋਵੇ ਜਿਵੇਂ ਮੁਸੀਬਤ ਆਈ ਹੀ ਨਹੀਂ।

ਇਸੇ ਹੀ ਸਿਲਸਿਲੇ ਦੇ ਇਕ ਹੋਰ ਫ਼ਕੀਰ ਸ਼ੇਖ਼ ਸੈਫ਼-ਉੱਦ-ਦੀਨ ਕਿਹਾ ਕਰਦੇ ਸਨ ਕਿ ਚਰਚਾ ਕਰਦੇ ਖਿੱਝਣਾ ਨਹੀਂ ਚਾਹੀਦਾ ਅਤੇ ਦੂਜੇ ਨੂੰ ਗੁਝੀਆਂ ਚੋਟਾਂ ਨਹੀਂ ਮਾਰਨੀਆਂ ਚਾਹੀਦੀਆਂ। ਜੇ ਸਮਝਦੇ ਹੋ ਕਿ ਅਗਲਾ ਪੁਰਸ਼ ਠੀਕ ਕਹਿ ਰਿਹਾ ਹੈ ਤਾਂ ਉਸ ਦੀ ਗੱਲ ਮੰਨ ਲਵੋ, ਅਤੇ ਜੇ ਉਸਦੀ ਕਹੀ ਨੂੰ ਠੀਕ ਨਹੀਂ ਸਮਝਦੇ ਤਾਂ ਇਕ ਦੋ ਵਾਰੀ ਸਮਝਾਓ। ਜੇ ਉਹ ਫਿਰ ਵੀ ਨਾ ਮੰਨੇ ਤਾਂ ਇਹ ਹੀ ਜਾਣੋ ਕਿ ਜੋ ਉਹ ਕਹਿ ਰਿਹਾ ਹੈ ਸ਼ਾਇਦ ਠੀਕ ਹੋਵੇ, ਸੋਚਣ ਦੀ ਗੁੰਜਾਇਸ਼ ਰੱਖੋ।

ਪਹਿਲੀ ਵਾਰ ਪੀਰ ਬੁਧੂ ਸ਼ਾਹ ਨੇ ਕਲਗੀਧਰ ਦਾ ਦੀਦਾਰ ਲਖਨੌਰ ਸਾਹਿਬ ਹੀ ਕੀਤਾ ਸੀ ਪਰ ਜਦ ਪਹਿਲੀ ਵਾਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਪਾਉਂਟਾ ਸਾਹਿਬ ਮੇਲ ਹੋਇਆ ਤਾਂ ਪੀਰ



 www.punjabilibrary.com

ਜੀ ਨੇ ਪੁੱਛਿਆ ਸੀ ਕਿ ਖ਼ੁਦਾ ਦਾ ਦੀਦਾਰ ਕਿਵੇਂ ਪਾਈਏ। ਦਸਮ ਪਿਤਾ ਨੇ ਫ਼ਰਮਾਇਆ ਸੀ :

"ਖ਼ੁਦਾ ਦੇ ਦੀਦਾਰ ਵਿਚ ਅਗਿਆਨਤਾ ਤੇ ਤੰਗ ਦਿਲੀ ਹੀ ਦੋ ਰੁਕਾਵਟਾਂ ਹਨ। ਅਗਿਆਨਤਾ ਕਾਰਨ ਪਦਾਰਥ, ਪੁੱਤਰ, ਮਹਿਲ ਮਾੜੀਆਂ ਆਪਣੇ ਲਗਦੇ ਹਨ ਤੇ ਤੰਗ ਦਾਇਰੇ ਵਿਚ ਹੋਣ ਕਾਰਨ ਆਤਮਾ ਉਡਾਰੀ ਨਹੀਂ ਲਗਾ ਸਕਦੀ। ਖ਼ੁਦਾ ਨਾਲ ਮਿਲਣਾ ਐਸਾ ਹੈ ਜਿਵੇਂ ਇਕ ਰਾਤ ਦਾ ਮੇਲ ਦਿਨ ਨਾਲ ਹੁੰਦਾ ਹੈ। ਅਸਲੀਅਤ ਦਾ ਪਤਾ ਲਗਦੇ ਹੀ ਖ਼ੁਦੀ ਦਾ ਅੰਧੇਰਾ ਮਿਟ ਜਾਂਦਾ ਹੈ। ਫਿਰ ਪੂਰਾ ਦਿਨ ਚੜ੍ਹ ਜਾਂਦਾ ਹੈ। ਹਕੀਕਤ ਹਕ ਵਿਚ ਰਲ ਜਾਂਦੀ ਹੈ, ਮਲੱਮਾ ਲਹਿ ਜਾਂਦਾ ਹੈ, ਪਾਜ, ਪੂਜਾ ਤੇ ਪਖੰਡ ਖ਼ਤਮ ਹੋ ਜਾਂਦੇ ਹਨ।

"ਮਨ ਕਿਵੇਂ ਕਾਬੂ ਕਰੀਏ," ਦੀ ਪੁੱਛ ਜਦ ਬੁਧੂ ਸ਼ਾਹ ਨੇ ਪਾਈ ਤਾਂ ਮਹਾਰਾਜ ਦਾ ਕਹਿਣਾ ਸੀ ਕਿ ਜਿਸ ਘੋਰ ਤਪ ਨਾਲ ਮਨ ਕਾਬੂ ਕਰਨਾ ਚਾਹਿਆ, ਉਹ ਕਦੇ ਸਫਲ ਨਹੀਂ ਹੋਇਆ। ਤਪ ਤਾਂ ਖ਼ੁੱਦੀ ਦੀ ਖ਼ੁਰਾਕ ਹੀ ਬਣ ਜਾਂਦਾ ਹੈ। ਉਸ ਤਕ ਪੁੱਜਣ ਦਾ ਰਾਹ ਕੇਵਲ ਰਜ਼ਾ ਵਿਚ ਰਾਜ਼ੀ ਰਹਿਣਾ ਹੈ ਅਤੇ ਇਸ ਰਾਹ ਦੀ ਦੱਸ ਪਾਉਂਦਾ ਹੈ 'ਕਾਮਿਲ ਮੁਰਸ਼ਦ'। ਭਾਈ ਸੰਤੋਖ ਸਿੰਘ ਜੀ ਨੇ ਰਾਸ ਬਾਰਵੀਂ ਰੁਤ ਪਹਿਲੀ ਅਤੇ ਅਸੂ ੯ਵੀਂ ਵਿਚ ਪੀਰ ਬੁਧੂ ਸ਼ਾਹ ਨਾਲ ਪਾਉਂਟਾ ਸਾਹਿਬ ਵਿਖੇ ਹੋਈ ਮਿਲਣੀ ਦਾ ਵੇਰਵਾ ਦਿੱਤਾ ਹੈ। ਗੁਰੂ ਜੀ ਨੇ ਪੁੱਛਿਆ ਕਿ ਕਿਸ ਕਾਰਜ ਤੇ ਆਵਨ ਇਹਾ ਤਾਂ ਬੁਧੂ ਸ਼ਾਹ ਨੇ ਕਿਹਾ :

ਮਨ ਟਿਕਦਾ ਨਹੀਂ ਸੀ
ਦਰਸ਼ਨਾਂ ਨੂੰ ਆਇਆ ਸਾਂ
ਪਰ ਆਪ ਜੀ ਦੇ ਬਿਨਾਂ ਤੋਲੇ ਤੇ ਮੁਖੋਂ
ਬੋਲੇ ਹੀ ਦਰਸ਼ਨ ਲੈ ਕੇ ਮਨ ਦਾ
ਦੇਣਾ ਹੋ ਗਿਆ ਹੈ।
ਸਭ ਭਟਕਣਾਂਵਾਂ ਮੁੱਕ ਗਈਆਂ ਹਨ ਅਤੇ ਮਨ
ਹੁਣ ਉੱਡਦਾ ਨਹੀਂ।

"ਐਸੀ ਮਿਲਣੀ ਅਬਿ ਮਿਲ ਗਯੋ।
ਲੈ ਦਰਸ਼ਨ ਕੋ, ਮਨ ਦੇ ਦਿਯੋ।
ਅਸ ਵਿਵਹਾਰ ਬਿਨਾਂ ਮੁਖ ਬੋਲੇ।
ਹੋਇ ਚੁਕਯੋ ਤੁਰਨ ਬਿਨ ਤੋਲੇ।
ਜਿਸ ਤੇ ਫੇਰਨ ਫਿਰ ਨਾ ਹੋਇ।
ਬਹੁਤ ਦਿਨ ਕੇ ਦਾਰਦ ਦੁਖ ਖੋਇ।"

ਪੀਰ ਬੁਧੂ ਸ਼ਾਹ ਨੂੰ ਜਦ ਗੁਰੂ ਜੀ ਨੇ ਦਸਤਾਰ ਬਖ਼ਸ਼ੀ ਤਾਂ ਉਨ੍ਹਾਂ ਗੁਰੂ-ਚਰਨਾਂ ਤੇ ਛੁਹਾ ਕੇ ਸਿਰ ਤੇ ਰਖ ਲਈ।



 www.punjabilibrary.com

ਪੀਰ ਬੁਧੂ ਸ਼ਾਹ ਕਈ ਵਾਰੀ ਪਾਉਂਟਾ ਸਾਹਿਬ ਆਉਂਦੇ ਰਹੇ।

ਜਦ ਔਰੰਗਜ਼ੇਬ ਨੇ ਪਠਾਣਾਂ ਨੂੰ ਆਪਣੀ ਫ਼ੌਜ ਵਿਚੋਂ ਕੱਢ ਦਿੱਤਾ ਤਾਂ ਦਾਮਲਾ (ਨੇੜੇ ਯਮੁਨਾ ਨਗਰ) ਦੇ ਪੰਜ ਸੌ ਪਠਾਣਾਂ ਨੇ ਪੀਰ ਬੁਧੂ ਸ਼ਾਹ ਦੀ ਸ਼ਰਣ ਲਈ। ਔਰੰਗਜ਼ੇਬ ਨੇ ਪਠਾਣਾਂ ਨੂੰ ਨੌਕਰੀ ਤੋਂ ਬਰਖ਼ਾਸਤ ਕਰਨ ਵੇਲੇ ਇਹ ਹੁਕਮ ਵੀ ਜਾਰੀ ਕੀਤਾ ਕਿ ਉਨ੍ਹਾਂ ਨੂੰ ਕੋਈ ਚਾਕਰ ਨਾ ਰਖੇ। ਜੋ ਨੌਕਰੀ ਦੇਵੇਗਾ ਉਹ ਖ਼ਤਾਵੰਦ ਪਾਤਸ਼ਾਹੀ ਹੋਵੇਗਾ।

ਪੀਰ ਜੀ ਨੇ ਪਠਾਣਾਂ ਨੂੰ ਕਿਹਾ ਕਿ ਇਕ ਕਲਗੀ ਵਾਲੇ ਹੀ ਅਜਿਹੇ ਹਨ ਜਿਨ੍ਹਾਂ ਨੂੰ ਕਿਸੇ ਦਾ ਤ੍ਰਾਸ ਨਹੀਂ। ਸੋ ਕਲਗੀ ਵਾਲੇ ਦੀ ਫ਼ੌਜ ਵਿਚ ਭਰਤੀ ਕਰਵਾ ਆਏ।

ਭੰਗਾਣੀ ਦੇ ਯੁੱਧ ਦਾ ਐਲਾਨ ਹੁੰਦੇ ਹੀ ਪੰਜ ਸੌ ਪਠਾਣਾਂ ਵਿਚੋਂ ਚਾਰ ਸੌ ਦਗ਼ਾ ਦੇ ਗਏ। ਇਕੋ ਕਾਲੇ ਖ਼ਾਨ ਸਾਬਤ ਕਦਮ ਰਿਹਾ।

ਪੀਰ ਜੀ ਨੇ ਜਦ ਸੁਣਿਆ ਤਾਂ ੭੦੦ ਮੁਰੀਦਾਂ, ਚਾਰੇ ਪੁੱਤਰਾਂ, ਦੋ ਭਰਾਵਾਂ ਸਮੇਤ ਸਿੱਧਾ ਭੰਗਾਣੀ ਦੇ ਯੁੱਧ ਆ ਭਿੜਣ ਲਗੇ। ਜੰਗ ਵਿਚ ਦੋ ਬੇਟੇ ਸ਼ਹੀਦ ਹੋ ਗਏ ਅਤੇ ਕਈ ਮੁਰੀਦ ਜੰਗ ਵਿਚ ਕੰਮ ਆਏ ਪਰ ਪੀਰ ਜੀ ਨੇ ਰਤਾ ਭਰ ਰੋਸ ਜਾਂ ਮਲਾਲ ਨਾ ਕੀਤਾ।

ਜੰਗ ਪਿਛੋਂ ਜਦ ਗੁਰੂ ਗੋਬਿੰਦ ਸਿੰਘ ਜੀ ਸੂਰਮਿਆਂ ਨੂੰ ਬਖ਼ਸ਼ਸ਼ਾਂ ਨਾਲ ਨਿਵਾਜ ਰਹੇ ਸਨ ਤਾਂ ਪੀਰ ਜੀ ਨੂੰ ਇਕ ਪਾਸੇ ਬੈਠਿਆਂ ਦੇਖ ਮਹਾਰਾਜ ਨੇ ਉੱਚੀ ਆਵਾਜ਼ ਨਾਲ 'ਤੁਮ ਪੀਰ ਸਾਚ ਕੋ ਆਹਾ' ਕਹਿ ਕੇ ਨਿਕਟ ਬੁਲਾਇਆ ਅਤੇ ਕਿਹਾ :

> ਤੁਸੀਂ ਧੰਨ ਹੋ ਜਿਨ੍ਹਾਂ ਨੇ ਬਚਨਾਂ ਦੀ ਪੂਰਤੀ ਲਈ ਆਪਣੇ ਬੱਚੇ ਵਾਰੇ।

ਪੀਰ ਜੀ ਨੇ ਨਿਮ੍ਰ ਭਾਵ ਵਿਚ ਕਿਹਾ :

> ਸੱਚੇ ਪਾਤਸ਼ਾਹ ! ਮਰਨਾ ਸਭਨਾਂ ਹੈ। ਉਹ ਆਪਣੇ ਆਪ ਨੂੰ ਖ਼ੁਸ਼ ਨਸੀਬ ਸਮਝਦੇ ਹਨ ਕਿ ਦੋ ਪੁੱਤਰ ਸ਼ੁੱਭ ਕਾਰਜ ਲਈ ਸ਼ਹੀਦ ਹੋ ਗਏ ਅਤੇ ਸਨਮੁਖ ਸ਼ਹੀਦ ਹੋਣ ਕਾਰਨ ਜੰਨਤ ਵਿਚ ਗਏ ਹਨ। ਇਸ ਲਈ ਰਤਾ ਵੀ ਅਫ਼ਸੋਸ ਦਾ ਮਕਾਮ ਨਹੀਂ।

**ਮਮ ਪੁਤਰ ਮਰੇ ਸੁਭ ਥਾਨਾ।**
**ਇਕ ਤੋ ਹਨ ਖੇਤ ਮਹਾਨਾ।**
**ਪੁਨ ਕਾਰਜ ਤੁਮਰੇ ਆਏ।**
**ਇਵ ਕਹਿ ਵੈ ਭਿਸਤ ਸਿਧਾਏ।**

ਇਹ ਜਾਨਯੋ ਲਾਭ ਬਡੇਰਾ।
ਨਹਿ ਸ਼ੋਕ ਕਰੇ ਮਨ ਮੇਰਾ।੨੮।

(ਸੂਰਜ ਪ੍ਰਕਾਸ਼, ਰਾਸ ਬਾਰ੍ਹਵੀਂ, ਰੁਤ ਦੂਜੀ)

ਪੀਰ ਜੀ ਨੂੰ ਜਦ ਗੁਰੂ ਜੀ ਸਿਰੋਪਾ ਭੇਟ ਕਰਨ ਲੱਗੇ ਤਾਂ ਉਨ੍ਹਾਂ ਕਿਹਾ :

> ਜੇ ਤੁਠੇ ਹੋ ਤਾਂ ਕੰਘੇ ਵਿਚ ਅੜੇ 'ਕੇਸ' ਬਖਸ਼ੋ ਤਾਂ ਕਿ 'ਮੂਏ ਸੁਬਾਟਕ' ਦਾ ਰੋਜ਼ ਦੀਦਾਰ ਕਰ ਫੈਜ਼ਯਾਬ ਹੋਵਾਂ।

ਗੁਰੂ ਜੀ ਕੋਲੋਂ ਇਹ ਦਾਤਾਂ ਲੈ ਕੇ ਸਾਢੌਰਾ ਮੁੜ ਆਏ।

ਇਹ ਸਭ ਸੁਣ ਔਰੰਗਜ਼ੇਬ ਨੂੰ ਇਤਨਾ ਕ੍ਰੋਧ ਆਇਆ ਕਿ ਉਸ ਨੇ ਉਚੇਚਾ ਉਸਮਾਨ ਖ਼ਾਨ ਨੂੰ ਸਾਢੌਰਾ ਤਬਾਹ-ਬਰਬਾਦ ਕਰਨ ਲਈ ਭੇਜਿਆ। ਉਸ ਜ਼ਾਲਿਮ ਨੇ ਸ਼ਹਿਰ ਤੇ ਗੜ੍ਹੀ ਤਬਾਹ ਕਰਨ ਉਪਰੰਤ ਪੀਰ ਬੁਧੂ ਸ਼ਾਹ ਦੇ ਸਰੀਰ ਦੇ ਟੋਟੇ ਕਰ ਸ਼ਹੀਦ ਕਰ ਦਿੱਤਾ।

ਪੀਰ ਜੀ ਨੇ ਜਾਨ ਵਾਰ ਦਿੱਤੀ ਪਰ ਅਕੀਦਤ ਪ੍ਰਗਟਾਉਣ ਦੀ ਇੰਤਹਾ ਦੱਸ ਦਿਤੀ। ਕਲਗੀਧਰ ਨੇ ਵੀ ਜਦ ਬਾਬਾ ਬੰਦਾ ਸਿੰਘ ਨੂੰ ਪੰਜਾਬ ਵਲ ਭੇਜਿਆ ਤਾਂ ਜਿਥੇ ਹੋਰ ਕਈ ਹਦਾਇਤਾਂ ਦਿੱਤੀਆਂ ਉਥੇ ਖ਼ਾਸ ਤੌਰ ਤੇ ਕਿਹਾ :

> ਜਿਸ ਨੇ ਸਾਡੇ ਕਾਰਨ ਸਾਡੇ ਮਿੱਤਰ ਫ਼ਕੀਰ ਬੁਧੂ ਸ਼ਾਹ ਨੂੰ ਤਸੀਹੇ ਦੇ ਸ਼ਹੀਦ ਕੀਤਾ ਹੈ, ਉਨ੍ਹਾਂ ਨੂੰ ਸਜ਼ਾਵਾਂ ਦਿਓ।

(ਕਨ੍ਹੀਆ ਲਾਲ)

ਬਾਬਾ ਬੰਦਾ ਸਿੰਘ ਜੀ ਨੇ ਹੁਕਮ ਤੇ ਫੁਲ ਚੜ੍ਹਾਂਦੇ ਸਾਢੌਰਾ ਚੜ੍ਹਾਈ ਕਰ ਚੁਣ ਚੁਣ ਸ਼ਤ੍ਰੂ ਮੁਕਾਏ।

□


www.punjabilibrary.com

ਭਾਈ ਕਨ੍ਹਈਆ ਜੀ

ਭਾਈ ਕਨ੍ਹਈਆ ਜੀ ਨਿਰੇ ਸੇਵਾ ਪੰਥੀਆਂ ਦੇ ਹੀ ਮੋਢੀ ਨਹੀਂ ਸਗੋਂ ਸੰਸਾਰ ਭਰ ਦੇ ਰੈੱਡ ਕਰਾਸ ਦੇ ਵੀ ਬਾਨੀ ਕਹੇ ਜਾ ਸਕਦੇ ਹਨ। ਨਾਲ ਹੀ ਆਪ ਜੀ ਦਾ ਸੇਵਾ, ਸਾਹਸ, ਸਿਦਕ, ਸੰਤੋਖ, ਸਬਰ ਤੇ ਸਦਾਚਾਰ ਕਾਰਨ ਵੀ ਨਾਂ ਸਰਵ ਸ੍ਰੇਸ਼ਟ ਹੈ।

ਭਾਈ ਕਨ੍ਹਈਆ ਜੀ ਦੀ ਗੁਰੂ ਤੇਗ਼ ਬਹਾਦਰ ਜੀ ਤੋਂ ਬਖ਼ਸ਼ਸ਼ ਪਾਉਣ ਦੀ ਗਵਾਹੀ ਰਤਨ ਮਾਲ ਵਿਚ ਦਰਜ ਇਕ ਕਬਿਤ ਤੋਂ ਵਿਦਤ ਹੁੰਦੀ ਹੈ।

ਕਬਿਤ :

ਸ੍ਰੀ ਗੁਰੂ ਤੇਗ ਬਹਾਦਰ ਕੀ ਬਖਸ਼ੀਸ਼ ਬੀਜ ਭਯੋ,
ਸ੍ਰੀ ਦਸ਼ਮੇਸ਼ ਕ੍ਰਿਪਾ ਜਲ ਪਹਿਚਾਣੀਐ।
ਅੰਕੁਰ ਕਨ੍ਹਈਆ ਲਾਲ, ਮੂਲ ਭਾਈ ਸੇਵਾ ਰਾਮ,
ਆਲਬਾਲ ਸੰਤ ਭਾਈ ਅੱਡਣ ਪ੍ਰਮਾਨੀਐ।
ਡਾਲ ਗੁਰ ਆਇਆ ਰਾਮ, ਭਾਈ ਭਲਾ ਰਾਮ ਆਦਿ
ਭਾਈ ਦੁਖ ਭੰਜਨ ਪਰਸ ਰਾਮ ਠਾਨੀਐ।
ਔਰ ਸਾਧ ਸੰਤ ਸਾਖ, ਫੂਲ ਫਲ ਪਤਿ ਆਦਿ
ਸੁਜਸ ਬਖਾਨਯੋ ਪੰਥ ਦੇਵਤਰ ਜਾਨੀਐ।

ਗੁਰੂ ਤੇਗ ਬਹਾਦਰ ਜੀ ਦੇ ਬਖ਼ਸ਼ੱਸ਼ ਰੂਪੀ ਪਾਏ ਬੀਜ ਨੂੰ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਜਲ ਸਿੰਚਿਆ ਤਾਂ ਅੰਕੁਰ ਭਾਈ ਕਨ੍ਹਈਆ ਜੀ ਫੁੱਟ ਬਾਹਰ ਨਿਕਲੇ। ਮਹਾਨ ਕੋਸ਼ ਵਿਚ ਵੀ ਭਾਈ ਜੀ ਨੂੰ ਗੁਰੂ ਤੇਗ਼ ਬਹਾਦਰ ਜੀ ਦਾ ਪ੍ਰੇਮੀ ਸਿੱਖ ਕਰ ਕੇ ਹੀ ਲਿਖਿਆ ਹੈ।

ਦਰਿਆ ਚਿਨਾਬ ਕਿਨਾਰੇ, ਵਜ਼ੀਰਾਬਾਦ ਤੋਂ ਪੰਜ ਮੀਲ ਦੀ ਵਾਟ ਤੇ ਇਕ ਪਿੰਡ ਸੋਧਰਾ ਹੈ। ਸੌ ਦਰਵਾਜ਼ੇ ਹੋਣ ਕਾਰਨ ਨਗਰ ਦਾ ਨਾਂ ਸੌ ਦਰਾ ਹੋਇਆ ਤੇ ਪਿਛੋਂ ਵਿਗੜ ਕੇ ਸੋਧਰਾ ਕਹਿਲਾਇਆ। ਸੋਧਰਾ ਵਿਖੇ ਹੀ ਨੌਲੱਖਾ ਬਾਗ਼ ਹੈ। ਨੌਂ ਲੱਖ



 www.punjabilibrary.com

ਰੁਪਿਆ ਉਸਾਰੀ ਤੇ ਖ਼ਰਚ ਆਉਣ ਕਾਰਨ ਇਸ ਨੂੰ ਨੌਲੱਖਾ ਕਹਿੰਦੇ ਹਨ। ਉਸੇ ਸੋਧਰਾ ਹੀ ਭਾਈ ਕਨ੍ਹਈਆ ਜੀ ਦਾ ਜਨਮ ੧੬੪੭ ਨੂੰ ਹੋਇਆ।

ਆਪ ਜੀ ਦੇ ਪਿਤਾ ਇਕ ਵਡੇ ਸੌਦਾਗਰ ਸਨ। ਬਾਲਪਣ ਤੋਂ ਹੀ ਪਰਉਪਕਾਰੀ ਰੁਚੀ ਸੀ। ਖੇਡਣ ਜਾਣਾ ਤਾਂ ਜੇਬਾਂ ਕਉਡੀਆਂ, ਪੈਸਿਆਂ ਤੇ ਕਈ ਵਾਰੀ ਰੁਪਿਆਂ ਨਾਲ ਭਰ ਲੈਣੀਆਂ। ਲੋੜਵੰਦਾਂ ਨੂੰ ਵੰਡ ਆਉਣੀਆਂ।

ਰਤਾ ਕੁ ਵੱਡੇ ਹੋਏ ਤਾਂ ਬੇਗਾਰ ਕੱਢਣ ਵਾਲੇ ਮਜ਼ਦੂਰ ਬੰਦਿਆਂ ਦੀ ਬੇਗਾਰ ਆਪੂੰ ਅੱਗੇ ਵੱਧ ਉਠਾ ਲੈਂਦੇ। ਸਾਹ ਦਵਾਂਦੇ ਤੇ ਕੋਲੋਂ ਵਿਚਾਰਿਆਂ ਬੇਗਾਰੀਆਂ ਨੂੰ ਰੁਪੈ ਦੇ ਕੇ ਮੁੜਦੇ। ਪਿਤਾ ਜੀ ਨੇ ਕਈ ਵਾਰੀ ਗੁੱਸਾ ਕਰਨਾ ਅਤੇ ਮਾਂ ਨੇ ਕਈ ਵਾਰ ਸਮਝਾਇਆ ਵੀ ਕਿ ਇੰਜ ਨਾ ਕੀਤਾ ਕਰ, ਬਦਨਾਮੀ ਹੁੰਦੀ ਹੈ ਤਾਂ ਮਾਂ ਨੂੰ ਬੜੇ ਸਹਜ ਵਿਚ ਕਹਿਣਾ : ਮਾਂ ਕਈਆਂ ਘਰ ਬਾਵਲੇ ਪੁੱਤਰ ਨਹੀਂ ਜੰਮ ਪੈਂਦੇ।

ਮੈਨੂੰ ਬਾਵਲਾ ਹੀ ਸਮਝ ਛੱਡ।

ਹਰ ਮਹਾਂ ਪੁਰਸ਼ ਅਣਜਾਣ ਪੁਰਸ਼ਾਂ ਦੀ ਨਜ਼ਰ ਵਿਚ ਦੀਵਾਨਾ ਹੁੰਦਾ ਹੈ।

ਪਿਤਾ ਜੀ ਦੇ ਅਕਾਲ ਚਲਾਣੇ ਵੇਲੇ ਵਪਾਰ ਸੰਭਾਲ ਤਾਂ ਲਿਆ ਪਰ ਕਰਕ ਕਲੇਜੇ ਉਠਦੀ ਹੀ ਰਹਿੰਦੀ ਸੀ। ਭਰਾ ਅਜੇ ਛੋਟੇ ਸਨ ਅਤੇ ਪਰਿਵਾਰ ਦੀ ਜ਼ਿੰਮੇਵਾਰੀ ਵੱਡੀ ਸੀ। ਭਰਾ ਜਦ ਕੰਮ ਸੰਭਾਲਣ ਯੋਗ ਹੋ ਗਏ ਤਾਂ ਉਸ ਸਜਣ ਦੀ ਭਾਲ ਵਿਚ ਨਿਕਲ ਪਏ ਜੋ ਮਾਇਆ ਵਿਚ ਉਦਾਸ ਕਰ ਦੇਵੇ। ਮੁੱਗਲਾਂ ਦੀ ਜਿਸ ਫ਼ੌਜ ਨੂੰ ਰਸਦ ਸਮਾਨ ਪਹੁੰਚਾਂਦੇ ਸਨ ਉਸੇ ਫ਼ੌਜ ਦੇ ਇਕ ਕਰਮਚਾਰੀ ਭਾਈ ਨਨੂਆ ਕੋਲੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸੁਣ ਐਸੀ ਖਿੱਚ ਪਈ ਕਿ ਛੱਡ ਛਡਾ ਭਾਲਣ ਤੁਰ ਪਏ। ਮੁੱਖ ਤੇ ਇਕ ਹੀ ਤੁਕ ਸੀ :

ਕੋਈ ਜਨ ਹਰਿ ਸਿਉ ਦੇਵੈ ਜੋਰ।

ਇਸੇ ਭਾਲ ਦੌਰਾਨ ਇਕ ਗੁਰਸਿੱਖ ਨਾਲ ਮੇਲ ਹੋਇਆ ਤਾਂ ਉਸ ਭਾਈ ਕਨ੍ਹਈਆ ਜੀ ਨੂੰ ਕਿਹਾ :

ਤੁਸਾਂ ਗ੍ਰਿਹਸਤ ਤਿਆਗ ਕੇ ਅਤੀਤ ਦਾ
ਸੁਖ ਤਾਂ ਜ਼ਰੂਰ ਲਿਆ ਹੈ ਪਰ ਸੱਚੀ ਬੁਧ ਦਾ
ਵੀਚਾਰ ਨਹੀਂ ਕੀਤਾ। ਸਚੀ ਵਿਚਾਰ
ਤੋਂ ਬਗੈਰ ਮਮਤਾ ਨਹੀਂ ਛੁਟਦੀ।
ਅਸਲ ਫ਼ਕੀਰ ਉਹ ਹੀ ਹੈ ਜੋ ਬੰਦਗੀ
ਦੇ ਜ਼ੋਰ ਨਾਲ ਮਾਇਆ ਦੀ ਲਾਲਸਾ



 www.punjabilibrary.com

ਤਿਆਗਦਾ ਹੈ । ਅੰਤਰ ਦਾ ਪਰਚਾ
ਨਾਮ ਸਿਉ ਕਰਦਾ ਹੈ । ਚਿਤਵਨੀਆਂ ਹੀ
ਤਿਆਗ ਦੇਂਦਾ ਹੈ। ਐਸੇ ਫ਼ਕੀਰ ਪਾਸ
ਬੈਠ ਸਭ ਮੁਕਤ ਹੋ ਜਾਂਦੇ ਹਨ ।
ਪਰ ਜੋ ਫ਼ਕੀਰ ਦਾ ਭੇਖ ਧਾਰ ਮਨ ਦਾ
ਕਿਹਾ ਕਰਦਾ ਹੈ, ਚੋਰ ਉਚੱਕਾ ਹੈ ।

**ਫ਼ਕੀਰ ਹੋ ਕੇ ਮਾਇਆਧਾਰੀ ਢੂੰਡਦਾ ਹੈ
ਉਹ ਬਾਜ਼ਾਰੀਆ ਹੈ ।**

ਉਸੇ ਗੁਰਸਿੱਖ ਨਾਲ ਆਨੰਦਪੁਰ ਸਾਹਿਬ ਆਏ । ਗੁਰੂ ਤੇਗ਼ ਬਹਾਦਰ ਜੀ ਨੇ ਜਲ ਦੀ ਸੇਵਾ ਤੇ ਲਗਾਇਆ । ਕਈ ਵਾਰੀ ਗੁਰੂ ਤੇਗ਼ ਬਹਾਦਰ ਜੀ ਜਲ ਦਾ ਘੜਾ ਬਗ਼ੈਰ ਵਰਤੇ ਹੀ ਡੋਲ੍ਹ ਦਿੰਦੇ। ਨਿਰੋਲ ਇਹ ਤੱਕਣ ਲਈ ਕਿ ਭਾਈ ਜੀ ਤੇ ਕੀ ਪ੍ਰਭਾਵ ਪੈਂਦਾ ਹੈ । ਜੇ ਮੇਰਾ ਡੋਲ੍ਹਣਾ ਇਸ ਨੇ ਉਚਿਤ ਨਾ ਜਾਣਿਆ ਤਾਂ ਅੱਗੋਂ ਰਣ-ਭੂਮੀ ਵਿਚ ਦੁਸ਼ਮਣਾਂ ਨੂੰ ਜਲ ਪਿਲਾਉਣ ਵਾਲੀ ਐਸੀ ਬਿਖਮ ਕਾਰ ਕਿਵੇਂ ਨਿਬਾਹੇਗਾ । ਭਾਈ ਜੀ ਤਾਂ ਗੁਰ ਕੀ ਕਾਰ ਨਿਭਾ ਰਹੇ ਸਨ । ਹਰ ਹਾਲ ਪ੍ਰਸੰਨ ਸਨ । ਤਿੰਨ ਮਹੀਨੇ ਦੀ ਕਠਨ ਘਾਲਣਾ ਪਿਛੋਂ ਇਕ ਦਿਨ ਨੌਵੇਂ ਗੁਰੂ ਪਾਤਸ਼ਾਹ ਨੇ ਇਸ ਤਰ੍ਹਾਂ ਭਾਈ ਜੀ ਵਲ ਨਜ਼ਰ ਭਰ ਤੱਕਿਆ ਕਿ ਸਰੀਰ ਮੇਂ ਅਸਰੀਰ ਦਿਖਾਇ ਦੀਆ । ਫਿਰ ਰਹਿਮਤ ਦੇ ਦਰ ਆ ਸਗਲ ਸ੍ਰਿਸ਼ਟ ਦੀ ਚਾਦਰ ਨੇ ਕਿਹਾ :

**ਇਹ ਭਰੋਸਗੀ ਦੀ ਦਾਤ ਤੁਹਾਨੂੰ ਮਿਲੀ ਹੈ ।
ਹੋਰਨਾਂ ਨੂੰ ਵੀ ਵੰਡੋ ।**

ਭਾਈ ਜੀ ਨੇ ਚਰਨਾਂ ਵਿਚ ਹੀ ਟਿਕ ਸੇਵਾ ਕਰਨ ਦੀ ਇੱਛਾ ਜਦ ਪ੍ਰਗਟ ਕੀਤੀ ਤਾਂ ਗੁਰੂ ਜੀ ਨੇ ਫ਼ਰਮਾਇਆ

ਗੁਰੂ ਵਸਤ ਬਿਬੇਕ ਹੈ ।

ਬਿਬੇਕ ਸਹਿਤ ਜੋ ਕਰਮ ਕਰਨੇ ਹੈਨਿ
ਇਹ ਹੀ ਚਰਨਾਂ ਪਾਸ ਰਹਿਣਾ ਹੈ ।

ਕਿਸੇ ਜੀਵ ਦਾ ਹਿਰਦਾ ਪ੍ਰਸੰਨ ਕਰਨਾ
ਕਿਸੇ ਨੂੰ ਗੁਰਮਤਿ ਦੀ ਘਾਸੀ ਪਾਉਣਾ
ਇਹ ਹੀ ਗੁਰ ਸੇਵਾ ਹੈ ।

ਆਨੰਦਪੁਰ ਤੋਂ ਵਿਦਿਆਇਗੀ ਲੈ ਭਾਈ ਜੀ ਅਟਕ ਦੇ ਨੇੜੇ ਕਵੇਹ ਦੇ ਅਸਥਾਨ ਤੇ ਧਰਮਸਾਲ ਉਸਾਰ, ਆਏ ਗਏ ਦੀ ਸੇਵਾ ਵਿਚ ਜੁਟ ਪਏ । ਹਰ ਇਕ ਨੂੰ ਭਾਈ ਜੀ ਨਿਮਰਤਾ ਸਹਿਤ ਸਮਝਾਂਦੇ :




www.punjabilibrary.com

'ਸਾਡਾ ਪੰਥ ਏਕਤਾ ਦਾ ਹੈ।
ਸਭ ਜੀਅ ਸਾਡੇ ਹਨ।
ਜਲ ਭਰ ਪਿਲਾਣ ਤੇ
ਪੀਣ ਵਾਲਾ ਇਕ ਹੀ ਹੈ।
ਸੇਵਾ ਸਿਖ ਘਰ ਪ੍ਰਧਾਨ ਹੈ।'

ਸੇਵਾ ਦੀ ਮਹਿਮਾ ਕਰਦੇ ਦ੍ਰਿੜਾਂਦੇ ਆਖਦੇ :

ਜਿਸ ਤਰ੍ਹਾਂ ਕੋਈ ਸਰਾਫ਼ ਪਾਸੋਂ
ਸਰਾਫ਼ੀ ਸਿਖਣਾ ਲੋੜੇ

ਤਾਂ ਸਿਰਫ਼ ਉਪਦੇਸ਼ ਸੁਣਨ ਨਾਲ ਸਰਾਫ਼ੀ ਨਹੀਂ ਆ ਜਾਣੀ। ਰਹਿਤ ਨਾਲ ਹੀ ਪ੍ਰਮਾਤਮਾ ਮਿਲਦਾ ਹੈ। ਨਿਰੇ ਉਪਦੇਸ਼ ਸੁਣਨ ਨਾਲ ਤਾਂ ਮਨ ਸਗੋਂ ਢੀਠ ਹੋ ਜਾਂਦਾ ਹੈ, ਠਠਿਆਰਾਂ ਦੀ ਬਿੱਲੀ ਵਾਂਗ। ਮਨ ਦੀ ਮੈਲ ਸੇਵਾ ਹੀ ਉਤਾਰੇਗੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਜਦ ਧਰਮ ਯੁੱਧਾਂ ਦੇ ਦੌਰ ਆਰੰਭ ਹੋਏ ਤਾਂ ਆਪ ਜੀ ਆਨੰਦਪੁਰ ਆ ਗਏ।

ਆਪਣੇ ਜ਼ਿੰਮੇ ਜੰਗ ਵਿਚ ਤ੍ਰਿਹਾਇਆਂ ਨੂੰ ਜਲ ਪਿਲਾਣ ਦੀ ਸੇਵਾ ਲੈ ਲਈ। ਖਬੇ ਪਾਸੇ ਗਾਤਰੇ ਵਿਚ ਚਿੱਟਾ ਝੰਡਾ ਗੱਡ ਉਠਾ ਲਿਆ। ਕਪੜੇ ਵੀ ਸੁਫ਼ੈਦ ਪਹਿਣ ਲਏ ਤੇ ਮਸ਼ਕ ਚੁਕ ਪਾਣੀ ਪਿਲਾਣ ਲਈ ਹਰ ਸਿਪਾਹੀ ਪਾਸ ਬਿਨਾਂ ਵਿਤਕਰੇ ਦੇ ਪੁੱਜਦੇ ਤੇ ਪਾਣੀ ਪਿਲਾਂਦੇ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਹਿੰਦੂ ਸਿੱਖ ਮੁਸਲਮਾਨ ਦਾ ਅੰਤਰ ਨਹੀਂ ਸੀ ਰਿਹਾ।

ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

**ਜਿਮ ਸਿੰਘਨ ਕੋ ਜਾਇ ਪਿਲਾਵੈ**
**ਤਿਮ ਤੁਰਕਨ ਕੋ ਨਿਤ ਤ੍ਰਿਪਤਾਵੈ।**

ਕਲਗੀਧਰ ਪਾਸ ਜਦ ਸ਼ਿਕਾਇਤਾਂ ਪੁੱਜੀਆਂ ਤਾਂ ਆਪ ਜੀ ਦੀ ਪੇਸ਼ੀ ਹੋਈ। ਕਸੂਰ ਸੁਣ ਭਾਈ ਜੀ ਨੇ ਹਥ ਜੋੜ ਕਿਹਾ ਕਿ ਉਹ ਤਾਂ ਹਰ ਥਾਂ ਹਰ ਇਕ ਵਿਚ ਆਪ ਜੀ ਦਾ ਰੂਪ ਦੇਖਦਾ ਹੈ। ਭਾਵੇਂ ਉਹ ਪਹਾੜੀਏ ਹਨ ਜਾਂ ਪਛਮੀਏ :

ਜਹਾਂ ਕਹਾਂ ਇਕ ਰੂਪ ਤੁਮਾਰਾ।
ਨਹ ਦੂਸਰ ਮੇਂ ਕੋਊ ਨਿਹਾਰਾ।
ਸਭ ਮਹਿ ਰਹਿ ਬਿਰਾਜ ਸਮਾਨਾ।
ਸਤ੍ਰ ਮਿਤ੍ਰ ਕੋ ਜਾਇ ਨਾ ਜਾਨਾ।
ਸਭ ਥਲ ਤੁਮਰੋ ਰੂਪ ਨਿਹਾਰੋ।
ਭੇਦ ਭਿੰਨ ਕੋ ਨਾ ਬਿਚਾਰੋ।


www.punjabilibrary.com

ਮੋ ਕੋ ਤੌ ਇਮ ਹੀ ਦ੍ਰਿਸ਼ਟਾਵੈ ।
ਤੁਮ ਬਿਨ ਦੂਸਰ ਨਦਰ ਨ ਆਵੈ ।
ਨ ਪਹਾਰੀ ਮਹਿ ਕੋਊ ਦੂਜਾ ।
ਜਹਿ ਕਹਿ ਕਰਹਿ ਆਪ ਕੀ ਪੂਜਾ ।

(ਰੁਤ ਛੇਵੀਂ, ਅਧਿਆਇ ੨੯)

ਕਲ-ਕੀ-ਧਿਰ, ਕਲਗੀਆਂ ਵਾਲੇ ਬਹੁਤ ਹੀ ਪ੍ਰਸੰਨ ਹੋਏ ਤੇ ਸਭ ਨੂੰ ਹਦਾਇਤ ਕੀਤੀ ਕਿ ਕੋਈ ਇਸ ਨੂੰ ਨਾ ਵਰਜੇ ਅਤੇ ਨਾ ਹੀ ਕੋਈ ਇਨ੍ਹਾਂ ਦੀ ਕਰਨੀ ਤੇ ਸ਼ਕ ਕਰੇ ।

**ਇਸ ਕੋ ਕਿਸ ਬਿਧ ਕਹੋ ਨਾ ਕੋਈ ।**
**ਕਰੈ ਜਥੋ ਚਿਤ ਜਿਮ ਉਰ ਹੋਈ ।**

ਫਿਰ ਮਰ੍ਹਮ ਪੱਟੀ ਦੇ ਕਿਹਾ ਕਿ ਫੱਟਾਂ ਤੇ ਮਰ੍ਹਮ ਪੱਟੀ ਵੀ ਕਰ ਦਿੱਤਾ ਕਰੋ ।

ਰਤਨ ਮਾਲ ਦੇ ਸ਼ਬਦਾਂ ਵਿਚ :

ਭਾਈ ਸਾਹਿਬ ਸਿੰਘਾਂ ਬੀਚ ਭੀ
ਅਤੇ ਤੁਰਕਾਂ ਬੀਚ ਭੀ ਬਿਚਰਦੇ ।
ਕੋਈ ਇਸ ਕੋ ਅਟਕਾਵੈ ਨਾਹੀਂ ।
ਨਿਸ਼ਚੇ ਹੀ ਫਿਰੇ ।
ਇਕ ਸਮਾਨ ਸਭੀ ਕੋ ਜਾਨ ਕੇ,
ਸੇਵਾ ਬੜੇ ਪ੍ਰੇਮ ਸੋ ਕਰਹਿ ।
ਅਰ ਸਭ ਮਿਤ੍ਰ ਵੈਰੀ ਸਾਧ ਜਾਣ ਕੇ
ਨਮਸਕਾਰ ਕਰੈਂ । ਕੋਈ ਇਸ ਕੋ
ਦੁਖਾਵੈ ਨਾਹੀਂ ।

ਆਪ ਜੀ ਦੀ ਅਗਵਾਈ ਹੇਠਾਂ ਸੇਵਾ ਪੰਥੀਆਂ ਦਾ ਪੂਰਾ ਜੱਥਾ ਬਣ ਗਿਆ ਸ੍ਰੀ ਜੋ ਫਟੜਾਂ ਦਾ ਇਲਾਜ ਕਰਦਾ । ਮੈਦਾਨ ਵਿਚ ਕੰਮ ਆਇਆਂ ਨੂੰ ਸੰਭਾਲਦਾ ਤੇ ਹਰ ਇਕ ਨੂੰ ਪੁਜ ਪੁਜ ਜਲ ਛਕਾਉਣ ਦੀ ਸੇਵਾ ਕਰਦਾ ।

ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਛੱਡ ਜਾਣ ਤੇ ਆਪ ਜੀ ਫਿਰ ਕਵਰੇ (ਅਟਕ) ਚਲੇ ਗਏ ।

ਲੋਕਾਂ ਕਹਿਆ ਵੀ ਕਿ ਜਰਵਾਨਿਆਂ ਦੇ ਦੇਸ਼ ਤੁਸਾਂ ਜਾ ਕਿਉਂ ਡੇਰਾ ਲਾਇਆ ਤਾਂ ਫ਼ਰਮਾਇਆ :

ਸੰਤਹੁ ਕੋ ਸਭ ਸੰਤ ਹੀ ਦਿਖਾਈ ਦੇਂਦੇ ਹਨ ਤੇ
ਅਸੰਤਹੁ ਕੋ ਸਭ ਅਸੰਤ । ਗੁਰੂ ਅੰਗਦ ਦੇਵ ਜੀ
ਬਚਨ ਦੁਹਰਾਂਦੇ ਕਹਿੰਦੇ ਕਿ ਰਿਦਾ ਅਜਿਹਾ ਚਾਹੀਦਾ


www.punjabilibrary.com

ਹੈ ਕਿ ਕੋਟਾਨ ਕੋਟ ਦੁਸਟ ਦੰਡ ਦੇਵੇ, ਨਿੰਦਿਆ
ਕਰੇ, ਸਭ ਸਿਫਤ ਕਰੇਂ ਤਾਂ ਫੂਲੇ ਨਾਂਹ ।
ਸਭ ਅਪਜਸ ਕਰੇਂ ਤਾਂ ਧੀਰਜ ਨਾ ਛੱਡੇ ।

ਆਪ ਜੀ ਸਭ ਨੂੰ ਸਮਝਾਂਦੇ ਕਿ ਤਨ ਮਨ ਧਨ ਨਾਲ ਸਿਮਰਨ ਕਰਨਾ ਹੀ ਸਿੱਖੀ ਹੈ । ਇਸ ਦੀ ਵਿਆਖਿਆ ਕਰਦੇ ਕਹਿੰਦੇ :

ਤਨ ਦਾ ਸਿਮਰਨ ਹੈ :

ਸੰਗਤ ਵਿਚ ਜਾ ਕੇ
ਕੀਰਤਨ ਸੁਣਨਾ ਸੁਣਾਉਣਾ । ਇੰਦ੍ਰੀ ਵਸ
ਕਰਨਾ । ਕਾਮਾਦਿਕ ਨੂੰ ਰੋਕਣਾ । ਸੰਜਮ
ਵਿਚ ਵਿਚਰਨਾ । ਸੁਆਦਾਂ ਪਿਛੇ ਨਾ ਜਾਣਾ ।
ਜੋ ਕਮਾਉਣਾ, ਜਿਹਾ ਆਪਣੇ ਲਈ
ਵਰਤਣਾ ਤੇਹਾ ਦੂਜੇ ਦੀ ਲੋੜ ਪੂਰਿਆਂ
ਕਰਨ ਲਈ ਲਗਾਉਣਾ ।
**ਭਗਵਤ ਅਰਥ ਉਤਾਰੇ ਧਨਾ ।**
**ਕਿਆ ਪਰ ਕਾ, ਕਿਆ ਅਪਨਾ ਤਨਾ ।**

ਮਨ ਦਾ ਸਿਮਰਨ ਹੈ :

ਜੇ ਤਨ ਰੁਕੇ ਵੀ, ਆਲਸ ਵਿਚ
ਆਏ, ਨਿੱਸਲ ਨ ਹੋਣ ਦੇਵੇ ।
ਮਨ ਨੂੰ ਹਲਾ ਸ਼ੇਰੀ ਦੇ ਕੇ,
ਤਨ ਨੂੰ ਵਾਹਿਗੁਰੂ ਵਲ ਲਗਾਵੇ ।
ਜਿਵੇਂ ਜੰਗ ਵਿਚ ਜੂਝਣ ਸਮੇਂ
ਜੋਧਾ ਸਿਰਫ ਲੜਨ ਭਿੜਨ ਦੀ
ਸੋਚਦਾ ਹੈ । ਉਹ ਚੁਕਿਆ ਨਹੀਂ
ਕਿ ਮਰਿਆ ਨਹੀਂ ।
ਇਸੇ ਤਰ੍ਹਾਂ ਸੰਸਾਰ ਵਿਚ ਵਿਚਰ ਕੇ
ਮਨ ਨੂੰ ਪ੍ਰਮਾਤਮਾ ਵਲੋਂ ਚੂਕਣ
ਨ ਦੇਵੇ । ਦਿਲ ਦੀ ਕਿਤਾਬ ਤੇ
ਦੂਜਾ ਹੋਰ ਹਰਫ ਲਿਖਣ ਨਾ ਦੇਵੇ ।
ਸਫਲ ਪੁਰਖ ਉਹ ਹੀ ਹੈ ਜਿਸ
ਤਨ ਮਨ ਧਨ ਨਾਲ ਸਿਮਰਨ ਕੀਤਾ ਹੈ ।

ਲੋਕਾਂ ਦਾ ਅੰਦਰਲਾ ਪੜ੍ਹਨ ਦਾ ਨੁਸਖ਼ਾ ਵੀ ਆਪ ਨੇ ਖ਼ੂਬ ਆਖ ਸੁਣਾਇਆ ਸੀ । ਕਹਿੰਦੇ :

ਜੇ ਕੋਈ ਆਖੇ ਪ੍ਰਸਾਦਿ ਪਾ ਲਿਆ ਹੈ ਕਿ ਨਹੀਂ ਤਾਂ ਕਹਿਣਾ ਪ੍ਰਸ਼ਾਦ ਪਾ ਪਾ ਹੀ ਇਤਨੇ ਵੱਡੇ ਹੋਏ ਹਾਂ । ਐਸੇ ਦਾ ਪ੍ਰਸ਼ਾਦ ਨਹੀਂ


www.punjabilibrary.com

ਛਕਣਾ ਕਿਉਂਕਿ ਉਹ ਸਿਰਫ ਕਹਿਣ ਮਾਤ੍ਰ ਹੀ ਕਹਿ ਰਿਹਾ ਹੈ । ਜੇ ਕੋਈ ਆਖੇ ਪ੍ਰਸ਼ਾਦ ਛਕੋਗੇ ਤਾਂ ਵੀ ਨਹੀਂ ਪਾਉਣਾ ਕਿਉਂਕਿ ਉਸੇ ਦੀ ਨਿਯਤ ਨਹੀਂ ਹੈ। ਹਾਂ ਜੇ ਕੋਈ ਕਹੇ ਕਿ ਆਓ ਪ੍ਰਸ਼ਾਦ ਪਾਓ ਤਾਂ ਉਸ ਵੇਲੇ ਖਾਇ ਲੈਣਾ। ਉਹ ਸਰਧਾ ਨਾਲ ਛਕਾਉਣਾ ਲੋੜਦਾ ਹੈ।

ਭਾਣੇ ਵਿਚ ਰਹਿਣ ਤੇ ਬਹੁਤ ਜ਼ੋਰ ਦੇਂਦੇ। ਕਹਿੰਦੇ ਕਿ ਉੱਤਮ ਪੁਰਸ਼ ਉਹ ਹੀ ਹੈ ਜੋ ਦੁੱਖ ਵਿਚ ਸੋਗ ਨਾ ਮੰਨੇ ਤੇ ਸੁਖ ਵਿਚ ਹਰਖ ਨਾ ਕਰੇ। ਕਾਮ ਕ੍ਰੋਧ ਨੂੰ ਕਾਬੂ ਕਰਨ ਦਾ ਵੱਲ ਸਿਖਾਂਦੇ ਹੋਏ ਕਹਿੰਦੇ ਕਿ ਕ੍ਰੋਧ ਕਰੋ ਆਪਣੇ ਨਫ਼ਸ ਤੇ। ਇੰਦ੍ਰੀਆਂ ਦੇ ਰੋਗ ਨੂੰ ਜਲਾ ਸੁਟੋ। ਖ਼ੂਨੀ ਹਾਥੀ ਮਾੜਾ ਹੈ ਪਰ ਸ਼ਤਰੂਆਂ ਤੇ ਜੇ ਛੱਡ ਦੇਈਏ ਤਾਂ ਕੰਮ ਆਉਂਦਾ ਹੈ। ਕਹਿੰਦੇ ਕਿ ਸੇਵਾ ਉਸੇ ਦੀ ਪਰਵਾਨ ਹੁੰਦੀ ਹੈ ਜੋ ਹੰਕਾਰ ਨਾ ਕਰੇ।

ਇਕ ਵਾਰੀ ਇਕ ਅਮੀਰਜ਼ਾਦੇ ਨੇ ਜਦ ਖੂਹ ਪੁਟਵਾਉਣ ਤੇ ਲਵਾਣ ਦਾ ਸਾਰਾ ਖ਼ਰਚਾ ਦੇਣਾ ਚਾਹਿਆ ਤਾਂ ਲੈਣ ਤੋਂ ਇਨਕਾਰ ਕਰਦੇ ਉਸ ਹੰਕਾਰੀ ਨੂੰ ਕਿਹਾ :

> ਜੇ ਤੇਰੇ ਕੋਲੋਂ ਰੁਪਿਆ ਲੈ ਕੇ
> ਖੂਹ ਲਗਵਾ ਲਿਆ ਤਾਂ ਤੂੰ ਸਾਰਿਆਂ
> ਨੂੰ ਰੋਜ਼ ਕਹਿੰਦਾ ਫਿਰੇਂਗਾ ਕਿ ਮੇਰੇ ਧਨ
> ਨਾਲ ਇਹ ਖੂਹ ਬਣਿਆ ਹੈ। ਦਾਨ
> ਅਹੰਕਾਰ ਦਾ ਮੂਲ ਬਣ ਗਿਆ।
> ਜਦ ਮੈਂ ਜਾਣਦਾ ਹਾਂ ਕਿ ਤੇਰਾ ਹੰਕਾਰ
> ਹੋਰ ਵੱਧਣਾ ਹੈ ਤਾਂ ਤੇਰੀ ਰਕਮ ਕਿਉਂ
> ਲਵਾਂ।

ਕਿਸੇ ਤਰਕਬਾਜ਼ ਨੇ ਜਦ ਕਿਹਾ ਕਿ ਗੁਰੂ ਗਰੰਥ ਸਾਹਿਬ ਅਗੇ ਮੱਥਾ ਟੇਕਣਾ ਵੀ ਤਾਂ ਬੁੱਤ ਪ੍ਰਸਤੀ ਹੈ ਤਾਂ ਕਹਿਣ ਲੱਗੇ :

> ਹਾਂ; ਜੇ ਗੁਰੂ ਗਰੰਥ ਸਾਹਿਬ ਨੂੰ
> ਮੱਥਾ ਟੇਕਣ ਵਾਲਾ ਸ਼ਬਦ ਦੇ
> ਕਹੇ ਨਹੀਂ ਟੁਰਦਾ ਤਾਂ ਉਹ ਬੁੱਤ
> ਪ੍ਰਸਤ ਹੈ। ਗੁਰੂ ਦੇ ਕਹੇ ਟੁਰਨ ਵਾਲਾ
> ਸ਼ਬਦ ਪ੍ਰਸਤ ਹੈ।

ਭੇਖ ਪਖੰਡ ਦੇ ਬਹੁਤ ਹੀ ਵਿਰੁੱਧ ਸਨ। ਉਨ੍ਹਾਂ ਦੇ ਹੀ ਬਚਨ ਹਨ :

> ਭੇਖ ਕਰਤ ਨ ਸੰਤ ਖੁਸ਼ ਹੋਇ।
> ਕਰਣੀ ਬਾਝਹੁ ਤਰੈ ਨ ਕੋਇ।
> ਦੰਭ ਸਹਿਤ ਜੋ ਨੈਣ ਤ੍ਰਿਮਾਵੇ।
> ਤਾ ਕੋ ਮੈ ਹਿਰਦੇ ਨਹੀਂ ਭਾਵੇ।



 www.punjabilibrary.com

ਕਿਰਤ ਕਰਨ ਤੇ ਬਹੁਤ ਜ਼ੋਰ ਦੇਂਦੇ । ਕਿਰਤ ਵੀ ਉਤਨੀ ਜਿਸ ਨਾਲ ਪੇਟ ਭਰ ਰੋਟੀ ਮਿਲ ਜਾਵੇ । ਬਹੁਤੀਆਂ ਝਾਕਾਂ ਬੁਰੀਆਂ ।

**ਕਿਰਤ ਏਕ ਕਉ ਹਾਥ ਲਗਾਵਹੁ ।**
**ਤਾ ਕੀ ਕਿਰਤ ਨਿਕਟ ਨ ਜਾਵਹੁ ।**

ਕਿਸੇ ਦੇ ਘਰ ਜਦ ਆਪ ਜੀ ਨੇ ਪ੍ਰਸ਼ਾਦ ਛੱਕਿਆ ਤਾਂ ਉਸ ਨੇ ਮਨੋ ਕਾਮਨਾ ਪੂਰਨ ਕਰਨ ਦੀ ਅਰਦਾਸ ਕਰਨ ਲਈ ਬੇਨਤੀ ਕੀਤੀ। ਆਪ ਜੀ ਨੇ ਇਨਕਾਰ ਕਰਦੇ ਹੋਏ ਕਿਹਾ :

"ਭਲੇ ਲੋਕ ! ਜੇ ਤੇਰੀ ਮਨੋ ਕਾਮਨਾ ਵਾਸ਼ਨਾ ਵਾਲੀ ਹੈ ਤੇ ਅਰਦਾਸ ਨਾਲ ਪੂਰੀ ਹੋਣ ਤੇ ਪਾਪ ਬਣ ਜਾਵੇਗੀ। ਜੇ ਪੂਰੀ ਨਾ ਹੋਈ ਤਾਂ ਵਾਹਿਗੁਰੂ ਦੇ ਜਨਾਂ ਤੇ ਤੂੰ ਗੁੱਸਾ ਕਰੇਂਗਾ ਤੇ ਤੇਰਾ ਬਣਿਆ ਨਿਸ਼ਚਾ ਟੁੱਟ ਜਾਵੇਗਾ ।

ਪ੍ਰਸ਼ਾਦ ਛਕ ਕੇ ਅਰਦਾਸ ਕਰਨਾ ਤਾਂ ਲੈਣ ਦੇਣ ਹੋ ਗਿਆ ।

ਰਜ਼ਾ ਵਿਚ ਸਦਾ ਰਖੀਂ ਦੀ ਅਰਦਾਸ ਕਰਨੀ ਹੀ ਫੱਬਦੀ ਹੈ ।

ਤੁਸਾਂ ਲੋਕਾਂ ਨੇ ਗੁਰਮਤਿ ਨੂੰ ਨਿਰਾ ਸੌਦੇਬਾਜ਼ੀ ਹੀ ਗਿਣ ਰਖਿਆ ਹੈ ।"

ਗੁਰਮਤਿ ਕਉ ਸਉਦਾ ਮਨ ਮਾਨਾ ।
ਕੁਛ ਦੇ ਕੇ, ਵਹੁ ਲੇਨੀ ਜਾਨਾ ।

ਸੋ ਤੋ ਗੁਰਮਤਿ ਦਾਤ ਖਸਮ ਕੀ ।
ਦੇਣ ਲੇਨ ਯਹ ਬਾਤ ਰਸਮ ਕੀ ।

**ਰੀਤ ਰਸਮ ਸਿਉ ਗੁਰਮਤਿ ਪਰੇ ।**
**ਮਨ ਮਹਿ ਜਾਨਹੁ ਸੋ ਜਨ ਕਰੇ ।**

ਨਾਂਹ ਤਾਂ ਆਪ ਨੇ ਕਦੇ ਉਸ ਦੇ ਘਰ ਪ੍ਰਸ਼ਾਦਿ ਪਾਇਆ ਜੋ ਆਪਨਾ ਟੱਬਰ ਪਾਲਣ ਦੇ ਅਸਮਰਥ ਸੀ ਤੇ ਨਾਂਹ ਹੀ ਉਸ ਦੇ ਜੋ ਹੰਕਾਰ ਦੇ ਬੋਲ ਬੋਲਦਾ ਸੀ । ਕਹਿੰਦੇ :

**ਗਰਬ ਗਰੀਬ ਦੋਨਹੁ ਕੀ ਰੋਟੀ ।**
**ਰਿਦ ਮਹਿ ਜਾਨੀ ਹੈ ਯਹ ਖੋਟੀ ।**

ਇਕ ਸਮੇਂ ਇਕ ਸ਼ਰਧਾਲੂ ਕੋਈ ਉਚੇਚਾ ਪ੍ਰਸ਼ਾਦ ਬਣਾ ਤਾਂ ਲਿਆਇਆ ਪਰ ਹੋਰ ਸੰਗਤਾਂ ਨੂੰ ਭਾਈ ਜੀ ਪਾਸ ਬੈਠਾ ਦੇਖ ਛੁਪਾ ਲਿਆ । ਜਦ ਸੰਗਤ ਉਠ ਗਈ ਤਾਂ ਉਸ ਭੇਟ ਕੀਤਾ ਤਾਂ ਆਪ ਜੀ ਨੇ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ :



 www.punjabilibrary.com

ਜਿਤਨੇ ਮੂੰਹਾਂ ਵਿਚ ਪੈਂਦਾ, ਉਤਨਾ ਹੀ ਤੇਰਾ ਭਲਾ ਹੁੰਦਾ।
ਐਸੀ ਤੰਗ ਬਿਰਤੀ ਵਾਲੇ ਦਾ ਪ੍ਰਸ਼ਾਦ ਤਾਂ ਹੋਰ ਤੰਗ ਨਜ਼ਰੀ
ਪੈਦਾ ਕਰਦਾ ਹੈ ।

ਜਬ ਇਹ ਹੋਵਤ ਭਲਾ ਪ੍ਰਸ਼ਾਦਿ ।
ਤਬ ਹਮ ਸਭ ਮਿਲ ਲੇਵਤ ਸੁਆਦ ।

ਜੈਸੀ ਪੋੜ ਤੇ ਉਪਜਾ ਸੀ ਤੈਸੀ ਹੀ ਤੋੜ ਨਿਭੀ । ਕੀਰਤਨ ਸੁਣਦੇ ਹੀ ਪ੍ਰਾਣ ਤਿਆਗੇ ।

ਆਪ ਜੀ ਹਮੇਸ਼ਾ ਸੂਰਜ ਦੀ ਟਿੱਕੀ ਨਿਕਲਦੇ ਹੀ ਕੀਰਤਨ ਦੀ ਸਮਾਪਤੀ ਦਾ ਇਸ਼ਾਰਾ ਕਰ ਦੇਂਦੇ ਸਨ ਪਰ ਅਕਾਲ ਚਲਾਣੇ ਵਾਲੇ ਦਿਹਾੜੇ ਧਰਮਸਾਲ ਵਿਖੇ ਥੰਮੀ ਦੇ ਸਹਾਰੇ ਕੀਰਤਨ ਸੁਣ ਰਹੇ ਸਨ ਪਰ ਸੂਰਜ ਚੜ੍ਹ ਆਉਣ ਤੇ ਵੀ ਜਦ ਕੋਈ ਇਸ਼ਾਰਾ ਨਾ ਹੋਇਆ ਤਾਂ ਇਕ ਪ੍ਰੇਮੀ ਨੇ ਜਾ ਕੋਲ ਤੱਕਿਆ ਤਾਂ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਚੁੱਕੀ ਸੀ ।

ਆਪ ਜੀ ਦੇ ਅਕਾਲ ਚਲਾਣੇ ਤੇ ਭਾਈ ਸੇਵਾ ਰਾਮ ਜੀ ਨੇ ਇਹ ਸ਼ਬਦ ਪੜ੍ਹਿਆ :

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ।
ਜੀਵਤ ਸਾਹਿਬੁ ਸੇਵਿਓ ਅਪਨਾ
ਚਲਤੇ ਰਾਖਿਓ ਚੀਤਿ । (ਮਾਰੂ ਮਹਲਾ ੫)

ਜ਼ਰਾ ਹੁਣ ਬਾਬਾ ਫ਼ਰੀਦ ਜੀ ਦੇ ਅਕਾਲ ਚਲਾਣੇ ਵਲ ਤੱਕੋ ਜਿਨ੍ਹਾਂ ਵਜ਼ੂ ਕਰ ਨਮਾਜ਼ ਅਦਾ ਕਰਨ ਲਈ ਸਿਜਦਾ ਕੀਤਾ ਤਾਂ ਫਿਰ ਮੱਥਾ ਉਠਾਇਆ ਨਹੀਂ । ਅਲਾਹ ਨੂੰ ਹੀ ਪਿਆਰੇ ਹੋ ਗਏ । ਦਰਵੇਸ਼ਾਂ ਦਾ ਆਉਣਾ ਜਾਣਾ ਇਕੋ ਜਿਹਾ ਹੀ ਹੁੰਦਾ ਹੈ ।

੭੧ ਸਾਲ ਦੀ ਉਮਰ ਵਿਚ ਭਾਈ ਕਨ੍ਹਈਆ ਜੀ ਦਾ ਅਕਾਲ ਚਲਾਣਾ ਹੋਇਆ ਸੀ ! □



 www.punjabilibrary.com

**ਭਾਈ ਅੱਡਨ ਸ਼ਾਹ ਜੀ**

ਨੈਸ਼ਨਲ ਡੀਫ਼ੈਂਸ ਅਕੈਡਮੀ (ਐਨ. ਡੀ. ਏ.) ਨੇ ਆਪਣੇ ਇਨਸਿਗਨੀਆ ਤੇ 'ਬੀਰਤਾ ਤੇ ਬਿਬੇਕ' ਦੇ ਸ਼ਬਦ ਉਕਰੇ ਹੋਏ ਹਨ ਪਰ ਜੇ ਇਨ੍ਹਾਂ ਦੀ ਅਮਲੀ ਮੂਰਤ ਦੇਖਣੀ ਹੋਵੇ ਤਾਂ ਸੇਵਾ ਪੰਥੀ ਮਹਾਂ ਪੁਰਸ਼ਾਂ ਦੇ ਜੀਵਨ ਤੱਕੋ ।

ਭਾਈ ਅੱਡਨ ਸ਼ਾਹ ਜੀ ਨਿਰੀ ਬੀਰਤਾ-ਬਿਬੇਕ ਦੇ ਹੀ ਨਹੀਂ, ਸਵਾ ਪਰਉਪਕਾਰ, ਨਿਮ੍ਰਤਾ ਤੇ ਨਿਸ਼ਕਾਮਤਾ ਦੀ ਵੀ ਤਸਵੀਰ ਸਨ । ਹਰ ਕੋਈ ਉਨ੍ਹਾਂ ਦਾ ਸਤਿਕਾਰ ਕਰਦਾ ਸੀ ।

ਆਪ ਜੀ ਦਾ ਜਨਮ ਸ਼ਾਹ ਜੀਵਨਾ ਲਾਗੇ ਪਿੰਡ 'ਲਉ', ਛੱਤ ਨੇੜੇ, ਜ਼ਿਲ੍ਹਾ ਝੰਗ ਵਿਚ ਹੋਇਆ ਸੀ ।

ਬੇਪਰਵਾਹ ਇਤਨੇ ਕਿ ਪਾਤਸ਼ਾਹਾਂ ਤਕ ਦੀ ਪਰਵਾਹ ਨਾ ਕਰਦੇ । ਸੱਚੀ ਗੱਲ ਮੂੰਹ ਤੇ ਕਹਿੰਦੇ ਨਾ ਝਿਜਕਦੇ । ਅਣਖੀ ਇਤਨੇ ਕਿ ਜਦ ਸਮੇਂ ਦੇ ਹਾਕਮਾਂ ਦੀ ਅਨੀਤੀ ਤੇ ਅਤਿਆਚਾਰ ਤੱਕਿਆ ਤਾਂ ਘੁੱਘ ਵਸਦਾ ਸ਼ਹਿਰ ਤੇ ਸ਼ਾਹ ਜੀਵਨਾ ਦੀ ਆਪੂੰ ਉਸਾਰੀ ਧਰਮਸਾਲਾ ਛੱਡ ਦਿੱਤੀ । ਨਿਰਮਾਨ ਇਤਨੇ ਕਿ ਜੰਮੂ ਵਿਚ ਜਦ ਬਹੁਤ ਆਦਰ ਹੁੰਦਾ ਡਿੱਠਾ ਤਾਂ ਉਹ ਵੀ ਤਿਆਗ ਦਿੱਤਾ ।

ਸ਼ਾਹ ਜੀਵਨਾ ਛੱਡਣ ਦਾ ਕਾਰਨ ਇਹ ਬਣਿਆ ਕਿ ਇਕ ਵਾਰੀ ਇਕ ਸਿਖ, ਸਾਹਿਬ ਗੁਰੂ ਗਰੰਥ ਸਾਹਿਬ ਦਾ ਪਾਠ ਪਿਆ ਕਰਦਾ ਸੀ ਕਿ ਇਲਾਕੇ ਦੇ ਸਿਕਦਾਰ ਨੇ ਸਿਪਾਹੀ ਨੂੰ ਭੇਜ ਸਿਖ ਨੂੰ ਵਗਾਰ ਕੱਢਣ ਲਈ ਆ ਧਮਕਾਇਆ । ਭਾਈ ਅੱਡਨ ਜੀ ਨੇ ਸਿਕਦਾਰ ਨੂੰ ਕਿਹਾ : ਇਤਨਾ ਚਿਰ ਧੀਰਜ ਕਰ, ਪਾਠ ਦੀ ਸਮਾਪਤੀ ਉਪਰੰਤ ਨਾਲ ਲੈ ਜਾਈਂ । ਉਸ ਹੰਕਾਰ ਬਦਮਸਤ ਸਿਕਦਾਰ ਦਾ ਸਿਪਾਹੀ, ਪਾਠ ਕਰਦੇ ਨੂੰ ਹੀ ਉਠਾ ਲੈ ਗਿਆ । ਅਣਖ ਦੇ ਪੁਤਲੇ ਭਾਈ ਅੱਡਨ ਜੀ ਨੇ ਉਸ ਵੇਲੇ ਮਨ ਬਣਾ ਲਿਆ ਕਿ ਇਸ ਇਲਾਕੇ, ਨਗਰ ਵਿਚ ਨਹੀਂ ਰਹਿਣਾ ਜਿਥੇ ਦਿਨ ਦਿਹਾੜੇ ਜ਼ੋਰ ਜਬਰ ਹੁੰਦਾ ਹੈ ਤੇ ਧਰਮ ਦੀ ਨਿਰਾਦਰੀ ਹੁੰਦੀ ਹੈ ਅਤੇ ਸਯਦ, ਸਿਕਦਾਰ ਤੇ ਸਿਪਾਹੀ ਕੁਕਰਮ ਕਰਦੇ ਹਨ ।



 www.punjabilibrary.com

ਜਿਥੇ ਅਨੀਤੀ ਪ੍ਰਧਾਨ ਹੈ, ਉਥੇ ਵਸੇਬਾ ਕਿਉਂ ਰਖਣਾ ? ਅਨਿਆਂ ਹੁੰਦਾ ਦੇਖਣਾ ਤੇ ਫਿਰ ਨਾਂਹ ਬੋਲਣਾ ਕਾਇਰਤਾ ਹੈ।

ਜਦ ਕੁਝ ਚਿਰ ਬਾਅਦ 'ਸਯਦ' ਪਛਤਾਵਾ ਕਰਦੇ ਜੰਮੂ ਪੁਜੇ ਤੇ ਮੁਆਫ਼ੀ ਮੰਗੀ ਤੇ ਵਾਪਸ ਸ਼ਾਹ ਜੀਵਨਾ ਜਾਣ ਲਈ ਅਰਜ਼ ਕੀਤੀ ਤਾਂ ਭਾਈ ਸਾਹਿਬ ਨੇ ਕਿਹਾ : ਜਹਾਂ ਸਾਹਿਬ ਰਖੇ ਤਾਂ ਹੀ ਵਾਹ ਵਾਹ। ਕਚੀਆਂ ਛੱਡ ਆਏ, ਮਾਲਕ ਨੇ ਪੱਕੀਆਂ ਦਿੱਤੀਆਂ (ਜੰਮੂ ਦੇ ਰਾਜੇ, ਦੀਵਾਨ ਨੇ ਸ਼ਰਧਾ ਕਰ ਪੱਕੀ ਧਰਮਸਾਲ ਦੀਵਾਨ-ਖ਼ਾਨੇ ਨਗਰ ਵਿਖੇ ਬਣਵਾ ਦਿੱਤੇ)। ਹੁਣ ਵਾਪਸ ਨਹੀਂ ਜਾਣਾ ਪਰ ਇਤਨਾ ਤੁਹਾਨੂੰ ਕਹਿੰਦਾ ਹਾਂ : ਤੁਸੀਂ ਫ਼ਕੀਰਾਂ ਦੀ ਔਲਾਦ ਹੋ। ਸਾਹਿਬ ਦੀ ਬੰਦਗੀ ਕਰੋ ਅਰ ਕਿਸੇ ਨੂੰ ਦੁਖ ਨਾ ਦੇਵੋ। ਖ਼ੁਦਾ ਤੁਹਾਡਾ ਭਲਾ ਕਰੇਗਾ।

ਜੇ ਸ਼ਾਹ ਜੀਵਨਾ ਅਨੀਤੀ ਤੱਕ ਛੱਡਿਆ ਸੀ ਤਾਂ ਜੰਮ ਇਸ ਲਈ ਤਿਆਗ ਪਰਚਾਰ ਹਿਤ ਨਿਕਲ ਪਏ ਕਿ 'ਆਦਰ' ਬਹੁਤ ਹੁੰਦਾ ਹੈ। ਦੇਖ ਰਹੇ ਸਨ ਕਿ ਸਾਧਆਂ ਦੀ ਪਕੜ ਵਧੀ ਜਾ ਰਹੀ ਹੈ। ਪਕੜ, ਹੰਕਾਰ ਦੀ ਜੜ੍ਹ ਹੈ ਤੇ ਹੰਕਾਰ ਨਾਮ ਦਾ ਵੈਰੀ। ਇਕ ਦਿਨ ਡਿੱਠਾ ਨੇ ਕਿ ਨਾਲ ਦੇ ਸਾਧੁਆਂ ਵਿਚ 'ਤਿਆਗ' ਦਾ ਮਾਨ ਆ ਗਿਆ ਹੈ ਤਾਂ ਸੱਭ ਨੂੰ ਇਕੱਠਿਆਂ ਕਰ ਕਹਿਣ ਲੱਗੇ :

ਤੁਸਾਂ ਤਿਆਗਿਆ ਕੀ ਹੈ ?
ਕਿਸ ਤਿਆਗ ਦਾ ਹੰਕਾਰ ਕਰਦੇ ਹੋ।
ਜਦ ਜਗਤ ਦੀ ਆਪਣੀ ਹੋਂਦ ਹੀ ਕੋਈ ਨਹੀਂ। ਜੋ ਹੈ ਹੀ ਨਹੀਂ ਉਸ ਨੂੰ ਛੱਡਣ ਦਾ ਤਿਆਗ ਕਾਹਦਾ ਤੇ ਪਕੜ ਕਾਹਦੀ। ਮ੍ਰਿਗ ਤ੍ਰਿਸ਼ਨਾ ਦਾ ਜਲ (ਮੀਰਾਜ) ਕੋਈ ਰੇਗਿਸਤਾਨ ਵਿਚ ਦੇਖ ਕਪੜੇ ਲਾਹ ਲਵੇ ਤਾਂ ਉਸ ਦੀ ਮੂਰਖਤਾ ਹੀ ਹੈ। ਤੁਸਾਂ ਕਝ ਤਿਆਗਿਆ ਹੀ ਨਹੀਂ ਫਿਰ ਤਿਆਗ ਦਾ ਹੰਕਾਰ ਕਾਹਦਾ ?

ਸਾਧੂ ਜੋ ਮਾਇਆਧਾਰੀ ਹੋ ਜਾਂਦੇ ਭਾਈ ਜੀ ਉਨ੍ਹਾਂ ਨੂੰ ਖ਼ੂਬ ਆੜੇ ਹਥੀਂ ਲੈਂਦੇ।

ਇਕ ਸਾਧੂ ਕੀਮਤੀ ਕਪੜੇ ਪਹਿਣ, ਹੀਰੇ ਦੀਆਂ ਅੰਗੂਠੀਆਂ ਪਾ ਅਤੇ ਮੋਤੀਆਂ ਦੀ ਮਾਲਾ ਗਲੇ ਪਾਈ, ਭਾਈ ਸਾਹਿਬ ਪਾਸ ਆਇਆ। ਭਾਈ ਜੀ ਨੇ ਉੱਚੀ ਆਵਾਜ਼ ਦੇ ਕੇ ਤਾਂਕਿ ਸੰਗਤਾਂ ਸੁਣ ਲੈਣ, ਕਿਹਾ :

"ਧੰਨ ਗ੍ਰਹਸਤੀ। ਧੰਨ ਗ੍ਰਹਸਤੀ"।

ਸਾਧੂ ਪਹਿਲਾਂ ਹੈਰਾਨ ਹੋਇਆ ਤੇ ਫਿਰ ਪੁੱਛ ਹੀ ਬੈਠਾ ਕਿ



 www.punjabilibrary.com

ਤੁਹਾਨੂੰ ਤਾਂ ਧੰਨ ਸਾਧ, ਧੰਨ ਸੰਤ, ਕਹਿਣਾ ਚਾਹੀਦਾ ਹੈ, ਇਹ ਧੰਨ ਗ੍ਰਹਸਤੀ ਕਿਉਂ ਕਹਿ ਰਹੇ ਹੋ ? ਭਾਈ ਜੀ ਛਾਪਾਂ ਪਾਈ ਸਾਧੂ ਵੱਲ ਦੇਖ ਕਹਿਣ ਲਗੇ ਕਿ ਗ੍ਰਹਸਤੀ ਧੰਨ ਹਨ ਜੋ ਸਾਡੇ ਸਾਧੂਆਂ ਤੇ ਪ੍ਰਭਾਵ ਪਾ ਜਾਂਦੇ ਹਨ । ਜੇ ਇਨ੍ਹਾਂ ਦਾ ਬਲ ਨਾ ਹੁੰਦਾ ਤਾਂ ਸਾਧੂਆਂ ਨੂੰ ਆਪਣੀ ਰੰਗਣ ਵਿਚ ਨਾ ਰੰਗ ਦਿੰਦੇ । ਜੇ ਤੁਹਾਡਾ ਬਲ ਹੁੰਦਾ ਤਾਂ ਤੁਹਾਡਾ ਰੰਗ ਗ੍ਰਹਸਤੀ ਤੇ ਚੜ੍ਹਦਾ, ਉਹ ਤਿਆਗੀ ਹੁੰਦੇ । ਇਹ ਤਾਂ ਉਲਟਾ ਗ੍ਰਹਸਤੀ ਦਾ ਰੰਗ ਚੜ੍ਹ ਗਿਆ । ਕੀਮਤੀ ਕਪੜੇ ਪਹਿਣ ਲਏ, ਛਾਪਾਂ ਪਾ ਲਈਆਂ । ਸੁਣਦੇ ਹੀ ਸਾਧੂ ਨੇ ਤੜਕ ਭੜਕ ਦਾ ਲਿਬਾਸ ਉਤਾਰਿਆ ਤੇ ਸਾਦਗੀ ਵਿਚ ਵਿਚਰਨ ਲੱਗਾ ।

ਇਸੇ ਤਰ੍ਹਾਂ ਵਰ ਸਰਾਪਾਂ ਵਿਚ ਪਏ ਇਕ ਫ਼ਕੀਰ ਨੂੰ ਕਿਹਾ ਸੀ :

> ਤੂੰ ਕਿਸ ਚੀਜ਼ ਦਾ ਹੰਕਾਰ ਕਰੀ ਫਿਰਦਾ ਹੈਂ । ਜਨਮਿਆ ਤਾਂ ਭੀ ਮਾਪਿਆਂ ਦਾ ਸੁਤ ਤੇ ਜੇ ਮੋਇਆ ਤਾਂ ਵੀ ਲੋਕਾਂ ਦਾ । ਤੈਨੂੰ ਵਿਚੋਂ ਕੀ ਮਿਲਿਆ । ਹੰਕਾਰ ਜਿਸ ਨੂੰ ਤਿਆ-ਗਨਾ ਹੈ ਉਹ ਤਾਂ ਤੇਰੇ ਪੱਲੇ ਪਈ ਗਿਆ । ਫ਼ਕੀਰ ਦੀ ਤਾਂ ਦੁਆ ਹੁੰਦੀ ਹੈ, ਰਹਿਮ ਅਲਾਹ ਦਾ ਹੁੰਦਾ ਹੈ । ਇਹ ਗੱਲ ਗੁਰੂ ਨਾਨਕ ਸਾਹਿਬ ਸਾਨੂੰ ਸਮਝਾ ਗਏ ਸਨ । ਕਿਸੇ ਨੇ ਜਦ ਕਿਹਾ ਕਿ ਆਪਣੇ ਸਾਥੀ ਸਾਧੂਆਂ ਨੂੰ ਕੋਈ ਤਾਂ ਭੇਖ ਧਾਰਨ ਕਰਾਓ ਤਾਂ ਕਿ ਪਛਾਣ ਹੋਵੇ । ਇਹ ਸੁਣ ਤਿਆਗ-ਮੂਰਤੀ ਭਾਈ ਜੀ ਕਹਿਣ ਲੱਗੇ : ਕਿਹਾ ਭੇਖ ਬਨਾਵਣਾ ਹੈ । ਜਿਤਨਾ ਦਿਖਾਲਾ ਕਰਨਾ ਹੈ ਸੋ ਕਪਟ ਹੈ ਤੇ ਕਪਟ ਪਰਮੇਸ਼ਵਰ ਜੀ ਕੇ ਆਗੇ ਪਟਲ ਹੈ । ਇਸ ਕਰ ਕੇ ਸੱਚ ਦੀ ਪ੍ਰਾਪਤੀ ਨਹੀਂ ਹੁੰਦੀ । ਉਲਟਾ ਸੱਚ ਕੇ ਆਗੇ ਪੜਦਾ ਹੈ ।

ਨਿਰਮਾਣ ਇਤਨੇ ਕਿ ਇਕ ਵਾਰੀ ਸ਼ਾਹ ਦੇ ਘਰ ਆਪੂੰ ਟੁਰ ਕੇ ਇਸ ਲਈ ਗਏ ਕਿ ਉਸ ਨੇ ਕ੍ਰੋਧ ਤੇ ਪੂਰਾ ਕਾਬੂ ਪਾ ਲਿਆ ਸੀ । ਭਾਈ ਜੀ ਨੇ ਸੁਣਿਆ ਕਿ ਸ਼ਾਹ ਦੇ ਗ਼ੁਲਾਮ ਨੇ ਕੁਬੋਲ ਬੋਲੇ ਸਨ ਪਰ ਸ਼ਾਹ ਨੇ ਸਹਾਰ ਲਏ ।

ਵਾਰਤਾ ਇੰਜ ਹੋਈ ਕਿ ਸ਼ਾਹ ਨੇ ਕਿਸੇ ਗੱਲੋਂ ਜ਼ਰ-ਖ਼ਰੀਦ ਗ਼ੁਲਾਮ ਨੂੰ ਬੇ-ਅਕਲ ਕਿਹਾ ਤਾਂ ਗ਼ੁਲਾਮ ਕਹਿਣ ਲੱਗਾ :

ਬੇਵਕੂਫ਼ ਤਾਂ ਤੂੰ ਹੈਂ, ਜਿਸ ਨੂੰ ਪਗੜੀ ਬੰਨ੍ਹਣੀ ਤਕ ਨਹੀਂ ਆਉਂਦੀ, ਬਣਿਆ ਮਾਲਕ ਫਿਰਦਾ ਹੈਂ । ਸ਼ਾਹ ਚੁਪ ਕਰ ਰਿਹਾ ।

ਭਾਈ ਜੀ ਨੇ ਪੁੱਛਿਆ ਕਿ ਤੂੰ ਕਿਸ ਵਿਚਾਰ ਕਰ ਕਉੜਾ ਬਚਨ ਸਹਾਰਿਆ ।

ਸ਼ਾਹ ਨੇ ਕਿਹਾ : ਮੈਂ ਇਹ ਵਿਚਾਰਿਆ ਕਿ ਕਹਿੰਦਾ ਤਾਂ ਗ਼ੁਲਾਮ ਠੀਕ ਹੈ। ਮੈਂ ਕਦ ਕਦੀ ਆਪੂੰ ਪੱਗ ਬੰਨ੍ਹੀ ਹੈ। ਇਹ ਹੀ ਬੰਨ੍ਹ ਕੇ ਦੇਂਦਾ ਹੈ। ਵਧੀਕੀ ਤਾਂ ਮੈਂ ਪਹਿਲਾਂ ਵੀ ਕੀਤੀ ਹੈ। ਫਿਰ ਸਾਧ ਸੰਗਤ ਕਰਨ ਦਾ ਕੀ ਲਾਭ, ਬਾਣੀ ਪੜ੍ਹਨ ਦਾ ਕੀ ਫ਼ਾਇਦਾ। ਜੇ ਅਜੇ ਤਕ ਕ੍ਰੋਧ ਨੇ ਸਾਥ ਨਹੀਂ ਛਡਿਆ। ਭਾਈ ਸਾਹਿਬ ਬਹੁਤ ਪ੍ਰਸੰਨ ਹੋਏ ਕਿ ਸ਼ਾਹ ਨੇ ਗ੍ਰਹਸਤ ਮਹਿ ਉਦਾਸੀ ਰਖੀ।

ਐਨ ਉਲਟ ਇਕ ਫ਼ਕੀਰ ਨੂੰ ਸਮਝਾਇਆ ਸੀ ਕਿ 'ਸੁਹੇਲਾ ਕਹਿਣ ਕਹਾਵਣ, ਤੇਰਾ ਬਿਖਮੁ ਭਾਵਨੁ।'

ਇਕ ਫਕੀਰ ਸਰਬ ਵਿਆਪਕਤਾ, ਏਕਤਾ (ਜ਼ੁਹਦ) ਦਾ ਸਿਧਾਂਤ ਦਰਸਾਉਣ ਲਈ ਇਹ ਕਹਿ ਬੈਠਾ ਕਿ ਰੂਹ ਹਰ ਜਿਸਮ ਵਿਚ ਇਕੋ ਜਿਹੀ ਹੈ। ਭਾਵੇਂ ਉਹ ਮੁਹੰਮਦ ਸਾਹਿਬ ਹਨ ਤੇ ਭਾਵੇਂ ਗੱਧਾ। ਇਹ ਸੁਣਨਾ ਸੀ ਕਿ ਫ਼ੌਜਦਾਰ ਫ਼ੌਜ ਚੜ੍ਹਾ ਲਿਆਇਆ। ਉਸ ਫ਼ਕੀਰ ਨੇ ਆਪਣੇ ਫ਼ੌਜਦਾਰ ਭਰਾ ਨੂੰ ਟਾਕਰੇ ਲਈ ਲੈ ਆਂਦਾ।

ਭਾਈ ਜੀ ਨੇ ਸੁਣਿਆ ਤਾਂ ਕਹਿਣ ਲੱਗੇ :

> ਏਕਤਾ ਤੇ ਪਾਈ ਪਰ ਬਾਹਾਂ ਦੇ ਜ਼ੋਰ ਤੇ ਪਾਈ। ਬਾਤਾਂ ਐਸੀਆਂ ਕਰਨੀਆਂ ਜੋ ਅਕਾਸ਼ ਕੋ ਹੱਥ ਪਾਵਣਾ। ਸਰੀਰ ਦਾ ਸਰਫ਼ਾ ਕਰਨਾ। ਇਹ ਬਾਤ ਤਾਂ ਕੁਝ ਨਾ ਹੋਈ। ਮਨਸੂਰ ਨਿਆਈਂ ਡੀਂਗ ਮਾਰੀ ਸੀ ਤਾਂ ਰੀਤ ਵੀ ਉਹੋ ਜਿਹੀ ਨਿਭਾਂਦਾ। ਇਹ ਸੁਣ ਕੇ ਫ਼ਕੀਰ ਆਪੂੰ ਚਲ ਆਇਆ ਤਾਂ ਭਾਈ ਜੀ ਨੇ ਕਿਹਾ :

ਫ਼ਕੀਰ ਜੀ! ਹਉਮੈ ਜਿਹਾ ਭਾਰੀ ਕੋਈ ਬੰਧਨ ਨਹੀਂ। ਖ਼ੁਦਾ ਸੱਭ ਵਿਚ ਵਿਆਪਕ ਹੈ। ਹਾਜ਼ਰ ਨਾਜ਼ਰ ਹੈ! ਐਸਾ ਜਾਨੋ ਪਰ ਮੁੱਖ ਦਾ ਬਕ-ਬਾਕ ਨਹੀਂ ਕਰਨਾ। ਆਪਣਾ ਆਪ ਖੋਜੋ। ਖ਼ੁਦਾ ਕੋਈ ਤੁਹਾਡੇ ਤੋਂ ਜੁਦਾ ਨਹੀਂ। ਕਿਸੇ ਧਰਮ ਦੇ ਮੁਖੀ ਬਾਰੇ ਅਜਿਹਾ ਕਹਿਣਾ ਫ਼ਕੀਰਾਂ ਨੂੰ ਸ਼ੋਭਾ ਨਹੀਂ ਦਿੰਦਾ। ਨਿਮਰਤਾ ਗੰਭੀਰ ਰਿਹਾਂ ਹੀ ਆਉਂਦੀ ਹੈ। ਫ਼ਕੀਰ ਪਛਤਾਵੇ ਵਿਚ ਆਇਆ।

ਸਾਡੇ ਮੁਲਕ ਤਾਂ ਹੁਣ ਕਿਧਰੇ ਜਾ ਕੇ ਰਿਵਾਜ ਪਿਆ ਹੈ, ਸ਼ੈਆਂ ਤੇ ਕੀਮਤ ਲਗਾਉਣ ਦਾ ਪਰ ਮੋਲ ਤੋਲ ਫਿਰ ਵੀ ਹੁੰਦਾ ਹੈ ਪਰ ਭਾਈ ਸਾਹਿਬ ਨੇ ਸੱਖਤ ਹਦਾਇਤਾਂ ਦੇ ਰੱਖੀਆਂ ਸਨ ਕਿ ਵਾਣ ਵੱਟ ਮਾਲ ਮੰਡੀ ਵੇਚਣ ਜਾਓ ਤਾਂ ਮੁੱਲ ਲਿਖ ਦਿਓ। ਉਸ ਤੇ ਵਾਧ ਘਾਟ ਨਹੀਂ ਕਰਨਾ। ਘੱਟ ਵੱਧ ਕਰਨਾ ਗਾਹਕ ਤੇ ਆਪਣੇ ਆਪ ਨੂੰ ਖਪਾਉਣਾ ਹੈ।

ਸਫਾਈ ਪਸੰਦ ਇਤਨੇ ਸਨ ਕਿ ਰਾਹ ਜਾਂਦੇ ਥੁੱਕਣ ਨੂੰ ਬਹੁਤ ਮਾੜਾ ਗਿਣਦੇ। ਨਰਮ ਦਿਲ ਇਤਨੇ ਕਿ ਜਦ ਚੋਰ ਗਾਵਾਂ ਚੁਰਾ

ਕੇ ਲੈ ਗਏ ਤਾਂ ਚੋਰਾਂ ਦੀ ਭਾਲ ਕਰ ਕੇ ਵਛੇ ਆਪੂੰ ਦੇਣ ਗਏ ਤਾਂ ਕਿ ਗਊਆਂ ਬਿਨ ਬਛੜੇ ਤੇ ਬਛੜੇ ਬਿਨ ਗਊਆਂ ਨਾ ਤੜਫਣ ।

ਚੋਰਾਂ ਦਾ ਅੰਦਰਲਾ ਵੀ ਜਾਗਿਆ ਤੇ ਖਿਮਾ ਮੰਗ ਗਊਆਂ, ਵੱਛੇ ਮੋੜ ਗਏ । ਵਿਕਟਰ ਹਿਯੂਗੋ ਨੇ ਨਾਵਲਾਂ ਵਿਚ ਇਕ ਐਸੇ ਪਾਦਰੀ ਦਾ ਜ਼ਿਕਰ ਕੀਤਾ ਹੈ ਜਿਸ ਨੂੰ ਆਪੂੰ ਬਰਤਨ ਦਿੱਤੇ ਸਨ ਪਰ ਸਾਡਾ ਤਾਂ ਇਤਿਹਾਸ ਹੈ ।

ਦਸਾਂ ਖੂਹਾਂ ਦਾ ਪਟਾ ਲੈਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਕਿ ਕੋਈ ਵੀ ਸ਼ੈਅ ਗ੍ਰਹਿਣ ਕਰਨੀ ਹੋਵੇ ਤਾਂ ਪਹਿਲਾਂ ਮਾੜਾ ਚੰਗਾ ਵਿਚਾਰ ਲੈਣਾ ਚਾਹੀਦਾ ਹੈ । ਪਟੇ ਵਿਚ ਖ਼ੁਆਰੀ ਹੀ ਖ਼ੁਆਰੀ ਹੈ ।

ਇਕ ਤਾਂ ਸਾਧੂ ਸ਼੍ਰੇਣੀ ਵਿਚ ਈਰਖਾ ਤੇ ਨਫ਼ਰਤ ਫੈਲੇਗੀ । ਸਯਦ, ਕੁਰੈਸ਼ੀ ਤੇ ਫ਼ਕੀਰ ਜਾ ਸ਼ਿਕਾਇਤਾਂ ਕਰਨਗੇ ਕਿ ਅਸੀਂ ਦੀਨੀ ਭਰਾ ਮਾੜੇ ਕਿਵੇਂ ਹੋਏ ।

ਦੂਜੇ, ਡੇਰੇ ਕੋਈ ਆਏ, ਅਸੀਂ ਆਦਰ ਕਰਦੇ ਹਾਂ । ਪਰਮੇਸ਼ਵਰ ਦੇ ਨਾਤੇ ਦਾ ਭਾਵ ਕਰ ਕੇ । ਫਿਰ ਜਦ ਕੋਈ ਸਿਕਦਾਰ ਸਿਪਾਹੀ ਆਏਗਾ ਤਾਂ ਉਚੇਚ ਕਰਾਂਗੇ ਕਿ ਸਾਡੀ ਜਾ ਉਪਮਾ ਨਵਾਬ ਤਕ ਪਹੁੰਚਾਏ । ਪਰਮੇਸ਼ਵਰ ਦੀ ਪੂਜਾ ਤਾਂ ਨਾ ਰਹੀ, ਹਰਟਾਂ ਦੀ ਹੋ ਗਈ ।

ਤੀਜੇ, ਜੋ ਕੋਈ ਇਥੇ ਆਂਵਦਾ ਹੈ, ਭਾਵਨੀ ਭਾਇ ਕਰ ਆਂਵਦਾ ਹੈ । ਫਿਰ ਹਰ ਕੋਈ ਮੰਗਾਲੀ ਪਾਏਗਾ ਕਿ ਇਨ੍ਹਾਂ ਦੇ ਦਸ ਖੂਹ ਚਲਦੇ ਹਨ । ਹਟਾਉਣੀ ਪਕੜ ਹੈ ਪਰ ਸਾਧੂਆਂ ਦੀ ਪਕੜ ਵੱਧ ਜਾਏਗੀ ।

ਜੁਰਅਤਿ ਵਾਲੇ ਇਤਨੇ ਕਿ ਲਾਹੌਰ ਵਿਖੇ ਇਕ ਫ਼ਕੀਰ ਨੂੰ ਮਿਲਣ ਲਈ ਗਏ । ਵਿਚਾਰਾਂ ਪਏ ਕਰਦੇ ਸਨ ਕਿ ਬਹਾਦਰ ਸ਼ਾਹ ਆ ਗਿਆ । ਭਾਈ ਜੀ ਨੂੰ ਰਹਿਤ ਬਹਿਤ ਵਿਚ ਸਾਬਤ, ਕੇਸਾਧਾਰੀ ਦੇਖ ਪੁੱਛ ਬੈਠਾ ਕਿ ਕੀ ਤੁਸੀਂ ਮਰ੍ਹੇਲੇ (ਗੁਰੂ ਗੋਬਿੰਦ ਸਿੰਘ ਜੀ) ਦੇ ਸਿੱਖ ਹੋ । ਭਾਈ ਜੀ ਦੇ ਉੱਤਰ ਦੇਣ ਤੋਂ ਪਹਿਲਾਂ ਹੀ ਫ਼ਕੀਰ ਨੇ ਕਹਿ ਦਿੱਤਾ : ਨਹੀਂ ! ਇਹ ਤਾਂ ਗੁਰੂ ਨਾਨਕ ਦਾ ਸਿੱਖ ਹੈ । ਇਹ ਸੁਣਦੇ ਹੀ ਭਾਈ ਜੀ ਨੇ ਗਰਜ ਕੇ ਕਿਹਾ : ਨਹੀਂ ! ਹਮ ਮਰ੍ਹੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਖ ਹਾਂ । ਬਾਦਸ਼ਾਹ ਤੇ ਐਸਾ ਰੁਹਬ ਛਾਇਆ ਕਿ ਉਹ ਕੁਝ ਬੋਲ ਨ ਸਕਿਆ ਤੇ ਚਲਾ ਗਿਆ। ਪਿਛੋਂ ਫ਼ਕੀਰ ਨੇ ਕਿਹਾ : ਤੁਸਾਂ ਇਹ ਕੀ ਕੀਤਾ । ਬਾਦਸ਼ਾਹ ਦਾ ਤੁਸੀਂ ਗੁੱਸਾ ਨਹੀਂ ਜਾਣਦੇ । ਉਹ ਮੂੜ੍ਹ ਅਭਿਮਾਨੀ ਹੈ । ਫਿਰ


www.punjabilibrary.com

ਕੋਈ ਫ਼ਰਕ ਵੀ ਤਾਂ ਨਹੀਂ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦਾ। ਨੀਤੀ ਇਹ ਹੀ ਮੰਗ ਕਰਦੀ ਸੀ ਕਿ ਸਮਾਂ ਟਪਾਇਆ ਜਾਂਦਾ।

ਭਾਈ ਸਾਹਿਬ ਇਹ ਸੁਣ ਕਹਿਣ ਲੱਗੇ : ਤੁਸਾਂ ਆਪਣੇ ਵਲੋਂ ਭਲਾ ਕਰਨਾ ਚਾਹਿਆ। ਅਸੀਂ ਵੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਵਿਚ ਭੇਦ ਨਹੀਂ ਜਾਣਦੇ ਪਰ ਉਹ ਜੋ ਕਹਿਣਾ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਨਹੀਂ, ਸਰੀਰ ਕੇ ਬਚਾਵਨੇ ਨਮਿਤ ਕਹਿਣਾ ਥਾ। ਸਰੀਰ ਭੰਗਰ ਤੁਛ ਸਰੀਰ ਕੇ ਨਮਿਤ ਐਸਾ ਗੁਰੂ ਸਮਰਥ ਲੋਪ ਕਰਨਾ ਮਹਾਂ ਨੀਚਤਾਈ ਹੈ। ਕਿਹਾ ਕਰਦੇ ਸਨ ਕਿ ਇਹ ਸੱਚੇ ਪੁਰਖ ਕਾ ਪੰਥ ਸਾਜਿਆ ਹੈ, ਕਉਨ ਕੰਗਾਲ ਹੈ ਜੋ ਦੂਰ ਕਰ ਸਕੇ।

ਜਦ ਕੋਈ ਕਿਸੇ ਦੇ ਅਉਗਣ ਆਪ ਜੀ ਨੂੰ ਸੁਣਾਂਦਾ ਤਾਂ ਕਹਿੰਦੇ ਕਿ ਕਿਸੇ ਸਾਧੂ ਵਿਚ ਜਤ, ਸਤਿ, ਸੰਤੋਖ, ਤਪ ਤਿਆਗ ਦੇਖੋ ਤਦ ਆਇ ਸੁਣਾਇਆ ਕਰੋ। ਕਾਮਾਦਿਕ ਸੁਭਾਅ ਤਾਂ ਜਗਤ ਵਿਚ ਵਰਤ ਰਿਹਾ ਹੈ, ਉਸ ਦਾ ਕੀ ਸੁਣਾਵਣਾ ?

ਮਨ ਤੇ ਕਿਤਨਾ ਕਾਬੂ ਚਾਹੀਦਾ ਹੈ, ਉਸ ਬਾਰੇ ਵਾਰਤਾ ਸੁਣਾਂਦੇ ਹਨ ਕਿ ਇਕ ਵਾਰੀ ਭਾਈ ਸਾਹਿਬ ਨੇ ਸੁਪਨੇ ਵਿਚ ਭੇਟ ਕੀਤੀ ਮਾਇਆ ਦਾ ਤਿਆਗ ਕੀਤਾ ਤਾਂ ਉਨ੍ਹਾਂ ਤੇ ਮਾਯੂਸੀ ਛਾ ਗਈ। ਸੰਗਤਾਂ ਨੂੰ ਕਹਿਣ ਲੱਗੇ ਕਿ ਇਹ ਚੰਗਾ ਨਹੀਂ ਹੋਇਆ। ਮਨ ਕਾਬੂ ਵਿਚ ਨਹੀਂ ਲੱਗਦਾ। ਮਾਇਆ ਨੂੰ ਨੇੜੇ ਆਵਣਾ ਹੀ ਨਹੀਂ ਚਾਹੀਦਾ। ਅਜ ਠੁਕਰਾਈ ਹੈ ਕਲ ਸਵੀਕਾਰ ਵੀ ਕਰ ਲਵੇਗਾ। ਇਕ ਹੋਰ ਮਹਾਂ ਪੁਰਖ ਦੀ ਗੱਲ ਸੁਣਾਂਦੇ ਕਿਹਾ ਕਿ ਉਸ ਨੇ ਸੁਪਨੇ ਵਿਚ ਤੀਰਥਾਂ ਦਾ ਇਸ਼ਨਾਨ ਕੀਤਾ ਤਾਂ ਵੀ ਉਸ ਤੇ ਮਾਯੂਸੀ ਛਾ ਗਈ। ਪੁੱਛਣ ਤੇ ਉਸ ਨੇ ਕਿਹਾ : ਅੱਜ ਉਡ ਕਰ ਭਲੇ ਪਾਸੇ ਗਿਆ ਹੈ ਕਲ ਮਾੜੇ ਵੱਲ ਵੀ ਜਾ ਸਕਦਾ ਹੈ। ਮਨ ਨੂੰ ਨਿਜ ਘਰ ਹੀ ਰਹਿਣਾ ਚਾਹੀਦਾ ਹੈ।

ਵਿਦਿਆ ਤੇ ਗਿਆਨ ਦੇ ਇਤਨੇ ਪ੍ਰੇਮੀ ਕਿ ਇਕ ਵਾਰੀ ਛੁੱਪ ਕੇ, ਹੀਲੇ ਨਾਲ ਉਸ ਪੰਡਤ ਦੀ ਕੀਤੀ ਸਾਰੀ ਵਿਸ਼ਿਸ਼ਟ ਦੀ ਕਥਾ ਹੀ ਉਤਰਵਾ ਲਈ। ਪੰਡਿਤ ਸਾਹਮਣੇ ਲਿਖਣ ਨਹੀਂ ਸੀ ਦੇਂਦਾ। ਜਦ ਬ੍ਰਾਹਮਣ ਨੂੰ ਪਤਾ ਲੱਗਾ ਕਿ ਇਤਨਾ ਪ੍ਰੇਮ ਕਰਦੇ ਹਨ ਗਿਆਨ ਨਾਲ ਤਾਂ ਉਸ ਨੇ ਸੋਧ ਵੀ ਦਿੱਤੀ।

ਜਿਸ ਸਿਆਹੀ ਨਾਲ ਗੁਰੂ ਗ੍ਰੰਥ ਸਾਹਿਬ, ਗੁਟਕੇ, ਸੈਂਚੀਆਂ ਲਿਖਵਾਂਦੇ ਉਸ ਸਿਆਹੀ ਨੂੰ ਉਚੇਚੇ ਤੌਰ ਤੇ ਬਣਾਂਦੇ। ਅੱਜ ਤਕ ਉਸ ਸਿਆਹੀ ਨੂੰ ਹੀ 'ਅੱਡਨ ਸ਼ਾਹੀ ਰੁਸ਼ਨਾਈ' ਕਹਿੰਦੇ ਹਨ।





www.punjabilibrary.com

ਸਦੀਆਂ ਪੈ ਜਾਣ ਤੋਂ ਬਾਅਦ ਵੀ ਉਹ ਫਿੱਕੀ ਨਹੀਂ ਪਈ, ਨਾ ਹੀ ਭਾਈ ਸਾਹਿਬ ਦੀ ਸੋਭਾ।

ਆਪ ਜੀ ਦਾ ਅਕਾਲ ਚਲਾਣਾ ਸੰਨ ੧੭੫੧ ਨੂੰ ਅਪਰੈਲ ਦੀ ੨੭ ਮੁਤਾਬਕ ਸੰਮਤ ੧੮੧੪ ਵੈਸਾਖ ਦੀ ੧੭ ਨੂੰ ਹੋਇਆ। ਸਰੀਰ ਇੰਜ ਤਿਆਗ ਦਿੱਤਾ ਜਿਵੇਂ ਸਰਪ ਕੁੰਜ ਛੱਡਦਾ ਹੈ। ਭਾਈ ਕਾਹਨ ਸਿੰਘ ਜੀ ਨੇ ਮਹਾਨ ਕੋਸ਼ ਵਿਚ ਇਨ੍ਹਾਂ ਦੀ ਕਰਨੀ ਤਕ ਹੀ ਲਿਖਿਆ ਹੈ : ਭਾਈ ਸਾਹਿਬ ਮਹਾਂ ਪ੍ਰਤਾਪੀ, ਕਰਨੀ ਵਾਲੇ ਅਤੇ ਨਿਰਬਾਹ ਧਰਮ ਕਿਰਤ ਕਰ ਕੇ ਕਰਦੇ ਸਨ। ਇਨ੍ਹਾਂ ਦੇ ਚੇਲਿਆਂ ਵਿਚ ਹੁਣ ਵੀ ਇਹ ਗੁਣ ਦੇਖੇ ਜਾ ਸਕਦੇ ਹਨ। □



www.punjabilibrary.com

ਭਾਈ ਸੇਵਾ ਰਾਮ ਜੀ

ਭਾਈ ਸੇਵਾ ਰਾਮ ਜੀ ਨੂੰ ਸੇਵਾ ਪੰਥੀ ਆਪਣਾ ਮੁਢ ਗਿਣਦੇ ਹਨ। ਕਿਉਂਕਿ ਉਨ੍ਹਾਂ ਹੀ ਸੇਵਾ ਪੰਥੀਆਂ ਦੇ ਨੇਮ ਬਧੇ। ਪਹਿਲਾਂ ਪਰਚੀ ਦਸਵੇਂ ਪਾਤਸ਼ਾਹ ਕੀ ਲਿਖੀ। ਫਿਰ ਪਰਚੀਆਂ ਭਾਈ ਕਨ੍ਹਈਆ ਜੀ ਲਿਖੀ ਤਾਂ ਕਿ ਸੇਵਾ ਪੰਥੀ ਨਿਤ ਅਗਵਾਈ ਲੈ ਸਕਣ। ਸਾਖੀਆਂ ਦੀ ਚੋਣ ਇਸ ਢੰਗ ਨਾਲ ਕੀਤੀ ਕਿ ਜੀਵਨ ਭਰ ਅਗਵਾਈ ਹੁੰਦੀ ਰਹੇ। ਕੀਰਤਨ ਵੀ ਭਾਈ ਸੇਵਾ ਰਾਮ ਇਸ ਲਗਨ ਨਾਲ ਕਰਦੇ ਕਿ ਸੁਣਨ ਵਾਲੇ ਦੇ ਹਿਰਦੇ ਧੂਹ ਪੈਂਦੀ ਤੇ ਉਹ ਗੁਰੂ ਦੇ ਨੇੜੇ ਹੋਈ ਜਾਂਦਾ।

ਭਾਈ ਜੀ ਦਾ ਜਨਮ ਸੰਨ ੧੬੫੮ ਨੂੰ ਲੰਮੇ ਦੇਸ਼ (ਰਾਵੀ ਬਿਆਸ ਵਿਚਕਾਰ) ਹੋਇਆ। ਪਿਤਾ ਜੀ ਦਾ ਕਾਰੋਬਾਰ ਭਾਵੇਂ ਚੰਗਾ ਸੀ, ਹੱਥ ਵੀ ਸੌਖਾ ਸੀ ਪਰ ਸੁਭਾਅ ਵੈਰਾਗੀਆਂ ਵਾਲਾ ਸੀ। ਸਦਾ ਬੇਟੇ ਨੂੰ ਇਹ ਹੀ ਉਪਦੇਸ਼ ਦੇਂਦੇ ਕਿ ਕਿਰਤ ਕਰਨੀ, ਧੰਧਾ ਨਹੀਂ ਕਰਨਾ। 'ਬ੍ਰਹਮ ਗਿਆਨੀ ਕੈ ਨਾਹੀ ਧੰਧਾ', ਗੁਰੂ ਅਰਜਨ ਦੇਵ ਜੀ ਫ਼ਰਮਾ ਗਏ ਹਨ।

ਪਿਤਾ ਦੇ ਅਕਾਲ ਚਲਾਣੇ ਉਪਰੰਤ ਥੋੜ੍ਹੀ ਦੇਰ ਵਪਾਰ ਨੂੰ ਚਲਾਇਆ। ਲੈਣ ਦੇਣ ਮੁਕਾਇਆ ਤੇ ਫਿਰ ਛੱਡ ਛਡਾ ਸਾਧੂ ਭਾਲਣ ਲਈ ਘਰੋਂ ਨਿਕਲ ਪਏ।

ਟੋਲਦੇ ਭਾਲਦੇ ਸਬੱਬ ਨਾਲ ਜਦ ਸੋਧਰੇ ਪੁੱਜੇ ਤਾਂ ਡਿਠਾ ਨੇ ਕਿ ਇਕ ਭੇਖੀ ਸਾਧੂ ਨੇ ਐਸਾ ਜਾਲ ਤਾਣਿਆ ਹੋਇਆ ਹੈ ਕਿ ਭੋਲੇ ਭਾਲੇ ਲੋਕ ਉਸਦੇ ਜਾਲ ਵਿਚ ਫਸੀ ਜਾ ਰਹੇ ਹਨ। ਉਸ ਸਾਧੂ ਨੇ ਇਹ ਪ੍ਰਸਿੱਧ ਕਰ ਰਖਿਆ ਸੀ ਕਿ ਕੋਈ ਚਾਂਦੀ ਲਿਆਵੇ ਉਹ ਕਰਾਮਾਤੀ ਸ਼ਕਤੀਆਂ ਨਾਲ ਸੋਨਾ ਕਰ ਦੇਵੇਗਾ। ਹਿਰਸੀ ਲੋਕ ਚਾਂਦੀ ਦਾ ਸਾਮਾਨ ਲੈ ਉਸ ਪਾਸ ਹਾਜ਼ਰ ਹੋਏ। ਵਿਚੋਂ ਲੋਕੀਂ ਡਰਨ ਵੀ ਮਤਾਂ ਸਾਰੀ ਚਾਂਦੀ ਲੈ ਕੇ ਫ਼ਰਾਰ ਹੀ ਨਾ ਹੋ ਜਾਵੇ। ਸੋ ਨਿਗਾਹ ਵੀ ਰੱਖਣ ਤੇ ਪਹਿਰਾ ਵੀ ਦੇਣ। ਭਾਈ ਸੇਵਾ ਰਾਮ ਸਾਧੂ



 www.punjabilibrary.com

ਸੰਗਤ ਜਾਣ ਬੈਠੇ ਹੀ ਸਨ ਕਿ ਭੇਖੀ ਨੇ ਕਿਹਾ ਕਿ ਜਿਸ ਦੀ ਅਸੀਂ ਉਡੀਕ ਕਰਦੇ ਸਾਂ ਉਹ ਆਣ ਪੁੱਜਾ ਹੈ। ਲੋਕਾਂ ਵੀ ਜਾਤਾ ਕਿ ਕੋਈ ਹਰਜ ਨਹੀਂ ਜੇ ਸਾਧੂ ਕੁਝ ਚਿਰ ਲਾਂਭੇ ਸਾਂਭੇ ਚਲਾ ਜਾਏ। ਹੁਣ ਸਾਥੀ ਤਾਂ ਉਥੇ ਹੈ। ਸਮਾਂ ਤਾੜ ਕੇ ਭੇਖੀ ਸਭ ਚਾਂਦੀ ਲੈ ਭਜ ਗਿਆ ਤੇ ਕਾਬੂ ਆ ਗਏ ਭਾਈ ਸੇਵਾ ਰਾਮ।

ਸੋਧਰੇ ਦੇ ਸਿਕਦਾਰ ਨੇ ਬੰਦੀ ਪਾ, ਬੇੜੀਆਂ ਲਗਾ ਡਿਉੜੀ ਸੁੱਟ ਦਿਤਾ। ਭਾਈ ਸਾਹਿਬ ਨੇ ਲੱਖ ਕਿਹਾ ਕਿ ਉਹ ਤਾਂ ਸਾਧੂ ਨੂੰ ਜਾਣਦੇ ਤਕ ਨਹੀਂ, ਉਹ ਤਾਂ ਸੰਤ ਸਮਾਗਮ ਹੁੰਦਾ ਦੇਖ ਆਏ ਸਨ। ਸਬੱਬੀ ਭਾਈ ਕਨ੍ਹਈਆ ਜੀ ਦਾ ਆਉਣਾ ਉਧਰ ਹੋਇਆ। ਸਿਕਦਾਰ ਨੇ ਪਰਸ਼ਾਦਾ ਕਿਹਾ। ਜਦ ਭਾਈ ਸਾਹਿਬ ਪ੍ਰਸ਼ਾਦ ਪਾਵਣ ਲਈ ਹੋਰ ਸਾਧੂਆਂ ਨਾਲ ਸਿਕਦਾਰ ਦੀ ਕੋਠੀ ਪੁੱਜੇ ਤਾਂ ਡਿਉੜੀ ਵਿਚ ਸੇਵਾ ਰਾਮ ਨੂੰ ਬੰਦੀ ਪਿਆ ਤੱਕ ਸਿਕਦਾਰ ਨੂੰ ਕਿਹਾ ਕਿ ਇਸ ਨੂੰ ਛੱਡ ਦੇਹ। ਇਹ ਨਿਰਦੋਸ਼ ਹੈ। ਮੈਂ ਜ਼ਾਮਨ ਹਾਂ।

ਸਿਕਦਾਰ ਨੇ ਭਾਈ ਸੇਵਾ ਰਾਮ ਜੀ ਨੂੰ ਰਿਹਾ ਕੀ ਕੀਤਾ ਕਿ ਭਾਈ ਕਨ੍ਹਈਆ ਜੀ ਦੇ ਹੀ ਹੋ ਗਏ। ਸਾਰੀ ਉਮਰ ਸਾਥ ਬਣਿਆ ਰਹਿਆ।

ਪਹਿਲਾ ਉਪਦੇਸ਼ ਹੀ ਭਾਈ ਕਨ੍ਹਈਆ ਜੀ ਨੇ ਸੇਵਾ ਰਾਮ ਨੂੰ ਇਹ ਦਿੱਤਾ ਕਿ ਹਰ ਹਾਲ ਹਰ ਇਕ ਤੇ ਦਇਆ ਕਰਨੀ। ਵਿਆਖਿਆ ਕਰਦੇ ਸਮਝਾਇਆ ਕਿ ਜਦ ਦੁਖੀ ਨੂੰ ਦੇਖ ਕੇ ਗੁਰ-ਸਿਖ ਦਇਆ ਕਰਦਾ ਹੈ, ਵਾਹਿਗੁਰੂ ਅਗੇ ਅਰਦਾਸ ਕਰਦਾ ਹੈ ਅਤੇ ਜਥਾ ਸ਼ਕਤ ਉਪਾਅ ਕਰ ਕੇ ਦੁਖੀ ਜੀਵ ਦਾ ਦੁਖ ਹਰਦਾ ਹੈ ਤਾਂ ਸਾਈਂ ਦੀ ਮਿਹਰ ਉਸ ਤੇ ਹੁੰਦੀ ਹੈ। **ਸਿਖ ਨੂੰ ਦਇਆ ਦਾ ਗਹਿਣਾ ਸ਼ੋਭਦਾ ਹੈ ਅਤੇ ਸਾਈਂ ਨੂੰ ਬੇਪਰਵਾਹੀ ਦਾ।**

ਇਹ ਵੀ ਕਿਹਾ ਕਿ ਜੇ ਕਿਸੇ ਸਿਖ ਤੇ ਕੋਈ ਬਿਪਤਾ ਆਣ ਪਵੇ ਤਾਂ ਦੂਜੇ ਗੁਰੂ ਪਿਆਰੇ ਕੋਲੋਂ ਅਰਦਾਸ ਕਰਵਾਏ।

ਮੁਹਸਨ ਫ਼ਾਨੀ ਨੇ ਵੀ ਲਿਖਿਆ ਹੈ ਕਿ ਸਿਖਾਂ ਵਿਚ ਇਹ ਪੱਕਾ ਯਕੀਨ ਹੈ ਕਿ ਜਦ ਸੰਗਤ ਕਿਸੇ ਆਦਰਸ਼ ਲਈ ਇਕ ਮਨ ਚਿੱਤ ਅਰਦਾਸ ਕਰਦੀ ਹੈ ਤਾਂ ਉਹ ਅਵੱਸ਼ ਪੂਰੀ ਹੁੰਦੀ ਹੈ ਕਿਉਂਕਿ ਹਰ ਹਿਰਦਾ ਹਰੀ ਨਾਲ ਜੁੜਿਆ ਹੁੰਦਾ ਹੈ।

ਚ ਆਂ ਤਾਇਫ਼ ਰਾ ਅਕੀਦਾ ਆਂ ਅਸਤ
ਕਿ ਚੂੰ ਜਮਅ ਕਸੀਰ।
ਦਰ ਸ਼ੁਦਨੇ ਕਾਰੇ ਤਵੱਜਾ ਕੁਨੰਦ,
ਅਲਬਤਾ ਸ਼ਵਦ।
ਚ ਨਫ਼ੂਸ ਰਾ ਆਸਰੇ ਤਮਾਮ ਅਸਤ।

ਕਲਗੀਧਰ ਦਾ ਬਚਨ ਸੁਣਾਂਦੇ ਭਾਈ ਕਨ੍ਹਈਆ ਜੀ ਕਹਿੰਦੇ ਕਿ ਦਸਮ ਪਿਤਾ ਦਾ ਹੁਕਮ ਸੀ :

> ਜੋ ਕੋਈ ਸਿਖ ਖਾਲਸੇ ਕੇ ਹੋਣਗੇ ਸੋ ਆਪਸ ਮੈ ਪਿਆਰ
> ਕਰਨ ਅਰ ਨੇਕ ਬਦ ਨੂੰ ਇਕੱਠੇ ਹੋਇ ਜਾਣ।
> ਅਰ ਜੋ ਇਕ ਸਿਖ ਉਪਰ ਆਇ ਬਣੇ
> ਤਾਂ ਸਭ ਇਕੱਠੇ ਜੀਉ ਦੇਣੇ ਨੂੰ ਤਿਆਰ ਹੋਣ।
> ਤਬ ਉਨ੍ਹਾਂ ਸਿਖਾਂ ਨੂੰ ਸਿੱਖੀ ਦਾ ਫੱਲ ਹੋਵੇ।

ਭਾਈ ਕਨ੍ਹਈਆ ਜੀ ਦੇ ਦੰਭ ਰਹਿਤ ਜੀਵਨ ਤੋਂ ਭਾਈ ਸੇਵਾ ਰਾਮ ਜੀ ਬਹੁਤ ਪ੍ਰਭਾਵਤ ਹੋਏ। ਆਪ ਜੀ ਨੇ ਵੀ ਵੈਸਾ ਹੀ ਸੰਜਮ ਧਾਰ ਲਿਆ।

ਭਾਈ ਸੇਵਾ ਰਾਮ ਜੀ ਦੇ ਸੁਭਾਅ ਤੇ ਆਚਰਣ ਬਾਰੇ ਸਾਖੀ-ਕਾਰਾਂ ਲਿਖਿਆ ਹੈ ਕਿ ਆਪ ਜੀ ਸ਼ਾਂਤ ਆਤਮਾ, ਧੀਰਜ ਦੀ ਖਾਣ, ਸ਼ਤਰੂ-ਮਿੱਤਰ ਸਮਾਨ, ਹਰਖ-ਸੋਗ, ਮਾਨ-ਅਪਮਾਨ ਸਾਵਾਂ ਤੇ ਸੋਨਾ ਮਾਟੀ, ਸਚ ਮੁਚ ਇਕੋ ਜਿਹੀ ਜਾਣਦੇ। ਪਰਮ ਨਿਰਚਾਹੀ ਸਨ। ਪਰਉਪਕਾਰ ਦੀ ਮੂਰਤ ਅਤੇ ਹੱਥ ਵਿਚ ਤੂੰਬਾ ਲੈ ਥਾਂ ਥਾਂ ਕੀਰਤਨ ਕਰ ਸਭ ਨੂੰ ਵਾਹਿਗੁਰੂ ਨਾਲ ਜੋੜੀ ਜਾਂਦੇ।

ਖਾਣ ਪੀਣ ਦਾ ਬੜਾ ਹੀ ਸੰਜਮ ਰੱਖਦੇ।

ਇਕ ਦਫ਼ਾ ਕਿਸੇ ਨੇ ਆਪ ਜੀ ਅੱਗੇ ਛੱਤੀ ਪਦਾਰਥ ਲਿਆ ਰੱਖੇ। ਆਪ ਜੀ ਨੇ ਰੁੱਖਾ ਫੁਲਕਾ ਤੇ ਉੱਤੇ ਸਾਗ ਰਖ ਕੇ ਅਰਦਾਸਾ ਸੋਧ ਦਿੱਤਾ। ਕੋਲ ਬੈਠੇ ਇਕ ਹੋਰ ਸੱਜਣ ਨੇ ਕਿਹਾ ਕਿ ਜਿਸ ਦੇ ਹਿਰਦੇ ਠਾਕੁਰ ਹੈ ਉਸ ਨੂੰ ਛੱਤੀ ਪਦਾਰਥ ਸੇਵਦਿਆਂ ਕਾਹਦਾ ਫ਼ਿਕਰ। ਇਹ ਸੁਣ ਭਾਈ ਸੇਵਾ ਰਾਮ ਜੀ ਨੇ ਕਿਹਾ :

ਭਲੇ ਪੁਰਖਾ ! ਜਦ ਕਿਸੇ ਕਿਲ੍ਹੇ ਨੂੰ ਦੂਜਾ ਸ਼ਤਰੂ ਘੇਰ ਲੈਂਦਾ ਹੈ ਤਾਂ ਪਹਿਲਾਂ ਰਸਦ ਪਾਣੀ ਹੀ ਬੰਦ ਕਰਦਾ ਹੈ। ਲਗਾਤਾਰ ਰਸਦ ਨਾ ਮਿਲਣ ਕਰ ਕੇ ਗੜ੍ਹ ਤੇ ਕਾਬੂ ਪਾ ਲਈਦਾ ਹੈ। ਸਰੀਰ ਰੂਪੀ ਕਿਲ੍ਹਾ ਜਿੱਤਣ ਲਈ ਰਸਾਂ ਨੂੰ ਰੋਕਣਾ ਜ਼ਰੂਰੀ ਹੈ। ਅਸਾਂ ਵੀ ਸਰੀਰ ਰੂਪੀ ਕਿਲ੍ਹੇ ਨੂੰ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਹੈ ਸੋ ਰਸ ਰੋਕੇ ਹਨ।

ਐਸੇ ਨਿਮਰਤਾ ਤੇ ਨਿਰਹੰਕਾਰ ਦੇ ਬਚਨ ਸੁਣ ਕੇ ਉਸੇ ਸੱਜਣ ਨੇ ਕਿਹਾ :

> ਭਾਈ ਜੀ ! ਤੁਸਾਂ ਤਾਂ ਕਿਲ੍ਹਾ ਫ਼ਤਹਿ ਕਰ ਲਿਆ ਹੈ ਪਰ ਸਾਡੇ ਅਣਜਾਣ ਪੁਰਸ਼ਾਂ ਨੂੰ ਸਿਖ ਮਤ ਦੇਣ ਲਈ ਐਸਾ ਆਚਰਣ ਧਾਰਿਆ ਹੈ। ਧੰਨ ਹੈ ਤੁਹਾਡਾ ਸੰਤੋਖ, ਧੰਨ ਹੈ ਤੁਹਾਡਾ ਜੇਰਾ।



www.punjabilibrary.com

ਭਾਈ ਸੇਵਾ ਰਾਮ ਜੀ ਬਹੁਤੇ ਭੋਜਨ ਪਰੋਸੇ ਦੇਖ ਕੇ ਆਖਿਆ ਕਰਦੇ ਸਨ :

ਹਾਸਲੇ ਦੁਨੀਆ।
ਹਮੀਂ ਦਰਦੇ ਸਰ ਅਸਤ।
ਦੁਨੀਆਂ ਦੇ ਧੰਧਿਆਂ ਤੋਂ ਸਿਰ ਦਰਦ ਹੀ ਪੱਲੇ ਪੈਂਦੀ ਹੈ। ਐਸਾ ਤੰਦੂਰ ਵੀ ਕੀ ਬਾਲਣਾ ਹੋਇਆ ਕਿ ਚੰਦਨ ਹੀ ਸਾੜੀ ਜਾਓ। ਏਤੀ ਖ਼ੁਆਰੀ ਧੰਧਿਆਂ ਕੀ ਕਾਹੇ ਕੋ ਖੈਂਚਨੀ।

ਇਕ ਵਾਰੀ ਇਕ ਹੋਰ ਸੇਵਾ ਪੰਥੀ ਭਾਈ ਰਾਣਾ ਜੀ ਨੇ ਭਾਈ ਸਾਹਿਬ ਕੋਲੋਂ ਪੁੱਛਿਆ ਕਿ ਕੀ ਕੋਈ ਅਜਿਹਾ ਵੀ ਸੰਤ ਹੈ ਜੋ ਸੰਸਾਰ ਰੂਪੀ ਖੂਹ ਵਿਚੋਂ ਕੱਢ ਕੇ ਪਰਮ ਸੁਖ ਨੂੰ ਜਾ ਪ੍ਰਾਪਤ ਕਰਵਾਏ ਤਾਂ ਭਾਈ ਸੇਵਾ ਰਾਮ ਜੀ ਸਹਿਜੇ ਜਹੇ ਬੋਲੇ :

ਸੁਣ ਭਰਾਵਾ ! ਪੱਗ ਲਾਹ ਸੁੱਟਣ ਦੀ ਦੇਰ ਹੈ ਕਿ ਪਰਮ ਸੁਖ ਮਿਲਿਆ ਕਿ ਮਿਲਿਆ।

ਰਾਣਾ ਜੀ ਨੇ ਉਸੇ ਵਕਤ ਪੱਗ ਉਤਾਰ ਪਰ੍ਹਾਂ ਸੁੱਟੀ ਤੇ ਕਿਹਾ ਕਿ ਜੇ ਪਰਮ ਸੁਖ ਵਿਚ ਪੱਗ ਹੀ ਰੁਕਾਵਟ ਹੈ ਤਾਂ ਇਹ ਸੁੱਟ ਵਗਾਹੀ। ਭਾਈ ਜੀ ਨੇ ਪਾਈ ਤੇ ਰਾਣਾ ਜੀ ਨੇ ਬੁਝੀ। ਅਸਾਂ ਅਜ ਤਕ ਨਹੀਂ ਜਾਣੀ।

ਸੰਸਾਰੀ ਲੋਕ ਜੋ ਕੁਝ ਵੀ ਕਰ ਰਹੇ ਹਨ, ਉਹ ਨੱਕ ਨਮੂਜ, ਮਾਣ ਪੱਗ ਲਈ। ਫਿਰ ਕੁੜ੍ਹਦੇ, ਕ੍ਰਿਝਦੇ ਤੇ ਦੁਖੀ ਹੁੰਦੇ ਹਾਂ। ਜ਼ਰਾ ਕੁ ਪੱਗ ਦਾ ਭਲਾਵਾ ਹਟਾਉ ਅਤੇ ਮੈਲੇ ਹੋਣ ਤੋਂ ਨਾ ਘਬਰਾਉ ਤਾਂ ਦੇਖੋਗੇ ਕਿ ਸੁਖ ਕਿਵੇਂ ਦਾਸ ਹੁੰਦਾ ਹੈ।

ਥਾਂ ਥਾਂ ਫਿਰ ਕੇ ਜੀਵਨ ਜਾਚ ਦ੍ਰਿੜ੍ਹਾ ਆਪ ਜੀ ਨੇ ਗੁਰਮਤਿ ਦਾ ਪਰਚਾਰ ਕੇਂਦਰ ਮੁਜ਼ਫਰ ਨਗਰ (ਕਸ਼ਮੀਰ) ਬਣਾਇਆ। ਉਥੇ ਸੜਕ ਤੇ ਪਰਸ਼ਾਦੇ ਪਕਾ ਬੈਠ ਜਾਂਦੇ ਤੇ ਰਾਹੀਆਂ ਨੂੰ ਭੋਜਨ ਛਕਾ ਤ੍ਰਿਪਤ ਕਰਦੇ। ਜਦ ਆਵਾਜ਼ ਦੇਂਦੇ ਤਾਂ ਕਹਿੰਦੇ ਲੈ ਲੋ ਟੁਕੜਾ। ਉਹ ਥਾਂ ਇਤਨੀ ਪ੍ਰਸਿੱਧ ਹੋਈ ਕਿ ਪਿੰਡ ਦਾ ਨਾਮ ਹੀ ਟੁਕੜਾ ਪੈ ਗਿਆ।

ਜਦ ਉਥੇ ਲੋਕਾਂ ਦੇ ਹੁੰਦੇ ਆਦਰ ਨੂੰ ਸੇਵਾ ਵਿਚ ਵਿਘਨ-ਕਾਰੀ ਤੱਕਿਆ ਤਾਂ ਥਾਂ ਛੱਡ ਫਿਰ ਬਦੇਸ਼ਾਂ ਨੂੰ ਨਿਕਲ ਗਏ ਪਰ ਭਾਈ ਸਹਿਜ ਰਾਮ ਨੂੰ ਸਹਿਜ ਦੀ ਅਜਿਹੀ ਪੱਟੀ ਪੜ੍ਹਾ ਗਏ ਕਿ ਇਹ ਪਰੰਪਰਾ ਚਲਦੀ ਰਹੀ। □




www.punjabilibrary.com

# ਤੇਰਾਂ

*ਭਾਈ ਸਹਿਜ ਰਾਮ ਜੀ*

ਭਾਈ ਸੇਵਾ ਰਾਮ ਜੀ ਦਾ ਇਕ ਸਮੇਂ ਦੇਵਨੇਤ ਨੂਰਪੁਰ ਜਾਣ ਹੋਇਆ। ਆਪ ਜੀ ਨੇ ਡਿੱਠਾ ਕਿ ਜਲ ਬਿਨਾਂ ਜੀਵ ਦੁਖੀ ਹੈ। ਅਗੇਰੇ ਜਾਣਾ ਅਗੇ ਪਾ, ਖੂਹ ਲਗਵਾਉਣ ਦਾ ਨਿਰਣਾ ਲਿਆ। ਸਾਰੀਆਂ ਸੰਗਤਾਂ ਚਾਅ ਨਾਲ ਸੇਵਾ ਕੀਤੀ। ਭਾਈ ਸਾਹਿਬ ਨੇ ਨਾਲ ਹੀ ਧਰਮਸਾਲ ਉਸਾਰਨੀ ਵੀ ਸ਼ੁਰੂ ਕਰ ਦਿੱਤੀ। ਅਠੇ ਪਹਿਰ ਟਹਿਲ ਕਰਨ। ਜਦ ਜ਼ਰਾ ਕੁ ਆਰਾਮ ਕਰਨ ਲਈ ਬੈਠਣ ਤਾਂ ਇਕ ਬਾਲ ਆਪ ਜੀ ਦੀ ਬੜੀ ਰੀਝ ਨਾਲ ਮੁਠੀ ਚਾਪੀ ਕਰੇ। ਇਕ ਦਿਨ ਭਾਈ ਸਾਹਿਬ ਨੇ ਉਸ ਬਾਲ ਦਾ ਨਾਮ ਪੁੱਛਿਆ ਤਾਂ ਉਸ ਸਹਿਜਾ ਦਸਿਆ ਅਤੇ ਪੁੱਛਣ ਤੇ ਕਿ ਉਹ ਇਤਨੀ ਸੇਵਾ ਕਿਉਂ ਕਰਦਾ ਹੈ ਤਾਂ ਬਾਲਕ ਨੇ ਕਿਹਾ ਕਿ ਮਨ ਠਹਿਰਦਾ ਨਹੀਂ, ਕਾਮ ਜ਼ੋਰ ਪਕੜ ਲੈਂਦਾ ਹੈ। ਇਹ ਸੁਣ ਭਾਈ ਸੇਵਾ ਰਾਮ ਜੀ ਨੇ ਛਾਤੀ ਨਾਲ ਲਗਾਇਆ ਤੇ ਕੀਰਤਨ ਕਰਨ ਲਗਾ ਦਿੱਤਾ। ਦੇਖਦੇ ਹੀ ਦੇਖਦੇ ਭਾਈ ਸਹਿਜ ਰਾਮ ਜੀ ਪਰਮ ਸ਼ਾਂਤ ਰੂਪ ਭਏ। ਨਿਰਵਿਸ਼ਈ ਹੋਏ। ਸਹਿਜ ਰਾਮ ਜੀ ਸ਼ਕਲੋਂ ਬੜੇ ਸੋਹਣੇ ਸਨ। ਇਤਨੀ ਤਬਦੀਲੀ ਆਈ ਕਿ ਹੁਣ ਕਾਮ ਕੋਈ ਰੂਪ ਧਾਰ ਆਵੇ, ਪ੍ਰਭਾਵ ਨ ਪਾਵੇ। ਇਥੋਂ ਤਕ ਕਿ ਇਕ ਵਾਰੀ ਇਕ ਗਣਕਾ ਪਿਛੇ ਲੱਗੀ ਪਰ ਇਨ੍ਹਾਂ ਦੇ ਤੇਜ ਅੱਗੇ ਉਸ ਦੀ ਇਕ ਨਾ ਚੱਲੀ। ਮਹਾਂਪੁਰਖ ਨਜ਼ਰ ਭਰ ਤੱਕੇ ਤਾਂ ਅਗਲੇ ਦੇ ਸਾਰੇ ਵਿਸ਼ੇ ਵਿਕਾਰ ਸਾਥ ਨਾ ਛੱਡ ਜਾਣ ਤਾਂ ਉਹ ਮਹਾਂਪੁਰਖ ਕਾਹਦਾ ਹੋਇਆ ?

ਸੇਵਾ ਇਤਨੀ ਰੁੱਚ ਨਾਲ ਅਤੇ ਦੰਭ ਰਹਿਤ ਕਰਦੇ ਕਿ ਸਭ ਹੈਰਾਨ ਹੋ ਜਾਂਦੇ। ਸਰੀਰ ਵਿਚ ਬਲ ਵੀ ਬੜਾ ਸੀ। ਇਕ ਵਾਰੀ ਭਾਈ ਸਹਿਜ ਰਾਮ ਜੀ ਕਿਸੇ ਕਾਰਨ ਈਸੇ ਸ਼ਾਹ ਕੋਟ ਗਏ। ਉਥੇ ਇਕ ਸੇਵਾਦਾਰ ਦੂਜੇ ਨੂੰ ਆਖੇ ਪਿਆ ਕਿ ਚੱਕੀ ਨੂਰਪੁਰ ਧਰਮਸਾਲ ਪਹੁੰਚਾਣੀ ਹੈ, ਕੋਈ ਲੱਦੂ ਜਾਨਵਰ ਹੋਵੇ ਤਾਂ ਭੇਜਣਾ। ਭਾਈ ਸਾਹਿਬ ਸੁਣਦੇ ਪਏ ਸਨ। ਪ੍ਰਭਾਤੇ ਹੀ ਦੋਵਾਂ ਪੁੜਾਂ ਨੂੰ ਬੋਰੀਆਂ

ਵਿਚ ਪਾ ਵਿਰਕਾਰੋਂ ਬੰਨ੍ਹ ਮੋਢੇ ਤੇ ਚੁਕ ਲਈ ਤੇ ਨੂਰਪੁਰ ਜਾ ਪਹੁੰਚਾਈ। ਚੱਕੀ ਪਹੁੰਚਾਇ ਦੀਨੀ ਪਰ ਜ਼ਿਕਰ ਤਕ ਨਾ ਕੀਤਾ। ਪਿਛੋਂ ਕਿਧਰੇ ਸੇਵਾਦਾਰ ਆਇਆ ਤਾਂ ਉਸ ਭਾਈ ਜੀ ਦੀ ਕਰੜੀ ਘਾਲ ਦਾ ਸਾਰਿਆਂ ਨੂੰ ਦਸਿਆ ਤਾਂ ਫਿਰ ਵੀ ਭਾਈ ਸਾਹਿਬ ਨੇ ਕਿਹਾ : ਕਾਹਦਾ ਭਾਰ ਹੈ ਇਨ੍ਹਾਂ ਚੱਕੀ ਦੇ ਪੁੜਾਂ ਦਾ। ਬੋਝ ਤਾਂ ਕੁਸੰਗਤ ਦਾ ਹੁੰਦਾ ਹੈ। ਜੋ ਇਕ ਵਾਰ ਪੈ ਗਿਆ ਤਾਂ ਲਹਿੰਦਾ ਹੀ ਨਹੀਂ।

ਕੀਰਤਨ ਵੀ ਬੜਾ ਸੋਹਣਾ ਕਰਦੇ ਤੇ ਕਥਾ ਵੀ ਕਮਾਲ ਦੀ। ਇਕ ਵਾਰੀ ਕਥਾ ਪਏ ਕਰਦੇ ਸਨ ਕਿ ਸੰਗਤ ਮਗਨ ਹੋ ਸੁਣ ਰਹੀ ਸੀ। ਗਿਣਤੀ ਢਾਈ ਤਿੰਨ ਸੌ ਦੀ ਹੋਵੇਗੀ। ਇਕ ਪਠਾਣ ਵੀ ਪਿਆ ਸੁਣਦਾ ਸੀ। ਸਮਾਪਤੀ ਉਪਰੰਤ ਕਹਿਣ ਲੱਗਾ ਕਿ ਸਹਿਜ ਰਾਮ ਕਿਤਨਾ ਜਵਾਨ ਬਹਾਦਰ ਹੈ ਜੇ ਜੰਗ ਵਿਚ ਜੂਝੇ ਤਾਂ ਚਾਰ ਪੰਜ ਨੂੰ ਤਾਂ ਇਕੋ ਵਾਰ ਹੀ ਧਰ ਲਵੇ। ਭਾਈ ਅੱਡਨ ਜੀ ਪਏ ਸੁਣਦੇ ਸਨ। ਕਹਿਣ ਲਗੇ :

> ਪਠਾਣ ਭਾਈ, ਅਬ ਤੋ ਅਕੇਲਾ ਢਾਈ ਸੌ ਕੋ ਰਖੀ ਬੈਠਾ ਹੈ। ਇਹ ਐਸਾ ਬਾਣ ਚਲਾਣਾ ਜਾਣਦਾ ਹੈ, ਸੰਤਾਂ ਕੇ ਬਚਨ ਰੂਪ ਕਿ ਸਭਨਾਂ ਦਾ ਮਨ ਇਕ ਠੌਰ ਰਖੇ ਹੈ। ਬ੍ਰਹਮ ਸਰੂਪ ਵਿਚ ਜਾ ਟਿਕਾਂਦਾ ਹੈ।

ਇਹ ਵੀ ਲਿਖਿਆ ਮਿਲਦਾ ਹੈ ਕਿ ਕੀਰਤਨ ਕਰਦੇ ਜੇ ਵਿਆਖਿਆ ਦਾ ਪ੍ਰਸੰਗ ਛੇੜ ਦੇਂਦੇ ਤਾਂ ਘੰਟਿਆਂ ਬਧੀ ਬੋਲ ਸਕਦੇ ਸਨ। ਕਿਸੇ ਪੁੱਛਿਆ ਕਿ ਅਜਿਹਾ ਕਿਵੇਂ ਹੋ ਜਾਂਦਾ ਹੈ ਤਾਂ ਨਿਮਰਤਾ ਦੀ ਮੂਰਤ ਭਾਈ ਸਹਿਜ ਰਾਮ ਜੀ ਨੇ ਕਿਹਾ : ਜਦ ਅੱਖੀਆਂ ਮੀਟ ਬਾਣੀ ਪੜ੍ਹਨੀ ਸ਼ੁਰੂ ਕਰਦਾ ਹਾਂ ਤਾਂ ਗੁਰੂ ਮੇਹਰ ਦਾ ਹੱਥ ਸਿਰ ਰੱਖਦਾ ਹੈ ਤੇ ਦੂਜੀ ਅਉਰ ਮਨ ਨਹੀਂ ਜਾਂਦਾ, ਅਰਥਾਂ ਵਿਚ ਹੀ ਲੱਗਾ ਰਹਿੰਦਾ ਹੈ।

ਬਾਣੀ ਪੜ੍ਹਨ ਪੜ੍ਹਾਉਣ ਦੀ ਲਗਨ ਵੀ ਆਪ ਜੀ ਵਿਚ ਅਥਾਹ ਸੀ।

ਇਕ ਵਾਰੀ ਇਕ ਪਿੰਡ ਦੀ ਸੰਗਤ ਨੇ ਬਾਰ ਬਾਰ ਬੇਨਤੀ ਕੀਤੀ ਕਿ ਕੁਝ ਚਿਰ ਹੋਰ ਪਿੰਡ ਟਿਕ ਕੇ ਸਿੱਖੀ ਮਾਰਗ ਦਿਖਲਾਉਣ ਪਰ ਭਾਈ ਸਾਹਿਬ ਨੇ ਕਿਧਰੇ ਹੋਰ ਜਾਣਾ ਮਿਥਿਆ ਹੋਇਆ ਸੀ। ਸੰਗਤ ਨੇ ਵਿਉਂਤ ਬਣਾ ਇਕ ਬਾਲਕ ਨੂੰ ਸੰਗਤ ਵਿਚ ਹੀ ਖੜ੍ਹਾ ਕਰ ਕੇ ਬੇਨਤੀ ਕੀਤੀ ਕਿ ਇਸ ਬੱਚੇ ਨੂੰ ਸੁਖਮਨੀ ਯਾਦ ਕਰਨ ਦੀ ਬੜੀ ਚਾਅ ਹੈ ਸੋ ਕਿਰਪਾ ਕਰ ਕੇ ਗੁਟਕਾ ਬਣਾ ਦੇਵੋ। ਸੰਗਤਾਂ



 www.punjabilibrary.com

ਭਾਈ ਸਾਹਿਬ ਦਾ ਸੁਭਾਅ ਜਾਣਦੀਆਂ ਸਨ ਕਿ ਜੇ ਕੋਈ ਕਹੇ ਕਿ ਸੁਖਮਨੀ ਯਾਦ ਕਰਨੀ ਹੈ ਤਾਂ ਉਚੇਚ ਕਰ ਕੇ ਗੁਟਕਾ ਲਿਖ ਦੇਂਦੇ ਤੇ ਯਾਦ ਕਰਾਉਣ ਦਾ ਜਤਨ ਕਰਦੇ । ਭਾਈ ਸਾਹਿਬ ਨੇ ਸਵੀਕਾਰ ਤਾਂ ਕਰ ਲਿਆ ਪਰ ਸੰਗਤਾਂ ਦੇਖ ਹੈਰਾਨ ਹੋਈਆਂ ਕਿ ਭਾਈ ਸਾਹਿਬ ਖਾਣਾ ਪੀਣਾ ਭੁਲ ਗਏ ਤੇ ਕਲਮ ਦਵਾਤ ਮੰਗਵਾ ਜਦ ਤਕ ਸੁਖਮਨੀ ਸਾਹਿਬ ਪੂਰਾ ਲਿਖ ਨਾ ਲਿਆ ਅਰਾਮ ਨਾ ਕੀਤਾ ।

ਕੈਸੇ ਸਿਦਕੀ ਸਨ ਭਾਈ ਸਹਿਜ ਰਾਮ ਤੇ ਕਿਤਨਾ ਸੀ ਬਾਣੀ ਪ੍ਰੇਮ ਇਨ੍ਹਾਂ ਸੇਵਾ ਪੰਥੀਆਂ ਵਿਚ । □

ਭਾਈ ਆਇਆ ਰਾਮ ਜੀ

ਭਾਈ ਆਇਆ ਰਾਮ ਜੀ ਐਸੇ ਮਹਾਂ ਪੁਰਸ਼ ਹੋਏ ਜੋ ਕਲਗੀਧਰ ਦੀ ਅਸੀਸ ਨਾਲ ਜਗਤ ਤੇ ਆਏ ਤੇ ਜਦ ਸੰਸਾਰ ਤੋਂ ਗਏ ਤਾਂ ਹਰ ਕੋਈ ਕਹਿ ਰਿਹਾ ਸੀ :

ਰਾਸ ਸਾਬਤ ਨਾਲ ਲੈ ਗਏ,
ਗਵਾਇਆ ਕਿਛੁ ਨਹੀਂ ।
ਆਪਾ ਨਹੀਂ ਜਤਲਾਇਆ ।
ਤਾਣ ਹੁੰਦੇ ਨਿਤਾਣੇ ਰਹੇ ।
ਅਣਹੋਂਦੇ ਵੰਡਾਂਦੇ ਰਹੇ ।
ਕਰਾਮਾਤ ਨਹੀਂ ਦਿਖਲਾਈ ।
ਕਰਾਮਾਤੀਆਂ ਨੂੰ ਕਰਾਮਾਤ ਕਰਨ ਤੋਂ ਵਰਜਿਆ ।
ਕੇਵਲ ਗੁਰੂ ਗਰੰਥ ਸਾਹਿਬ ਦਾ ਅਦਬ ਸਿਖਲਾਇਆ ।
ਕਿਰਤ ਦੀ ਉਤਮਤਾ ਦਰਸਾਈ ।
ਦਾਨ ਦੇਣ ਲੈਣ ਦਾ ਢੰਗ ਦਸਿਆ ।
ਘਰ ਘਰ ਸਾਧੂਆਂ ਨੂੰ ਮੰਗਣ ਤੋਂ ਹਟਾਇਆ ।
ਗ੍ਰਿਹਸਤ ਦੀ ਮਹੱਤਤਾ ਦ੍ਰਿੜਾਈ ।

ਭਾਈ ਆਇਆ ਰਾਮ ਜੀ ਉਸ ਭਾਈ ਆਲਮ ਚੰਦ ਦੇ ਲੜਕੇ ਸਨ ਜਿਨ੍ਹਾਂ ਆਨੰਦਪੁਰ ਟਿਕ, ਇਕ ਟਕ ਗੁਰੂ ਗੋਬਿੰਦ ਸਿੰਘ ਜੀ ਦੇ ਘੋੜਿਆਂ ਦੀ ਸੇਵਾ ਕੀਤੀ । ਅਤਿ ਦਾ ਸੰਜਮ ਰੱਖਿਆ ।

ਇਕ ਦਿਨ ਕਲਗੀਧਰ ਨੇ ਤ੍ਰੁਠ ਕੇ ਉਨ੍ਹਾਂ ਦੀ ਘਰ ਵਾਲੀ, ਜੋ ਨੇਤਰਹੀਣ ਹੋ ਗਈ ਸੀ, ਨੂੰ ਕਿਹਾ :

ਕੁਛ ਇੱਛਾ ਹੈ ਤਾਂ ਕਹੀਏ ?

ਮਾਈ ਸੁਘੜ ਸਿਆਣੀ ਸੀ । ਹਥ ਜੋੜ ਬੇਨਤੀ ਕੀਤੀ :

ਜੇ ਰਹਿਮਤ ਕਰਨ ਲੱਗੇ ਹੋ ਤਾਂ ਇਨ੍ਹਾਂ ਨੇਤਰਾਂ ਨਾਲ ਸੋਨੇ ਦੀ ਮਧਾਣੀ ਨਾਲ ਮੱਖਣ ਕੱਢਦੀ ਸਨੁਖਾਂ (ਨੂੰਹ) ਦੇਖਾਂ ਜਿਸ ਦੇ ਕੁੱਛੜ ਬੇਟਾ ਹੋਵੇ ।



 www.punjabilibrary.com

ਦਸਮ ਪਿਤਾ ਪ੍ਰਸੰਨ ਹੋਏ ਕਿ ਮਾਈ ਨੇ ਇਕ ਹੀ ਮੰਗ ਵਿਚ ਨੇਤਰ, ਧਨ, ਪੁੱਤਰ, ਪੋਤਰਾ ਮੰਗ ਲਏ। ਮਹਾਰਾਜ ਨੇ ਕਿਹਾ :

ਅਜਿਹਾ ਹੀ ਹੋਵੇਗਾ।

ਭਾਈ ਆਲਮ ਚੰਦ ਦੀ ਪਤਨੀ ਦੀ ਨਾ ਸਿਰਫ ਨੇਤਰਾਂ ਦੀ ਜੋਤ ਹੀ ਮੁੜੀ ਸਗੋਂ ਮਹਿਲ ਮਾੜੀਆਂ ਬਣੀਆਂ ਤੇ ਸੰਨ ੧੭੦੩ ਨੂੰ ਘਰ ਬੇਟਾ ਆਇਆ। ਨਾਮ ਹੀ ਆਇਆ ਰਾਮ ਰੱਖਿਆ ਗਿਆ।

ਪਿਤਾ ਜੀ ਨਾਲ ਰਲ ਕੁਝ ਚਿਰ ਭਾਈ ਆਇਆ ਰਾਮ ਜੀ ਨੇ ਵਪਾਰ ਕੀਤਾ ਅਤੇ ਨਾਲ ਹੀ ਸਮੇਂ ਦੇ ਪ੍ਰਸਿੱਧ ਭਗਤ ਭਾਈ ਗਵਾਲ ਦੀ ਸੰਗਤ ਤੋਂ ਵੀ ਲਾਹਾ ਲੈਂਦੇ ਰਹੇ। ਪਿਤਾ ਅਤੇ ਭਾਈ ਗਵਾਲ ਦੇ ਗੁਜ਼ਰਨ ਉਪਰੰਤ ਐਸੇ ਉਪਰਾਮ ਹੋਏ ਕਿ ਉਨ੍ਹਾਂ ਸਭਨਾਂ ਨੂੰ ਜਿਨ੍ਹਾਂ ਪਾਸੋਂ ਲੈਣਾ ਸੀ ਬੁਲਾ ਕੇ ਕਿਹਾ ਕਿ ਜੋ ਪਾਸ ਹੈ ਦੇਵੋ ਤੇ ਕਾਗਜ਼ ਪੜਵਾ ਲਵੋ। ਲੇਖੇ ਤੇ ਲੀਕ ਮਰਵਾ ਲਵੋ। ਜੇ ਕੋਈ ਦੇਵੇ ਉਸ ਦੇ ਲੇਖੇ ਮੁਕਾਈ ਜਾਣ। ਜਿਨ੍ਹਾਂ ਸਨਮੁਖ ਹੋ ਮੋੜਿਆ ਤਿਨ੍ਹਾਂ ਦੀ ਬੜੀ ਬਰਕਤ ਪਈ ਪਰ ਜੋ ਕੂੜ ਬੋਲ ਕਿ ਪਾਸ ਕੁਝ ਨਹੀਂ, ਲੀਕ ਮਰਵਾ ਕੇ ਲੈ ਗਏ, ਉਨ੍ਹਾਂ ਦਾ ਬੁਰਾ ਹਾਲ ਹੋਇਆ। ਇਕ ਵਪਾਰੀ ਨੇ ਜਦ ਭਾਈ ਅੱਡਨ ਸ਼ਾਹ ਨੂੰ ਭਾਈ ਆਇਆ ਰਾਮ ਜੀ ਦੀ ਕਰਣੀ ਦੱਸੀ ਤਾਂ ਉਨ੍ਹਾਂ ਪ੍ਰਸੰਸਾ ਕੀਤੀ ਤੇ ਮਿਲਣ ਦੀ ਚਾਅ ਪ੍ਰਗਟ ਕੀਤੀ। ਭਾਈ ਆਇਆ ਰਾਮ ਜੀ ਨਿਮਰਤਾ ਧਾਰ ਸੋਧਰੇ ਗਏ। ਜਦ ਤਕ ਭਾਈ ਅੱਡਨ ਜੀ ਉਥੇ ਰਹੇ, ਆਪ ਜੀ ਵੀ ਉਨ੍ਹਾਂ ਦੀ ਸੰਗਤ ਮਾਣਦੇ ਰਹੇ। ਫਿਰ ਨੂਰਪੁਰ ਭਾਈ ਭਲਾ ਰਾਮ ਜੀ ਕੋਲ ਆ ਗਏ। ਉਥੇ ਐਸਾ ਮਨ ਸਾਧਿਆ ਕਿ ਸੰਗਤ ਕਰਨ ਵਾਲੇ ਵੀ ਨਿਰ ਵਿਸ਼ੇ ਹੁੰਦੇ।

ਮਨ ਇਤਨਾ ਠਹਿਰਿਆ ਤੇ ਨਿਰਮਲ ਹੋ ਗਿਆ ਕਿ ਇਕ ਵਾਰ ਪ੍ਰਸ਼ਾਦ ਛੱਕਣ ਉਪਰੰਤ ਅਗਲੀ ਸਵੇਰ ਕਹਿਣ ਲਗੇ ਕਿ ਅੱਜ ਅੰਮ੍ਰਿਤ ਵੇਲੇ ਮਨ ਨਹੀਂ ਟਿਕਿਆ, ਕਿਧਰੇ ਚੋਰੀ ਦਾ ਅੰਨ ਤਾਂ ਨਹੀਂ ਸੀ। ਸਾਧੂ ਨੇ ਕਿਹਾ :

> ਭਾਈ, ਜੀ, ਬਿਲਕੁਲ ਨਹੀਂ ! ਮੁੰਜ ਕੁਟ, ਮਜ਼ਦੂਰੀ ਕਰ ਜੋ ਪੈਸੇ ਮਿਲੇ ਸਨ ਉਸ ਦਾ ਅੰਨ ਆਂਦਾ ਹੈ। ਹਾਂ ਪਾਥੀਆਂ ਕਿਸੇ ਲਿਆਇ ਦਿਤੀਆਂ ਸਨ ! ਉਹ ਚੁਲ੍ਹੇ ਹੇਠ ਬਾਲ ਅੰਨ ਪਕਾਇਆ ਹੈ।
>
> ਪੜਤਾਲ ਕਰਨ ਤੇ ਪਤਾ ਲੱਗਾ ਕਿ ਜਿਸ ਗੋਹੇ ਦੀਆਂ ਪਾਥੀਆਂ ਥਪ ਬਣਾਈਆਂ ਸਨ ਉਹ ਮੱਝ ਚੋਰੀ ਦੀ ਸੀ।

ਭਾਈ ਜੀ ਨੇ ਸਾਰੀ ਸੰਗਤ ਨੂੰ ਸੰਬੋਧਨ ਕਰਦੇ ਕਿਹਾ :

ਅੱਵਲ ਤੇ ਆਪਣੀ ਕਿਰਤ ਕਰਕੇ ਖਾਣਾ ਪਰ ਜੇ ਕੋਈ



 www.punjabilibrary.com

ਆਨ ਦੇਵੇ ਤਾਂ ਪੁੱਛ ਕੇ ਨਿਸ਼ਚੇ ਕਰ ਲੈਣਾ ਕਿ ਵਸਤੂ ਸੁਧ ਹੈ। ਜੋ ਗੁਰੂ ਨਾਨਕ ਜੀ ਮਹਾਰਾਜ ਨੇ ਮਲਕ ਭਾਗੋ ਨੂੰ ਕਿਹਾ ਸੀ ਉਹ ਕਦੇ ਨ ਭੁੱਲਣਾ। ਸੱਚੇ ਪਾਤਸ਼ਾਹ ਨੇ ਬਚਨ ਕੀਤੇ ਸਨ : **ਕਿੱਕਰ ਦੇ ਬੀਜ ਨੂੰ ਕੰਡੇ ਨਹੀਂ ਹੁੰਦੇ ਪਰ ਜਦ ਬੀਜ ਦਿਓ, ਬੂਟਾ ਉਗ ਪਏ ਤਾਂ ਕੰਡੇ ਸੂਲਾਂ ਆਪੇ ਨਿਕਲ ਆਂਦੇ ਹਨ। ਧੰਦੇ ਨਾਲ ਇਕੱਠੇ ਕੀਤੇ ਪਦਾਰਥ ਦੁਖਦਾਈ ਨਹੀਂ ਭਾਸਦੇ ਪਰ ਜਦ ਨਿਰਮਲ ਹਿਰਦਿਆਂ ਵਾਲੇ ਖਾਂਦੇ ਹਨ ਤਾਂ ਪੀੜਤ ਹੁੰਦੇ ਹਨ।** ਕਿਸ ਦਾ ਜੀਅ ਕਰੇਗਾ ਸਾਹਮਣੇ ਖੰਡ ਵਿਚ ਲਪੇਟਿਆ ਜ਼ਹਿਰ ਖਾਵੇ। ਭਾਗੋ ਦੀ ਜਾਗ ਖੁਲ੍ਹੀ ਸੀ। ਸਾਡੀ ਵੀ ਖੁਲ੍ਹਣੀ ਚਾਹੀਦੀ ਹੈ।

ਅਣਹੋਂਦੇ ਨੂੰ ਕਿਵੇਂ ਵੰਡਾਂਦੇ ਸਨ ਉਸ ਬਾਰੇ ਲਿਖਿਆ ਹੈ ਕਿ (ਝੰਗ) ਮਘਿਆਣੇ ਰਹਿੰਦੇ ਸਨ ਤਾਂ ਕਿਸੇ ਦੱਸ ਪਾਈ ਕਿ ਇਕ ਮਾਈ ਦਾ ਟੱਬਰ ਵਡੇਰਾ ਹੈ ਤੇ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਹੈ। ਭਾਈ ਜੀ ਨੇ ਉਸ ਮਾਈ ਦੇ ਘਰ 'ਦਾਣੇ' ਪੀਸਣ ਬਹਾਨੇ ਬੋਰੀ ਭੇਜੀ ਤੇ ਵਿਚ ਹੀ ਰੁਪਿਆਂ ਦੀ ਥੈਲੀ ਰਖ ਦਿੱਤੀ। ਮਾਈ ਜਦ ਪੀਸਣ ਲੱਗੀ ਤਾਂ ਪੋਟਲੀ ਦੇਖ ਤਤਕਾਲ ਦੌੜਦੀ ਭਾਈ ਜੀ ਪਾਸ ਆਈ ਕਿ ਦਾਣਿਆਂ ਨਾਲ ਦਾਮ ਵੀ ਨਿਕਲੇ ਹਨ। ਭਾਈ ਜੀ ਨੇ ਕਿਹਾ : ਮਾਈ! ਸਾਡੇ ਸਾਧਾਂ ਪਾਸ ਇਤਨੀ ਮਾਇਆ ਕਿਥੋਂ ਆਈ। ਤੇਰੀ ਹੀ ਪਰਾਲਬਧ ਦੇ ਹਨ।

ਕੋਈ ਗੁਰੂ ਗਰੰਥ ਸਾਹਿਬ ਦਾ ਅਦਬ ਰੱਖਣ ਵਿਚ ਰਤਾ ਵੀ ਅਵੇਸਲਾ ਹੁੰਦਾ ਤਾਂ ਬੜਾ ਗੁੱਸਾ ਕਰਦੇ।

ਇਕ ਵਾਰੀ ਨੂਰਪੁਰ ਗੁਰੂ ਗਰੰਥ ਸਾਹਿਬ ਪਾਸ ਬੈਠੇ ਸਨ ਤਾਂ ਕੀ ਡਿਠੋ ਨੇ ਕਿ ਇਕ ਵਪਾਰੀ ਆਇਆ ਤੇ ਮੱਥਾ ਟੇਕ ਕੇ ਬੈਠਦੇ ਸਾਰ ਪਗੜੀ ਦੇ ਲੜ ਵਿਚੋਂ ਇਕ ਪੱਤਰ ਕੱਢ ਕੇ ਵਾਚਣ ਲਗ ਪਿਆ। ਆਪ ਜੀ ਉਸੇ ਵੇਲੇ ਉੱਠ ਬਾਹਰ ਚਲੇ ਗਏ ਤੇ ਮਹੰਤ ਨੂੰ ਕਹਿਣ ਲੱਗੇ ਕਿ ਅਸਾਂ ਇਥੇ ਨਹੀਂ ਰਹਿਣਾ ਜਿਥੇ ਰਤਾ ਭਰ ਵੀ ਅਦਬ ਗੁਰੂ ਗਰੰਥ ਸਾਹਿਬ ਦਾ ਨਹੀਂ ਰੱਖਿਆ ਜਾਂਦਾ। **ਜਿਥੇ ਮਾਇਆ ਕੇ ਵਿਹਾਰ ਦੀਆਂ ਚਿੱਠੀਆਂ ਬਾਚਣੀਆਂ ਹਨ, ਉਹ ਗੁਰਦੁਆਰਾ ਤਾਂ ਨਾ ਹੋਇਆ, ਬਾਜ਼ਾਰ ਚਬੂਤਰਾ ਹੋਇਆ। ਸਾਧ ਸੰਗਤ ਵਿਚ ਆਈਏ ਤਬ ਅਦਬ ਅਰ ਭੈ ਸੰਜੁਗਤ ਬੈਠੀਐ ਅਰ ਸੰਤਾਂ ਕਾ ਬਚਨ ਸੁਨੀਏ।** ਟਹਿਲ ਸੇਵਾ ਕਰੀਐ, ਤਾਂ ਹੀ ਲਾਹਾ ਪ੍ਰਾਪਤ ਹੋਂਦਾ ਹੈ। ਜੋ ਕਬੀਰ ਜੀ ਨੇ ਕਿਹਾ ਹੈ ਕਿ ਸਾਥ ਨ ਲੀਜੈ ਕੋਇ ਤਾਂ ਇਸ ਦਾ ਇਕ ਭਾਵ ਇਹ ਵੀ ਹੈ ਕਿ ਵਾਸ਼ਨਾ ਨਾ ਨਾਲ ਲਈ


www.punjabilibrary.com

ਜਾਈਏ। ਜਿਵੇਂ ਜੋੜੇ ਉਤਾਰ ਬਾਹਰ ਰੱਖੀਦੇ ਹਨ, ਉਵੇਂ ਕਾਮਨਾਵਾਂ ਵੀ ਬਾਹਰ ਧਰ ਆਈਏ।

ਉਸ ਧਨੀ ਵਪਾਰੀ ਤੇ ਹੋਰਨਾਂ ਸਭਨਾਂ ਨੇ ਖਿਮਾ ਮੰਗੀ ਕਿ ਅਗੋਂ ਐਸਾ ਨਹੀਂ ਹੋਣ ਲੱਗਾ।

ਹੁਣ ਉਹ ਪ੍ਰਬੰਧਕ ਤੇ ਗਰੰਥੀ ਸੋਚਣ ਜੋ ਮਹਾਰਾਜ ਦੇ ਹਜ਼ੂਰ ਹੀ ਚਾਹਾਂ ਵਰਤਾਂਦੇ ਤੇ ਆਮਦਨ ਖ਼ਰਚ ਦੇ ਚਿੱਠੇ ਪੜ੍ਹਦੇ ਤੇ ਰਸੀਦਾਂ ਕੱਟਦੇ ਹਨ।

ਭਾਈ ਆਇਆ ਰਾਮ ਸਾਧੂਆਂ ਦਾ ਸਤਿਕਾਰ ਵੀ ਅਤਿ ਦਾ ਕਰਦੇ। ਇਕ ਵਾਰੀ ਸਾਧੂ ਟਿਕਾਣਿਓਂ ਵਿਦਾ ਹੋਣ ਲੱਗੇ ਤਾਂ ਉਨ੍ਹਾਂ ਸੇਵਕ ਨੂੰ ਕਿਹਾ ਕਿ ਬਾਜ਼ਾਰੋਂ ਚੰਗੇ ਦੋਸ਼ਾਲੇ ਇਨ੍ਹਾਂ ਲਈ ਲੈ ਆਵੀਂ। ਸੇਵਕ ਨੇ ਕਿਹਾ ਕਿ ਮਹਿੰਗੇ ਹਨ, ਜੇ ਆਗਿਆ ਕਰੋ ਤਾਂ ਹਿਲੇਰਾ ਲੈ ਆਂਦੇ ਹਾਂ।

ਇਹ ਸੁਣਦੇ ਹੀ ਭਾਈ ਆਇਆ ਰਾਮ ਜੀ ਨੇ ਕਿਹਾ :

> ਭਲੇ ਲੋਕ ! ਅਸੀਂ ਕੋਈ ਕਿਸੇ ਸਾਥ ਵਪਾਰ ਨਹੀਂ ਕਰਨ ਲੱਗੇ। ਇਹ ਤੋਂ ਪਰਮੇਸ਼ਵਰ ਸਾਥ ਵਣਜ ਹੈ ਤੇ ਫਿਰ ਬੀਚ ਕਪਟ ਕਰਨਾ ਇਹ ਸ਼ੋਭਦਾ ਨਹੀਂ। ਖਰੇ ਸੋਹਣੇ ਲੈ ਕੇ ਆਵੋ।

ਇਸੇ ਤਰ੍ਹਾਂ ਭਾਈ ਵਰੂ ਨੂੰ ਸਮਝਾਇਆ ਕਿ ਤੁਛ ਕੰਮ ਲਈ ਆਪਣੀ ਹੋਂਦ ਜਤਲਾਣੀ, ਕਰਾਮਾਤਾਂ ਦਿਖਲਾਣੀਆਂ ਸ਼ੋਭਦੀਆਂ ਨਹੀਂ। ਨਿਗੂਣੀਆਂ ਗੱਲਾਂ ਲਈ ਤਪ ਗਵਾਵਣਾ ਕਿਥੋਂ ਦੀ ਸਿਆਣਪ ਹੈ।

ਹੋਇਆ ਇਸ ਤਰ੍ਹਾਂ ਕਿ ਆਪ ਜੀ ਸਾਹੀਵਾਲ ਧਰਮਸਾਲ ਬਣਾਉਣ ਲਈ ਗਏ ਤਾਂ ਭਾਈ ਵਰੂ ਨੂੰ ਇਕ ਦੁਕਾਨ ਤੇ ਲੈ ਜਾ ਕੇ ਕਹਿਣ ਲੱਗੇ ਕਿ ਜੋ ਲੰਗਰ ਲਈ ਅੰਨ, ਦਾਲ, ਘੀ ਦੀ ਲੋੜ ਪਵੇ ਇਥੋਂ ਲਈ ਜਾਈਂ। ਧਰਮਸਾਲ ਉਸਰਨ ਉਪਰੰਤ ਹਿਸਾਬ ਕਰਕੇ ਦੇਵਾਂਗੇ। ਭਾਈ ਵਰੂ ਜੀ ਨੇ ਕੀ ਕੀਤਾ ਕਿ ਇਕ ਵਾਰੀ ਤਾਂ ਕਹਿਣ ਮੁਤਾਬਕ ਲੈ ਆਏ ਤੇ ਰਸਦ ਨੂੰ ਭੜੋਲੇ ਵਿਚ ਰੱਖ ਲਾਂਗਰੀ ਨੂੰ ਕਿਹਾ ਕਿ ਜਿਤਨੀ ਲੋੜ ਹੋਵੇ ਭੜੋਲੇ ਵਿਚੋਂ ਲਈ ਜਾਈਂ। ਭਾਈ ਆਇਆ ਰਾਮ ਜੀ ਨੂੰ ਜਦ ਪਤਾ ਲੱਗਾ ਤਾਂ ਉਨ੍ਹਾਂ ਖ਼ੂਬ ਤਾੜਨਾ ਕੀਤੀ ਅਤੇ ਕਿਹਾ :

> ਸੁਣ ਭਾਈ ਵਰੂ ! ਤੁਛ ਕੰਮ ਲਈ ਆਪਣਾ ਤਪ ਗਵਾਵਨਾ ਕਾਹੇ ਕੋ। ਜਿਤਨੀ ਕਰਾਮਾਤ ਦਿਖਾਵਨੀ ਹੈ ਸੋ ਤਪ ਕਾ ਫਲ ਗਵਾਵਣਾ ਹੈ।


www.punjabilibrary.com

ਗੁਰੂ ਤੇਗ ਬਹਾਦਰ ਜੀ ਫ਼ਰਮਾ ਗਏ ਹਨ :

ਕਰਾਮਾਤ ਹੈ ਕਹਿਰ ਫ਼ਕੀਰ ਨਹੀਂ ਦੱਸੇ ।
ਸਾਈਂ ਖੜਾ ਸਿਰ ਉਪਰਿ ਹਸੇ ।
ਰੱਬ ਦਾ ਸ਼ਰੀਕ ਨਹੀਂ ਬਣਨਾ ।

ਭਾਈ ਗੁਲਾਬ ਦਾਸ ਜੀ ਦੇ ਟਿਕਾਣੇ ਦੀ ਜ਼ਿੰਮੇਵਾਰੀ ਭਾਈ ਧਰਮ ਦਾਸ ਜੀ ਨੂੰ ਦੇਣ ਲੱਗੇ ਤਾਂ ਭਾਈ ਜੀ ਨੇ ਭਾਈ ਆਇਆ ਰਾਮ ਨੂੰ ਬੇਨਤੀ ਕੀਤੀ ਕਿ ਸਿਰ ਤੇ ਹੱਥ ਰੱਖੋ। ਭਾਈ ਜੀ ਨੇ ਕਿਹਾ :

ਭਾਈ ! ਇਹ ਲੋਕਾਂ ਦੇ ਦਰਵਾਜ਼ੇ ਟੁਰਕੇ ਜਾਵਣਾ ਪੂਜਾ ਲੈਣ ਲਈ, ਵਾਲਾ ਰਾਹ ਛੱਡੋ ਤੇ ਕਿਰਤ ਦੀ ਮਰਯਾਦਾ ਅਪਨਾਉ ਤਾਂ ਸਿਰ ਹੱਥ ਰੱਖਦੇ ਹਾਂ ।

ਜਦ ਧਰਮ ਦਾਸ ਜੀ ਨੇ ਅਜਿਹਾ ਹੀ ਕਰਨ ਲਈ ਸਿਰ ਝੁਕਾਇਆ ਤਾਂ ਆਪ ਜੀ ਨੇ ਅਸੀਸ ਦਿੱਤੀ । ਭਾਈ ਧਰਮ ਦਾਸ ਨੇ ਸਾਰੇ ਸਾਧਾਂ ਨੂੰ ਕਿਹਾ ਕਿ ਅਗੋਂ ਕਿਸੇ ਗ੍ਰਹਸਤੀ ਦੇ ਘਰ ਮੰਗਣ ਨਹੀਂ ਜਾਣਾ। ਜੇ ਕੋਈ ਦੇਣ ਵੀ ਆਵੇ ਤਾਂ ਉਸ ਨੂੰ ਹਟਾਉਣਾ । ਭਾਈ ਭਗਤ ਸਿੰਘ ਨਾਨਕਸਰ ਵਾਲਿਆਂ ਨੂੰ ਵੀ ਭਾਈ ਆਇਆ ਰਾਮ ਜੀ ਨੇ ਕਿਹਾ ਸੀ :

**ਜੋ ਪੂਜਾ ਲੇਵੇ ਸੋਈ ਮਸੰਦ ਹੈ ।**

ਇਕ ਸਮੇਂ ਜਦ ਸੰਗਤਾਂ ਦੀ ਭੀੜ ਗਿਰਦ ਬਹੁਤ ਇਕੱਠੀ ਹੋ ਗਈ ਤਾਂ ਆਪ ਜੀ ਇਕਾਂਤ ਚਲੇ ਗਏ । ਦਰਵਾਜ਼ੇ ਭੀੜ ਲਏ । ਇਥੋਂ ਤਕ ਕਿ ਭਾਈ ਧਰਮ ਦਾਸ ਜੀ ਨੂੰ ਵੀ ਨਾ ਖੋਲ੍ਹਿਆ ਤਾਂ ਭਾਈ ਜੀ ਨੇ ਜੁਗਤ ਵਰਤ ਕੇ ਅੰਦਰ ਪਾਤੀ ਭੇਜੀ ਕਿ ਬੇਸ਼ੱਕ ਦਰਸ਼ਨ ਨਾ ਦਿਓ ਪਰ ਲਿਖਤੀ ਬਚਨ ਦੇ ਦਰਸ਼ਨ ਕਰਾ ਦਿਓ ।

ਕਮਰੇ ਵਿਚੋਂ ਹੀ ਭਾਈ ਆਇਆ ਰਾਮ ਜੀ ਨੇ ਲਿਖ ਭੇਜਿਆ :

ਬਾਣੀ ਵਿਚ ਸਭ ਲਿਖਿਆ ਹੈ । ਇਸ ਨੂੰ ਵੀਚਾਰ ਕੇ ਪੜ੍ਹਨ ਨਾਲ ਗੁਰੂ ਜੀ ਦੇ ਦਰਸ਼ਨ ਹੋਸਨ । ਹਾਂ, ਮੈਨੂੰ ਪੜ੍ਹਦੇ ਇਹ ਸੋਝੀ ਮਿਲੀ ਹੈ ਕਿ ਸਾਈਂ (ਵਾਹਿਗੁਰੂ) ਤੇ ਕਾਲ (ਮੌਤ) ਨੂੰ ਚੇਤਾ ਰੱਖਣ ਨਾਲ ਕਦੇ ਵਿਕਾਰ ਜ਼ੋਰ ਨਹੀਂ ਪਾਂਦੇ ।

ਦਰਗਾਹ ਮੂੰਹ ਉਜਲਾ ਹੁੰਦਾ ਹੈ।

ਗੁਰੂ ਹਰਿਗੋਬਿੰਦ ਜੀ ਪਾਸ ਨੂਰ ਜਹਾਨ ਨੇ ਬੇਨਤੀ ਕੀਤੀ ਸੀ ਕਿ ਦੁਨੀਆਂ ਦੀ ਦੌਲਤ ਤੇ ਖ਼ੂਬਸੂਰਤੀ ਆਪ ਜੀ ਦੇ ਚਰਨ ਪਰਸਦੀ



 www.punjabilibrary.com

ਹੈ ਪਰ ਆਪ ਜੀ ਅਡੋਲ ਚਿੱਤ ਵਿਚਰਦੇ ਹੋ । ਇਹ ਕਿਸ ਕਾਰਨ ਹੈ ਤਾਂ ਮੀਰੀ ਪੀਰੀ ਦੇ ਮਾਲਕ ਨੇ ਕਹਿ ਸੁਣਾਇਆ ਸੀ :

ਮੌਤ ਤੇ ਖ਼ੁਦਾ ਕਦੇ ਨਹੀਂ ਭੁੱਲੇ ।

ਭਾਈ ਆਇਆ ਰਾਮ ਜੀ ਦਾ ਅਕਾਲ ਚਲਾਣਾ ਨੂਰਪੁਰ ਹੀ, ਸੰਨ ੧੭੯੩ ਨੂੰ ਹੋਇਆ ਸੀ। ਸਾਰਾ ਨਗਰ ਆਪ ਜੀ ਦੀ ਵਡਿਆਈ ਕਰਦਾ ਮਿਰਤਕ ਦੇਹ ਨਾਲ ਸੱਸਕਾਰ ਵਾਲੀ ਥਾਂ ਗਿਆ ਸੀ । □

*ਭਾਈ ਧਰਮ ਦਾਸ ਜੀ*

ਰਾਜ ਪੰਜਾਬ ਵਿਚ ਜ਼ਕਰੀਆ ਖ਼ਾਨ ਦਾ ਸੀ ਅਤੇ ਚਾਰੇ ਪਾਸੇ ਜ਼ੁਲਮਾਂ ਦੀ ਹਨੇਰੀ ਝੁਲ ਰਹੀ ਸੀ। ਭਾਈ ਤਾਰੂ ਸਿੰਘ ਜੀ ਵਰਗਿਆਂ ਨੂੰ ਉਨ੍ਹਾਂ ਦੀ ਭੈਣ ਨਾਲ ਪਕੜ ਸ਼ਹੀਦ ਕਰਨ ਦੇ ਮਨਸੂਬੇ ਬਣਾਏ ਜਾ ਰਹੇ ਸਨ। ਸਿੱਖੀ ਦੇ ਆਚਰਣ ਦਾ ਸਿੱਕਾ ਤੇ ਧਾਕ ਇਥੋਂ ਤਕ ਪੈ ਚੁੱਕੀ ਸੀ ਕਿ ਆਮ ਹਿੰਦੂ ਸਿੱਖ ਨੂੰ ਬਚਾਉਣ ਲਈ ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦਾ ਸੀ। ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਹੀ ਲਿਖਿਆ ਹੈ ਕਿ ਜਦ ਭਾਈ ਤਾਰੂ ਸਿੰਘ ਜੀ ਅਤੇ ਉਨ੍ਹਾਂ ਦੀ ਭੈਣ ਪਕੜ ਲਾਹੌਰ ਕਾਜ਼ੀ ਪਾਸ ਪੇਸ਼ ਕੀਤੇ ਗਏ ਤਾਂ ਲਾਹੌਰ ਦੇ ਵਸਨੀਕਾਂ ਨੇ ਭਾਈ ਜੀ ਤੇ ਭੈਣ ਨੂੰ ਬਚਾਉਣ ਲਈ ਦੋ ਲੱਖ ਰੁਪਿਆ ਕਾਜ਼ੀ ਨੂੰ ਦੇਣਾ ਕਰਕੇ ਛੁੜਵਾਣਾ ਮਨਾ ਲਿਆ। ਭੈਣ ਤਾਂ ਉਹ ਛੁੜਵਾ ਲਿਆਏ ਪਰ ਭਾਈ ਸਾਹਿਬ ਨੇ ਇਹ ਕਹਿ ਕੇ ਰਿਹਾ ਹੋਣ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਮਰਨ ਮੰਡਿਆ ਹੋਇਆ ਹੈ। ਜ਼ਕਰੀਆ ਖ਼ਾਨ ਨੂੰ ਅੱਗੇ ਲਗਾ ਕੇ ਧਰਮ ਰਾਇ ਦੀ ਕਚਹਿਰੀ ਪੇਸ਼ ਕਰਨਾ ਹੈ। ਜਦ ਕੁਝ ਹਿੰਦੂਆਂ ਨੇ ਹੀ ਜਾ ਦੂਜੇ ਹਿੰਦੂਆਂ ਕੋਲੋਂ ਪੁੱਛਿਆ ਕਿ ਉਹ ਇਤਨਾ ਕਿਉਂ ਫ਼ਿਕਰ ਕਰਦੇ ਹਨ ਇਕ ਸਿੱਖ ਨੂੰ ਬਚਾਉਣ ਲਈ ਤਾਂ ਹਿੰਦੂਆਂ ਕਿਹਾ :

**ਸਿਖ ਬਚਾਵਨ ਹੈ ਵਡ ਕਰਮ।**
**ਗਊ ਬ੍ਰਾਹਮਣ ਤੋਂ ਸੌ ਗੁਣਾਂ ਧਰਮ।**

ਸੌ ਬ੍ਰਾਹਮਣ ਤੇ ਸੌ ਗਊ ਬਚਾਉਣ ਨਾਲੋਂ ਇਕ ਸਿੱਖ ਨੂੰ ਬਚਾ ਲੈਣਾ ਅਧਿਕ ਧਰਮ ਦਾ ਕੰਮ ਹੈ। ਸਿੱਖ ਜਿਥੇ ਹੋਵੇਗਾ ਉਥੇ ਰੱਛਿਆ ਤੇ ਰਿਆਇਤ ਹੋਵੇਗੀ। ਸਿੱਖੀ ਲਈ ਇਹ ਸਤਿਕਾਰ ਪੈਦਾ ਕਰਨ ਵਿਚ ਸੇਵਾ ਪੰਥੀ ਮਹਾਤਮਾ ਦੀ ਕਰਣੀ ਤੇ ਕਰਤੱਵ ਦਾ ਬਹੁਤ ਹੱਥ ਹੈ।

ਐਸੇ ਹੀ ਇਕ ਸਨ ਭਾਈ ਧਰਮ ਦਾਸ ਜੀ ਜਿਨ੍ਹਾਂ ਦਾ ਜਨਮ ਇਨ੍ਹਾਂ ਹੀ ਸਾਲਾਂ (ਸੰਨ ੧੭੪੪) ਨੂੰ ਹੋਇਆ। ਛੋਟੀ ਉਮਰ ਵਿਚ



 www.punjabilibrary.com

ਹੀ ਭਾਈ ਆਇਆ ਰਾਮ ਦੇ ਪ੍ਰਭਾਵ ਹੇਠਾਂ ਆ ਗਏ । ਭਾਈ ਆਇਆ ਰਾਮ ਨੇ ਪਹਿਲਾਂ ਬਾਣੀ ਵਲ ਲਗਾਇਆ । ਕਥਾ ਕੀਰਤਨ ਕਰਨ ਦੀ ਰੁਚੀ ਉਪਜਾਈ । ਸਿਮਰਨ ਕਰਨ ਦੀ ਵਿਧੀ ਸਿਖਾਈ ਅਤੇ ਆਨੰਦ ਸਰੂਪ ਵਿਚ ਮਗਨ ਹੋਣ ਦੀ ਜਾਚ ਸਿਖਾਲ ਦਿੱਤੀ। ਭਾਈ ਆਇਆ ਰਾਮ ਪਾਸ ਸ਼ਾਹ ਜੀਵਨੇ ਸਮੇਂ ਦੇ ਪ੍ਰਸਿੱਧ ਸੇਵਾ ਪੰਥੀ ਦੂਰੋਂ ਦੂਰੋਂ ਆਂਦੇ ਤੇ ਆਤਮਾ ਉਚਿਆਣ ਦਾ ਵਲ ਸੰਗਤਾਂ ਨੂੰ ਸਿਖਲਾਂਦੇ । ਕੈਸਾ ਸਮਾਂ ਬੱਝਦਾ ਹੋਵੇਗਾ ਜਦ ਭਾਈ ਦੁਖ ਭੰਜਨ ਜੀ, ਭਾਈ ਸਹਿਜ ਰਾਮ ਜੀ. ਭਾਈ ਕਿਸ਼ਨ ਦਾਸ ਜੀ, ਭਾਈ ਭਲਾ ਰਾਮ ਜੀ ਇਕ ਥਾਂ ਇਕੱਠੇ ਹੁੰਦੇ ਹੋਣਗੇ । ਲੋਕੀਂ ਵੀ ਧੰਨ ਭਾਗ ਜਾਣ, ਆਤਮਕ ਹੁਲਾਰੇ ਮਾਣਦੇ ।

ਇਨ੍ਹਾਂ ਪੁੱਜੀਆਂ ਹੋਈਆਂ ਪਾਵਨ ਆਤਮਾਵਾਂ ਦੀ ਸੰਗਤ ਕਰ ਕੇ ਭਗਤੀ ਦੀ ਮੂਰਤ ਹੀ ਹੋ ਗਏ ਭਾਈ ਧਰਮ ਦਾਸ ਜੀ। ਨਿਰਵਕਾਰ, ਨਿਰਵਿਸ਼ੈ ਜੀਵਨ ਸੀ ਭਾਈ ਜੀ ਦਾ। ਇਸੇ ਲਈ ਇਕ ਵਾਰੀ ਇਕ ਸਾਧੂ ਨੂੰ ਇਕੱਲਿਆਂ ਇਕ ਔਰਤ ਪਾਸ ਬੈਠਾ ਵੇਖ ਕਿਹਾ ਸੀ : ਇਹ ਸੱਚ ਹੈ ਕਿ ਤੁਹਾਡੇ ਤੇ ਕਾਮਾਦਿਕ ਦਾ ਹੱਲਾ ਨਹੀਂ ਹੋ ਸਕਦਾ ਪਰ ਸਾਧੂ ਨੂੰ ਫਿਰ ਵੀ ਚਾਹੀਦਾ ਹੈ ਕਿ ਕਦਾਚਿਤ ਮਾਈ ਜਾਮੇ ਪਾਸ ਇਕੇਲਾ ਹੋਇ ਕੈ ਬਾਤ ਨ ਕਰੇ । ਭਾਵੇਂ ਉਹ ਔਰਤ ਸ਼ਰਧਾ ਪ੍ਰਤੀਤੀ ਵਾਲੀ ਹੀ ਹੋਵੇ। ਜੋ ਉਪਦੇਸ਼ ਦੇਣਾ ਹੈ ਸਾਧ ਸੰਗਤ ਵਿਚ ਹੀ ਦੇਵੇ ।

ਭਾਈ ਧਰਮ ਦਾਸ ਜੀ ਨੇ ਕਿਉਂਕਿ ਆਤਮਕ ਹੁਲਾਰਾ ਕੀਰਤਨ ਰਾਹੀਂ ਪਾਇਆ ਸੀ ਸੋ ਜਦ ਭਾਈ ਦਰਬਾਰੀ ਕੋਲੋਂ ਨਿਮਰਤਾ ਵਿਚ ਭਿਜੇ ਕੀਰਤਨ ਸੁਣਿਆ ਤਾਂ ਬੇਨਤੀ ਕੀਤੀ ਕਿ ਉਨ੍ਹਾਂ ਪਾਸ ਹੀ ਟਿਕ ਜਾਣ। ਭਾਈ ਦਰਬਾਰੀ ਜੀ ਦਾ ਵੀ ਕੈਸਾ ਜੀਵਨ ਸੀ ਕਿ ਕੀਰਤਨ ਭੇਟ ਕਦੇ ਨਾ ਲੈਂਦੇ ਸਗੋਂ ਬਸਤ੍ਰ ਸੀਵ ਕੇ ਗੁਜ਼ਰ ਬਸਰ ਕਰਨ । ਇਥੋਂ ਤੱਕ ਕਿ ਜੋ ਕਮਾਈ ਹੁੰਦੀ ਉਹ ਭਾਈ ਧਰਮ ਦਾਸ ਜੀ ਅੱਗੇ ਲਿਆ ਰੱਖਣ । ਭਾਈ ਧਰਮ ਦਾਸ ਜੀ ਵੀ ਇਤਨਾ ਆਦਰ ਦੇਣ ਕਿ ਸੰਗਤਾਂ ਹੈਰਾਨ ਹੋਣ । ਸੰਗਤਾਂ ਨੂੰ ਸੁਣਾ ਕੇ ਇਕ ਵਾਰੀ ਕਿਹਾ ਸੀ : ਭਾਈ ਦਰਬਾਰੀ ਦੀ ਕਿਰਤ ਧੰਨ ਹੈ । ਕਿਰਤ ਤੇ ਕੀਰਤੀ ਇਨ੍ਹਾਂ ਹੀ ਜੋੜੀ ਹੈ । ਇਨ੍ਹਾਂ ਦੀ ਪਾਵਨ ਕਮਾਈ ਦੀ ਕਉਡੀ ਨਾਲ ਮਿਲਿਆ ਹੋਇਆ ਸਾਰਾ ਲੰਗਰ ਹੀ ਪਵਿੱਤਰ ਹੋ ਜਾਂਦਾ ਹੈ। ਫਿਰ ਸੱਭ ਤੋਂ ਵਾਧਾ ਇਹ ਹੈ ਕਿ ਕਿਸੇ ਪ੍ਰਕਾਰ ਦਾ ਹੰਕਾਰ ਨਹੀਂ । ਮਿੱਠ ਬੋਲੜਾ ਹੈ । ਟਹਿਲ ਪ੍ਰੀਤ ਕੇ ਸਾਥ ਕਰਤਾ ਹੈ। ਬਾਣੀ ਪੜ੍ਹਤਾ ਹੈ। ਕੀਰਤਨ ਕਰਤਾ ਹੈ ।

ਭਾਈ ਧਰਮ ਦਾਸ ਜੀ ਡੇਰੇ ਆਏ ਹਰ ਸਾਧੂ ਦਾ ਆਦਰ ਦਿਲੋਂ ਕਰਦੇ ਸਨ । ਹੰਕਾਰ ਦੀ ਲੇਸ ਮਾਤਰ ਵੀ ਨਹੀਂ ਸੀ । ਇਕ



www.punjabilibrary.com

ਵਾਰੀ ਅਜਿਹਾ ਹੋਇਆ ਕਿ ਇਕ ਸਾਧੂ ਦੀ ਉਨ੍ਹਾਂ ਬਹੁਤ ਸੇਵਾ ਕੀਤੀ ਪਰ ਕੁਝ ਚਿਰ ਪਿਛੋਂ ਜਿਸ ਥਾਂ ਤੋਂ ਉਹ ਸਾਧੂ ਆਇਆ ਸੀ ਮਹੰਤ ਨੇ ਲਿਖ ਭੇਜਿਆ ਕਿ ਜੋ ਸਾਧੂ ਆਪ ਪਾਸੋਂ ਹੁਣ ਟਹਿਲ ਕਰਵਾ ਰਿਹਾ ਹੈ ਉਸ ਵਿਚ ਚਾਰ ਔਗੁਣ ਹਨ। ਭਾਈ ਧਰਮ ਦਾਸ ਜੀ ਚਿੱਠੀ ਪੜ੍ਹਦੇ ਸਾਰ ਉਸ ਸਾਧੂ ਪਾਸ ਗਏ ਤੇ ਜਾ ਕੇ ਉਸ ਸਾਧੂ ਦੇ ਚਰਨੀਂ ਹੱਥ ਲਾਇਆ ਤੇ ਕਹਿਣ ਲਗੇ : ਤੁਸੀਂ ਧੰਨ ਹੋ ਜਿਨ੍ਹਾਂ ਦੇ ਕੁਲ ਚਾਰ ਔਗੁਣ ਪਿਛਲੇ ਕਈ ਸਾਲਾਂ ਵਿਚ ਕੋਈ ਦੇਖ ਸਕਿਆ । ਅਸੀਂ ਕੀ ਮੂੰਹ ਦੇਣ ਜੋਗੇ ਹਾਂ, ਜਿਨ੍ਹਾਂ ਦੇ ਸਮੁੰਦ ਸਾਗਰ ਨੀਰ ਭਰੇ ਜਿਤਨੇ ਅਵਗੁਣ ਹਨ। ਅੱਗੋਂ ਉਹ ਸਾਧੂ ਭੁੱਬਾਂ ਮਾਰ ਰੋਣ ਲੱਗ ਪਿਆ ਅਤੇ ਐਸਾ ਸ਼ੁੱਧ ਭਇਆ ਕਿ ਕੰਚਨ ਸੋਵੰਨਾ ਹੋਇਆ। ਭਾਈ ਧਰਮ ਦਾਸ ਜੀ ਦੀ ਥਾਵੇਂ ਕੋਈ ਹੋਰ ਹੁੰਦਾ ਤਾਂ ਲੱਠ ਲੈ ਕੇ ਪਿੱਛੇ ਪੈ ਜਾਂਦਾ। ਐਸੇ ਆਚਰਨ ਕਰ ਕੇ ਹੀ ਸੇਵਾ ਪੰਥੀਆਂ ਦੀ ਖ਼ੁਸ਼ਬੂ ਦੂਰ ਦੂਰ ਤਕ ਫੈਲ ਰਹੀ ਸੀ ।

ਖ਼ੁਸ਼ਬੂ ਦਾ ਇਹ ਹਾਲ ਸੀ ਕਿ ਭਾਈ ਧਰਮ ਦਾਸ ਜੀ ਅੰਮ੍ਰਿਤਸਰ ਦੇ ਇਸ਼ਨਾਨ ਕਰਨ ਉਪਰੰਤ ਇਕ ਪਿੰਡ ਪੁੱਜੇ ਤਾਂ ਉਨ੍ਹਾਂ ਇਕ ਸਾਧੂ ਨੂੰ ਲੰਗਰ ਲਈ ਰਸਦ ਮੁੱਲ ਲੈ ਆਉਣ ਲਈ ਕਿਹਾ ਤਾਂ ਕਿ ਪ੍ਰਸ਼ਾਦ ਤਿਆਰ ਕਰ ਕੇ ਸਾਥੀ ਸਾਧੂਆਂ ਨੂੰ ਛਕਾਈਏ। ਉਸ ਪਿੰਡ ਪੁੱਜ ਕੇ ਜਦ ਸੇਵਾਦਾਰ ਨੇ ਮੁੱਲ ਰਸਦ ਲੈਣੀ ਚਾਹੀ ਤਾਂ ਹਰ ਦੁਕਾਨਦਾਰ ਨੇ ਇਨਕਾਰ ਕਰ ਦਿੱਤਾ। ਜਦ ਕਾਰਨ ਪੁੱਛਿਆ ਤਾਂ ਇਕ ਹਟਵਾਣੀਏ ਕਿਹਾ : ਇਥੇ ਇਕ ਮਾਈ ਨੇ ਲੰਗਰ ਲਗਾਇਆ ਹੋਇਆ ਹੈ। ਪਿੰਡ ਦੇ ਸਭ ਦੁਕਾਨਦਾਰਾਂ ਨੂੰ ਆਖ ਛੱਡਿਆ ਹੈ ਕਿ ਕੋਈ ਸਾਧੂ ਬਾਣੇ ਰਸਦ ਲੈਣ ਆਵੇ ਤਾਂ ਨਹੀਂ ਦੇਣੀ। ਉਸ ਨੂੰ ਲੰਗਰ ਵਲ ਭੇਜ ਦੇਣਾ। ਜਦ ਸਾਧੂ ਨੇ ਆ ਸਾਰਾ ਵਰਤਾਂਤ ਦਸਿਆ ਤਾਂ ਭਾਈ ਧਰਮ ਦਾਸ ਜੀ ਕਹਿਣ ਲੱਗੇ : ਲੰਗਰ ਵਲ ਕਿਸੇ ਮੂੰਹ ਨਹੀਂ ਕਰਨਾ । ਜੋ ਚਨਾ ਚਬੀਨਾ ਪਾਸ ਹੈ ਛਕ ਗੁਜ਼ਾਰਾ ਕਰ ਲਵੋ। ਮਾਈ ਮੁੜੀ ਤਾਂ ਹਟਵਾਣੀਏ ਕਿਹਾ ਕਿ ਅੱਜ ਅਜੀਬ ਘਟਨਾ ਹੋਈ ਹੈ। ਸਾਧੂ ਆਏ ਹਨ, ਨਾਂਹ ਉਨ੍ਹਾਂ ਨੂੰ ਅਸਾਂ ਮੁੱਲ ਰਸਦ ਦਿੱਤੀ ਹੈ ਅਤੇ ਨਾ ਉਨ੍ਹਾਂ ਲੰਗਰ ਵਲ ਮੂੰਹ ਕੀਤਾ ਹੈ। ਮਾਈ ਸੁਘੜ ਸਿਆਣੀ ਸੀ ਫੱਟ ਕਹਿ ਉਠੀ ਕਿ ਇਤਨੇ ਸਬਰ ਸੰਤੋਖੀ ਤਾਂ ਸਿਰਫ਼ ਸੇਵਾ ਪੰਥੀ ਹੀ ਹੋ ਸਕਦੇ ਹਨ । ਮਾਈ ਦੀ ਸੂਖਮ ਹਉਂ ਵੀ ਭਾਈ ਧਰਮ ਦਾਸ ਨੇ ਇਹ ਕਹਿ ਕੇ ਕੱਟ ਦਿਤੀ ਕਿ ਸੇਵਾ ਉਹ ਹੀ ਸਫਲ ਹੈ ਜੋ ਨਿਮਰਤਾ ਅਤੇ ਦਿਖਾਵੇ ਰਹਿਤ ਕੀਤੀ ਜਾਵੇ। ਉਸ ਮਾਈ ਨੇ ਪ੍ਰਸ਼ਾਦ ਪਕਾਇਆ ਅਤੇ ਆਪੂੰ ਭਗਤੀ ਭਾਵ ਨਾਲ ਛਕਾਇਆ। ਭਾਈ ਜੀ ਨੂੰ ਜਦ ਮਾਈ ਨੇ ਦੱਸਿਆ ਕਿ ਉਸ ਦੀ ਲੜਕੀ, ਨੂੰਹ ਤੇ ਉਹ ਤਿੰਨੇ ਹੀ ਵਿਧਵਾ ਹੋ ਗਈਆਂ


www.punjabilibrary.com

ਪਰ ਅਸਾਂ ਸਤ ਪਾਲੀ ਰੱਖਿਆ ਹੈ। ਸੇਵਾ ਦਾ ਰਾਹ ਚੁਣ ਲਿਆ ਹੈ ਤਾਂ ਭਾਈ ਸਾਹਿਬ ਨੇ ਪ੍ਰਸੰਨ ਹੋ ਅਸੀਸ ਦਿੱਤੀ।

ਭਾਈ ਧਰਮ ਦਾਸ ਜੀ ਨੇ ਇਹ ਨੇਮ ਵੀ ਬਣਾ ਲਿਆ ਸੀ ਕਿ ਮਾਇਆ ਡੇਰੇ ਵਿਚ ਇਕੱਠੀ ਨਹੀਂ ਹੋਣ ਦੇਣੀ। ਸਭ ਪਰਉਪਕਾਰ ਹਿਤ ਹੀ ਖ਼ਰਚ ਕਰ ਦੇਣੀ ਹੈ। ਇਕ ਸਮੇਂ ਇਕ ਵਪਾਰੀ ਨੇ ਜਦ ਚੋਖੀ ਮਾਇਆ ਅੱਗੇ ਲਿਆ ਰੱਖੀ ਤਾਂ ਭਾਈ ਆਇਆ ਰਾਮ ਜੀ ਕੋਲੋਂ ਪੁੱਛ ਕੇ ਸਾਰੀ ਖੂਹਾਂ, ਤਲਾਬਾਂ ਤੇ ਗਊਆਂ ਦੇ ਜਲ ਪੀਵਨੇ ਨਮਿਤ ਪੱਕੇ ਟੋਭੇ ਬਣਵਾ ਕੇ ਖ਼ਰਚ ਕਰ ਦਿੱਤੀ।

ਸੰਨ ੧੭੬੨ ਨੂੰ ਡੇਰੇ ਦੀ ਸੇਵਾ ਭਾਈ ਦਰਬਾਰੀ ਜੀ ਨੂੰ ਦੇ ਕੇ ਅਕਾਲ ਚਲਾਣਾ ਕਰ ਗਏ। ਲਿਖਿਆ ਹੈ ਕਿ ਜਦ ਭਾਈ ਦਰਬਾਰੀ ਜੀ ਨੇ ਕਿਹਾ ਕਿ ਇਹ ਪੋਟ ਭਾਰੀ ਹੈ ਹਮ ਸੇ ਨਹੀਂ ਉਠਾਈ ਜਾਵੇਗੀ ਤਾਂ ਬੜੀ ਭਾਵ ਪੂਰਤ ਗੱਲ ਉਨ੍ਹਾਂ ਦਰਬਾਰੀ ਜੀ ਨੂੰ ਕਹੀ। ਆਖਣ ਲਗੇ :

> ਤੈਨੂੰ ਕਾਈ ਮਹੰਤੀ ਨਹੀਂ ਦੇਣ ਲਗੇ, ਇਹ ਤਾਂ ਗੁਰਦੁਆਰੇ ਕੀ ਟਹਿਲ ਹੈ ਝਾੜੂ ਕੀ। ਸੋ ਸਾਧ ਸੰਗਤ ਕੀ ਟਹਿਲ ਕਰੋ।

ਅੱਜ ਦੇ ਮਹੰਤ, ਸੰਤ ਪ੍ਰਬੰਧਕ, ਡੇਰੇਦਾਰ ਭਾਈ ਧਰਮ ਦਾਸ ਜੀ ਦੇ ਆਖੇ ਇਹ ਸ਼ਬਦ ਯਾਦ ਰੱਖਣ ਤਾਂ ਕਿਵੇਂ ਨ ਲੋਕੀਂ ਸਿੱਖੀ ਵਲ ਖਿੱਚੇ ਆਉਣ। □


www.punjabilibrary.com

## ਭਾਈ ਰੋਸ਼ਨ ਜੀ

ਜ਼ਰਾ ਗਹੁ ਨਾਲ ਤੱਕੀਏ ਤਾਂ ਦਿੱਸ ਆਵੇਗਾ ਕਿ ਜੇ ਇਧਰ ਸਿੰਘਾਂ ਦੇ ਬੰਦ ਬੰਦ ਕੱਟੇ ਜਾ ਰਹੇ ਸਨ, ਚਰਖੜੀ ਚਾੜ੍ਹੇ ਜਾ ਰਹੇ ਸਨ, ਖੋਪਰ ਉਤਾਰੇ ਜਾ ਰਹੇ ਸਨ, ਬੱਚੇ ਨੇਜ਼ਿਆਂ ਤੇ ਟੰਗੇ ਜਾ ਰਹੇ ਸਨ, ਮਾਵਾਂ ਸਵਾ-ਸਵਾ ਮਣ ਦੇ ਪੀਸਣੇ ਪੀਂਹਦੀਆਂ ਵੀ ਭਾਣੇ ਨੂੰ ਮਿੱਠਾ ਕਰ ਕੇ ਮੰਨਦੀਆਂ ਸਨ ਤਾਂ ਉਧਰ ਭਾਈ ਕਨ੍ਹਯਾ ਜੀ ਵਰਗੇ ਸਿੱਖੀ ਦੀ ਸਰਬ ਸਾਂਝਤਾ ਦਰਸਾ ਰਹੇ ਸਨ। ਭਾਈ ਅੱਡਨ ਜੀ ਅਸੂਲ ਲਈ ਮਰ ਮਿਟਣ ਦੇ ਪੂਰਨੇ ਪਾ ਰਹੇ ਸਨ ਤੇ ਭਾਈ ਆਇਆ ਰਾਮ ਜੀ ਵਰਗੇ ਗੁਰੂ ਗਰੰਥ ਸਾਹਿਬ ਦਾ ਅਦਬ ਕਿਵੇਂ ਰਖਣਾ ਹੈ ਸੰਗਤਾਂ ਨੂੰ ਦ੍ਰਿੜਾ, ਸਿੱਖੀ ਦੇ ਦਾਇਰੇ ਨੂੰ ਵਸੀਅ ਕਰ ਰਹੇ ਸਨ।

ਐਸੇ ਹੀ ਸਨ ਇਕ ਭਾਈ ਰੋਸ਼ਨ ਜੀ ਜਿਨ੍ਹਾਂ ਦੇ ਤਪ ਤੇਜ ਦਾ ਅਜਿਹਾ ਰੁਹਬਮਈ ਪ੍ਰਭਾਵ ਸੀ ਕਿ ਜੇ ਉਹ ਸਿਆਲਾਂ ਦੀ ਕਚਹਿਰੀ ਕਿਸੇ ਦੀ ਹਾਮੀ ਭਰਨ ਚਲੇ ਜਾਂਦੇ ਤਾਂ ਦੀਵਾਨ ਮਸੱਦੀਓਂ ਸਮੇਤ ਅਦਬ ਸਹਿਤ ਖੜ੍ਹੇ ਹੋਣ ਤੇ ਸਿਰ ਉੱਚਾ ਤਕ ਨਾ ਕਰਨ। ਪਰ ਭਾਈ ਸਾਹਿਬ ਅਸੂਲ ਦੇ ਇਤਨੇ ਪੱਕੇ ਕਿ ਕਿਸੇ ਦੀਵਾਨ, ਅਹਿਲਕਾਰੀ ਦਾ ਪ੍ਰਸ਼ਾਦ ਨਾ ਖਾਵਣ। ਪ੍ਰਣ ਰਖਿਆ ਹੋਇਆ ਸੀ ਕਿ ਰਾਜਧਨ ਮੂੰਹ ਵਿਚ ਨਹੀਂ ਪਾਵਣਾ। ਇਕ ਵਾਰੀ ਇਕ ਦੀਵਾਨ ਨੇ ਇਹ ਸ਼ਰਤ ਰੱਖ ਦਿੱਤੀ ਕਿ ਪਿੰਡ ਦੀ ਜਗਾਤ ਤਾਂ ਮੁਆਫ਼ ਕਰਦੇ ਹਾਂ ਜੇ ਉਸ ਦੇ ਘਰ ਦਾ ਪ੍ਰਸ਼ਾਦ ਪਾਵਨ। ਆਪ ਜੀ ਨੇ ਕਿਹਾ : ਮੈਂ ਅਕੇਲੇ ਨਹੀਂ ਸਾਰੇ ਡੇਰੇ ਦੇ ਸਾਧੂ ਵੀ ਛਕਣਗੇ। ਤੁਸੀਂ ਪਹੁੰਚਾ ਦੇਣਾ। ਉਸ ਨੇ ਖਾਣਾ ਪਕਾ ਪਹੁੰਚਾਇਆ ਪਰ ਇਧਰ ਭਾਈ ਜੀ ਨੇ ਸਾਧੂਆਂ ਨੂੰ ਕਿਹਾ ਕਿ ਪ੍ਰਸ਼ਾਦ ਤੁਸੀਂ ਪਹਿਲਾਂ ਘਰੋਂ ਹੀ ਪਾ ਲਵੋ। ਜਦ ਦੀਵਾਨ ਘਰੋਂ ਪਕਵਾਨ ਆਏ ਤਾਂ ਉਨ੍ਹਾਂ ਆਪ ਜਾ ਕੇ ਸਪੁੱਚਾ (ਮਿਹਤਰਾਂ) ਵਿਚ ਵਰਤਾ ਦਿੱਤਾ। ਦੀਵਾਨ ਨੂੰ ਜਦ ਇਹ ਖ਼ਬਰ ਹੋਈ ਤਾਂ ਕ੍ਰੋਧਤ ਹੋਏ ਆਇਆ ਤਾਂ ਭਾਈ ਜੀ ਨੇ ਕਿਹਾ : "ਭਲੇ ਲੋਕ, ਉਨ੍ਹਾਂ ਵਿਚਾਰਿਆਂ ਨੂੰ ਕੌਣ ਐਸੇ ਭੋਜਨ ਬਣਾ ਕੇ ਖਵਾਏਗਾ। ਤੂੰ ਤਾਂ ਵੱਡਾ



 www.punjabilibrary.com

ਪੁੰਨ ਖੱਟਿਆ ਹੈ।" ਦੀਵਾਨ ਨੂੰ ਚੁੱਪ ਵੀ ਕਰਾ ਦਿੱਤਾ ਤੇ ਧਰਮ ਵੀ ਰੱਖ ਲਿਆ।

ਇਕ ਵਾਰੀ ਕਿਰਤ ਤੇ ਸੇਵਾ ਦਾ ਨਿਰਣਾ ਵੀ ਬੜੇ ਸੁਹਣੇ ਢੰਗ ਨਾਲ ਕੀਤਾ ਸੀ। ਧਰਮਸਾਲ ਵਿਚ ਇਕ ਦਿਨ ਕਿਸੇ ਸੱਜਣ ਨੂੰ ਮੁੰਜ ਕੁੱਟਦਾ ਦੇਖ ਕਹਿਣ ਲੱਗੇ ਕਿ ਮੁੰਜ ਤੂੰ ਸੇਵਾ ਲਈ ਕੁੱਟਦਾ ਹੈਂ ਜਾਂ ਪੇਟ ਲਈ। ਉਸ ਨੇ ਕਿਹਾ: ਮੰਤਵ ਤਾਂ ਰੋਟੀ ਹੈ। ਉਸ ਨੂੰ ਕਹਿਣ ਲੱਗੇ ਕਿ ਅਸੀਂ ਤਾਂ ਸਾਧੂਆਂ ਲਈ ਇਹ ਕਰੜੀ ਘਾਲਣਾ ਤਾਂ ਰੱਖੀ ਹੈ ਕਿ ਉਨ੍ਹਾਂ ਵਿਚ ਸੰਜਮ ਜ਼ਬਤ ਆਵੇ ਤੇ ਝਾਕਣੀ ਮੁੱਕੇ। ਤੂੰ ਜਾ ਵਪਾਰ ਕਰ। ਗੁਰੂ ਬਰਕਤ ਪਾਇਗਾ। ਕੋਲੋਂ ਰਕਮ ਦਿੱਤੀ ਅਤੇ ਉਹ ਖੁਸ਼ਹਾਲ ਹੋਇਆ। □



www.punjabilibrary.com

**ਭਾਈ ਸੰਤੋਖ ਜੀ**

ਸੇਵਾ ਪੰਥੀਆਂ ਦੇ ਜਿਤਨੇ ਵੀ ਮਹਾਂਪੁਰਸ਼ ਹੋਏ ਹਨ ਇਹ ਆਪਣੇ ਨਾਂ ਨੂੰ ਸਕਾਰਥਾ ਕਰਨ ਵਾਲੇ ਸਨ। ਜਿਵੇਂ ਭਾਈ ਸਹਿਜ ਰਾਮ ਜੀ ਦੀ ਸੇਵਾ ਜਗਤ ਪ੍ਰਸਿੱਧ ਹੈ ਜੋ ਲੰਗਰ ਲਈ ਚੱਕੀ ਦੇ ਦੋ ਪੁੜ ਇਕੱਲੇ ਹੀ ਉਠਾ ਈਸੇ ਸ਼ਾਹ ਦੇ ਕੋਟ ਤੋਂ ਨੂਰਪੁਰ ਵੱਲ ਚੱਲ ਪਏ ਪਰ ਊਠ ਦੀ ਉਡੀਕ ਨਾ ਕੀਤੀ ।

ਇਸੇ ਸ਼੍ਰੇਣੀ ਦੇ ਇਕ ਮੁਖੀ ਹਨ ਭਾਈ ਸੰਤੋਖ ਜੀ ਜੋ ਹੈ ਤਾਂ ਪਿੰਡ ਖਾਹੀ (ਜਿਸ ਦਾ ਭਾਵ ਤ੍ਰਿਸ਼ਨਾ ਨਾਲ ਹੈ) ਦੇ ਸਨ ਪਰ ਪੂਰਨ ਸੰਤੋਖ ਦੀ ਮੂਰਤ। ਗੁਰਬਾਣੀ ਵਿਚ ਜਿਸ 'ਮਨਿ ਸੰਤੋਖ, ਸਬਦਿ ਗੁਰੂ ਰਾਜੇ' ਦਾ ਵਰਨਣ ਹੈ ਉਹ ਉਸਦੀ ਜ਼ਿੰਦਾ ਉਦਾਹਰਣ ਸਨ।

ਸੌਦਾਗਰ ਸਨ। ਲੂਣ ਦਾ ਵਪਾਰ ਕਰਦੇ। ਇਕ ਦਿਨ ਖ਼ਿਆਲ ਆਇਆ ਕਿਧਰੇ ਮੈਂ ਲੂਣ ਹਰਾਮ ਹੋ ਜੀਵਨ ਜ਼ਾਇਆ ਤਾਂ ਨਹੀਂ ਕਰ ਰਹਿਆ। ਘਰ ਬਾਹਰ ਛਡ ਜੰਗਲੀਂ ਵਿਰਨ ਲਗੇ ਪਰ ਛੇਤੀ ਹੀ ਸੋਝੀ ਆਈ ਕਿ ਜੰਗਲ ਜੰਗਲ ਕਿਆ ਭਵਹਿ।

ਗੁਰੂ ਨਾਨਕ ਸਾਹਿਬ ਦਾ ਫ਼ਰਮਾਨ ਹੈ :

ਕਿਆ ਭਵੀਐ, ਸਚ ਸੂਚਾ ਹੋਇ।

ਸੁੱਚਾ ਤਾਂ ਸੱਚ ਨੇ ਕਰਨਾ ਹੈ। ਜਿਸ ਦੀ ਭਾਲ ਲਈ ਨਿਕਲਿਆ ਹੈਂ, ਉਹ ਤਾਂ ਹਿਰਦੇ ਵਿਚ ਹੈ। ਸਾਧ ਸੰਗਤ ਰਾਹੀਂ ਹੀ ਪ੍ਰਗਟ ਹੋਣਾ ਹੈ। ਦੇਵ ਨੇਤ ਉਨ੍ਹਾ ਦੇ ਨਗਰ ਭਾਈ ਸੇਵਾ ਰਾਮ ਜੀ ਆਏ। ਉਨ੍ਹਾਂ ਦੇ ਦੀਦਾਰ ਕਰ ਹੀ ਮਨ ਨੂੰ ਧੀਰਜ ਆਇਆ। ਭਾਈ ਸੇਵਾ ਰਾਮ ਜੀ ਨੇ ਵੀ ਪਹਿਲੀ ਨਜ਼ਰੇ ਹੀ ਦੇਖ ਲਿਆ ਕਿ ਉਹ ਉਨ੍ਹਾਂ ਵਿਚ ਇਕ ਵਿਰਲਾ ਹੈ ਜੋ ਖ਼ਾਹਿਸ਼ਾਂ ਤੋਂ ਉਤਾਂਹ ਹੋਣਾ ਲੋੜਦਾ ਹੈ।

ਭਾਈ ਸੰਤੋਖ ਜੀ ਨੇ ਸ਼ਰਧਾ ਨਾਲ ਸੇਵਾ ਕੀਤੀ ਤੇ ਇਕ ਦਿਨ ਮੌਕਾ ਪਾ ਕੇ ਬੇਨਤੀ ਕੀਤੀ ਕਿ ਐਸਾ ਰਾਹ ਦੱਸੋ ਕਿ ਸ਼ਾਂਤੀ ਪ੍ਰਾਪਤ ਹੋਵੇ। ਭਾਈ ਜੀ ਨੇ ਕਿਹਾ ਕਿ ਗੁਰਮਤਿ ਦਾ ਸਾਰ ਤੇ ਸਿੱਖਿਆ ਸੇਵਾ ਹੀ ਹੈ।





www.punjabilibrary.com

ਸਭ ਕੀ ਸੇਵਾ ਕੀਜੀਐ
ਯਹੀ ਸੰਤ ਹੈ ਸਾਰ।

ਜਦ ਭਾਈ ਸੰਤੋਖ ਜੀ ਨੇ ਨਾਲ ਹੀ ਤੁਰਨ ਦੀ ਇੱਛਾ ਪ੍ਰਗਟ ਕੀਤੀ ਤਾਂ ਬੜੀ ਗੂਹੜੀ ਗੱਲ ਭਾਈ ਸੇਵਾ ਰਾਮ ਨੇ ਕਹੀ :

ਘਰ ਮਹਿ ਉਸ ਨੂੰ ਪਾਓ।
ਭੇਖ ਧਾਰਨੇ ਮੈ ਕਿਆ ਹੈ।
ਯਹਿ ਤੋਂ ਤੂੜੀ ਕੇ ਗਾਹਨ ਵਤ
ਵਿਅਰਥ ਜਤਨ ਹੈ।

ਆਪ ਨੇ ਨੇਮ ਹੀ ਬਣਾ ਲਿਆ ਕਿ ਕੋਈ ਭੁੱਖਾ ਨਗਰ ਵਿਚ ਨਾ ਸੌਂਵੇਂ। ਇਥੋਂ ਤੱਕ ਸੇਵਾ ਵਿਚ ਲੱਗੇ ਕਿ ਆਪਣੇ ਕਰਮ-ਚਾਰੀਆਂ ਤੇ ਮਜ਼ਦੂਰਾਂ ਤੱਕ ਨੂੰ ਹੱਥੀਂ ਪ੍ਰਸ਼ਾਦ ਛਕਾਂਦੇ। ਇਕ ਵਾਰੀ ਜਦ ਉਨ੍ਹਾਂ ਦੀ ਲੂਣ ਨਾਲ ਭਰੀ ਬੇੜੀ ਨਦੀ ਵਿਚ ਡੁਬ ਗਈ ਤੇ ਕੱਢਣ ਲਈ ਮਜ਼ਦੂਰ ਲੈ ਕੇ ਗਏ ਤਾਂ ਨਦੀ ਤੱਕ ਪੁੱਜਦੇ ਪੁੱਜਦੇ ਲੰਗਰ ਪਾਉਣ ਦਾ ਸਮਾਂ ਆਇਆ। ਕਹਿਣ ਲੱਗੇ ਪਹਿਲਾਂ ਪ੍ਰਸ਼ਾਦਿ ਪਾਵੋ ਫਿਰ ਲੂਣ ਦੀਆਂ ਖਿੱਟੀਆਂ ਕੱਢਣਾ। ਜੋ ਮੇਰੀ ਪ੍ਰਾਲਬਧ ਹੈ ਮੈਨੂੰ ਮਿਲ ਜਾਵੇਗਾ ਤੁਸੀਂ ਭੁੱਖੇ ਕਿਉਂ ਰਵੋ।

ਕਿਤਨਾ ਹਰਖ ਸੋਗ ਤੇ ਅਤੀਤ ਰਹਿੰਦੇ ਸਨ ਉਸ ਦਾ ਪ੍ਰਮਾਣ ਭਾਈ ਅੱਡਣ ਜੀ ਦੇ ਭੇਜੇ ਇਕ ਸਿੱਖ ਨੇ ਅੱਖੀਂ ਡਿੱਠਾ। ਉਸ ਪੁੱਛਿਆ ਕਿ ਐਸਾ ਕੋਈ ਹੈ ਜੋ ਹਰਖਸੋਗ ਸਮਾਨ ਰਵੇ। ਭਾਈ ਅੱਡਣ ਜੀ ਨੇ ਖਾਹੀ ਪਿੰਡ ਭਾਈ ਸੰਤੋਖ ਜੀ ਪਾਸ ਭੇਜਿਆ। ਉਨ੍ਹਾਂ ਡਿੱਠਾ ਕਿ ਵਪਾਰ ਦਾ ਲੈਣ ਦੇਣ ਭਾਈ ਸੰਤੋਖ ਜੀ ਦਾ ਇਤਨਾ ਹੈ ਕਿ ਧੂਮ ਧਾਮ ਲੱਗੀ ਹੋਈ ਹੈ।

ਉਹ ਤੱਕ ਹੈਰਾਨ ਹੋਇਆ ਕਿ ਇਹ ਧੇਲੇ ਧੇਲੇ ਦਾ ਹਿਸਾਬ ਰੱਖਣ ਵਾਲਾ ਹਰਖ ਸੋਗ ਤੋਂ ਉਤਾਂਹ ਨਹੀਂ ਹੋ ਸਕਦਾ ਪਰ ਉਹ ਬੈਠੇ ਭਾਈ ਸੰਤੋਖ ਦਾ ਵਿਹਾਰ ਤੱਕਦੇ ਰਹੇ ਕਿ ਕਿਸੇ ਮੇਵੜੇ ਆ ਖ਼ਬਰ ਦਿੱਤੀ ਕਿ ਤੁਹਾਡੀ ਲੂਣ ਦੀ ਬੇੜੀ ਜੋ ਦੱਖਣ ਤੋਂ ਚੱਲੀ ਸੀ ਡੁੱਬ ਗਈ ਹੈ। ਆਪ ਉਸੇ ਰੰਗ ਵਿਚ ਰਹੇ। ਚਿਹਰੇ ਦੀ ਛਬਿ ਵੀ ਨਾ ਬਦਲੀ। ਕੁਝ ਸਮੇਂ ਬਾਅਦ ਉਹ ਹੀ ਸੱਜਣ ਦੌੜਦਾ ਆਇਆ ਤੇ ਕਿਹਾ ਕਿ ਖ਼ਬਰ ਗ਼ਲਤ ਹੈ। ਉਹ ਬੇੜੀ ਕਿਸੇ ਹੋਰ ਦੀ ਸੀ ਤਾਂ ਵੀ ਆਪ ਜੀ ਉਸੇ ਉਤਸ਼ਾਹ ਵਿਚ ਰਹੇ। ਭਾਈ ਅੱਡਣ ਸ਼ਾਹ ਵਲੋਂ ਭੇਜਿਆ ਪੁਰਖ ਇਕੋ ਅਵਸਥਾ ਵਿਚ ਭਾਈ ਸੰਤੋਖ ਜੀ ਨੂੰ ਵਿਚਰਦਾ ਦੇਖ ਅੱਗੇ ਆਇਆ, ਨਮਸਕਾਰ ਕੀਤੀ ਤੇ ਪੁੱਛ ਬੈਠਾ :

ਜਦ ਤੁਸਾਂ ਬੇੜੀ ਡੁੱਬੀ ਸੁਣੀ ਤਾਂ ਵੀ ਉਤਸ਼ਾਹ ਵਿਚ ਕੋਈ ਕਮੀ ਨਾਂਹ ਆਈ ਤੇ ਜਦ ਸੁਣੀ ਕਿ ਨਹੀਂ ਡੁੱਬੀ ਤਾਂ ਵੀ ਪ੍ਰਸੰਨ


www.punjabilibrary.com

ਰਹੇ। ਇਹ ਕਿਸ ਵਿਚਾਰ ਕਰ ਕੇ। ਇਸ ਅਵਸਥਾ ਨੂੰ ਕਿਵੇਂ ਪਹੁੰਚੇ। ਆਪ ਜੀ ਨੇ ਕਿਹਾ :

**'ਪਦਾਰਥਾਂ ਦਾ ਸੁਭਾਅ ਗੁਰੂ ਜੀ ਨੇ ਸਮਝਾ ਦਿੱਤਾ ਹੈ। ਇਹ ਤਾਂ ਕਦੀ ਆਂਵਦੇ ਹਨ ਕਦੇ ਜਾਂਵਦੇ ਹਨ। ਵਿਅਰਥ ਕਾਹੇ ਕੋ ਹਰਖ ਸੋਗ ਕਰਨਾ।**

**ਆਪਣਾ ਸੁਭਾਅ ਨਾ ਅਗਨ ਛੱਡਦੀ ਹੈ, ਨਾ ਜਲ ਤੇ ਨ ਵਾਯੂ, ਨਾ ਆਕਾਸ਼।** ਜਿਵੇਂ ਮਾਇਆ ਦਾ ਆਪਣਾ ਸੁਭਾਅ ਹੈ ਇਕ ਰਸ ਸਦਾ ਨਹੀਂ ਰਹਿੰਦੀ ਤਾਂ ਤੇ ਚਿੰਤਾ ਕਰਨੀ ਮੂਰਖਤਾ ਹੈ। ਹੋਰ ਸੁਪਨੇ ਵਿਚ ਕਿਤਨੇ ਹੀ ਪਦਾਰਥ ਆਂਦੇ ਜਾਂਦੇ ਰਹਿੰਦੇ ਹਨ, ਕਿਸ ਕਿਸ ਦਾ ਹਰਖ ਸੋਗ ਕਰੀਏ। ਤਿਵੇਂ ਹੀ ਪਦਾਰਥਾਂ ਦਾ ਸੁਭਾਅ ਜਾਣਦੇ ਹਾਂ। ਸਭ ਸੁਪਨੇ ਨਿਆਈਂ ਹੈ।'

ਜੁਰਅਤ ਵਾਲੇ ਇਤਨੇ ਸਨ ਕਿ ਜਦ ਪਠਾਣਾਂ ਨੇ ਇਲਾਕੇ ਤੇ ਕਬਜ਼ਾ ਕੀਤਾ ਤਾਂ ਗ਼ੁਲਾਮੀ ਵਿਚ ਦਿਨ ਕੱਟਣ ਦੀ ਥਾਂ ਅੱਗੇ ਵਧ ਸ਼ਹੀਦੀ ਪਾਈ। ਸਰੀਰ ਦਾ ਮੋਹ ਤੱਕ ਨਾ ਕੀਤਾ। □


www.punjabilibrary.com

## ਭਾਈ ਦੁਖ ਭੰਜਨ ਜੀ

ਸੇਵਾ ਪੰਥੀਆਂ ਦੀ ਮਾਲਾ ਦਾ ਹਰ ਮਣਕਾ ਸਚਮੁੱਚ ਹੀ ਰਤਨ ਹੈ ।

ਗੁਰੂ ਅਮਰਦਾਸ ਜੀ ਨੇ ਡੱਲਾ ਪਿੰਡ ਨੂੰ ਰਤਨਾਂ ਦੀ ਖਾਣ ਆਖ ਕੇ ਨਿਵਾਜਿਆ ਸੀ ਕਿਉਂਕਿ ਇਕੋ ਡੱਲਾ ਐਸਾ ਪਿੰਡ ਸੀ ਜਿਥੇ ੭੨ ਗੁਰਸਿੱਖ ਸਨ ਜਿਨ੍ਹਾਂ ਦੀ ਕਰਣੀ ਕਰ ਸਾਰਾ ਦੁਆਬਾ ਗੁਰੂ ਚਰਨਾਂ ਦਾ ਭੌਰਾ ਬਣਿਆ । ਸੇਵਾ ਪੰਥੀ ਰਤਨਾਂ ਨੇ ਵੀ ਸਾਰੇ ਲਹਿੰਦੇ ਨੂੰ ਸਿੱਖੀ ਦੀ ਸੁਗੰਧੀ ਨਾਲ ਐਸਾ ਭਰਿਆ ਕਿ ਹਰ ਸਿੱਖ ਵਿਚੋਂ ਭਿੰਨੀ ਭਿੰਨੀ ਖ਼ੁਸ਼ਬੂ ਆਉਣ ਲੱਗੀ । ਐਸੇ ਹੀ ਸਨ ਅਨੇਕਾਂ ਵਿਚੋਂ ਇਕ ਭਾਈ ਦੁਖ ਭੰਜਨ ਜੀ ਜਿਨ੍ਹਾਂ ਦੀ ਨਿਮ੍ਰਤਾ, ਹਲੀਮੀ, ਭਗਤੀ ਦੇਖ ਸੁਥਰਿਆਂ ਵਰਗੀ ਕਰੂਰ ਜਮਾਤ ਦਾ ਮੁਖੀ ਚਰਨੀਂ ਆਉਣ ਲੱਗਾ ਸੀ ।

ਭਾਈ ਦੁਖ ਭੰਜਨ ਜੀ ਕਰਤਾਰਪੁਰ (ਰਾਵੀ) ਦੇ ਪਾਵਨ ਅਸਥਾਨ ਦੇ ਦਰਸ਼ਨ ਕਰ ਸੰਗਤਾਂ ਸਮੇਤ ਮੁੜੇ ਸਨ ਕਿ ਰਾਹ ਵਿਚ ਹੀ ਰਾਤ ਆਇ ਪਈ । ਸੁੱਥਰਿਆਂ ਦੀ ਧਰਮਸਾਲ ਨੇੜੇ ਤੱਕ ਰਾਤ ਕੱਟਣ ਦਾ ਮਨ ਬਣਾਇਆ ਹੀ ਸੀ ਕਿ ਡਿਠੋ ਨੇ ਕਿ ਧਰਮਸਾਲੀਆ ਸੁੱਥਰਿਆਂ ਦੀ ਹੀ ਇਕ ਟੋਲੀ ਨੂੰ ਧਰਮਸਾਲ ਵਿਚੋਂ ਧਕੇਲ ਬਾਹਰ ਕੱਢ ਰਿਹਾ ਹੈ । ਭਾਈ ਸਾਹਿਬ ਨੇ ਵੀਚਾਰਿਆ ਕਿ ਆਪਣੇ ਜਮਾਤ ਭਰਾਵਾਂ ਨੂੰ ਤਾਂ ਅੰਦਰ ਪੈਰ ਨਹੀਂ ਧਰਨ ਦੇਂਦਾ ਉਨ੍ਹਾਂ ਨੂੰ ਕਿਵੇਂ ਟਿਕਾਣਾ ਦੇਵੇਗਾ । ਉਸ ਵੇਲੇ ਗੁਰੂ ਨਾਨਕ ਸਾਹਿਬ ਦੇ ਉਹ ਬਚਨ ਯਾਦ ਆਏ ਜੋ ਉਨ੍ਹਾਂ ਰਹੁਤਾਸ ਦੇ ਨੇੜੇ ਬਾਲ ਗੁੰਦਾਈ ਨੂੰ ਕਹੇ ਸਨ ਜਦ ਉਹ ਭਲਕ ਨੂੰ ਖਿਮਾ ਮੰਗਣ ਆਇਆ ਸੀ ਕਿ ਰਾਤ ਡੇਰੇ ਦੇ ਦਰਵਾਜ਼ੇ ਬੰਦ ਹੋ ਜਾਣ ਕਾਰਨ ਆਪ ਜੀ ਨੂੰ ਬਾਹਰ ਬਿਸ੍ਰਾਮ ਕਰਨਾ ਪਿਆ । ਗੁਰੂ ਨਾਨਕ ਦੇਵ ਜੀ ਨੇ ਦਰਵਾਜ਼ਾ ਨਹੀਂ ਸੀ ਖੜਕਾਇਆ ਅਤੇ ਨਾ ਹੀ ਕੋਈ ਗਿਲਾ ਗੁਜ਼ਾਰੀ ਕੀਤੀ ਸੀ । ਮਹਾਰਾਜ ਦੇ ਬਚਨ ਸਨ :

ਜਹਿ ਬੈਠਹਿ ਤਹਿ ਰੈਨ ਬਤਾਵਹਿ ।
ਚਾਹੀਏ ਨਿਤ ਅਤੀਤ ਕੋ ਐਸ਼ੀ ।
ਆਇਆ ਜੋ ਬਨਹਿ ਬਿਤਾਵਹਿ ਤੈਸੀ । (ਸੂਰਜ ਪ੍ਰਕਾਸ਼)

ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ ਫ਼ਰਮਾਇਆ ਸੀ :

"ਜਹੀ ਆਵੈ ਤਹੀ ਗੁਜ਼ਾਰੇ ।"

ਫਿਰ ਸਮਝਾਂਦੇ ਹੋਏ ਕਿਹਾ ਸੀ :

ਹਉ ਵਿਚ ਕੀਤੇ ਕਰਮ ਕੁਝ ਨਾ ਕੁਝ ਨਿਸ਼ਾਨ ਛੱਡ ਜਾਂਦੇ ਹਨ ਜੋ ਪਿਛੋਂ ਪਹਾੜ ਬਣ ਕੇ ਤੰਗ ਕਰਦੇ ਹਨ ।

ਪਾਣੀ ਪਾੜਛੇ ਤੇ ਨਿਸਾਰ ਰਾਹੀਂ ਵਹਿੰਦਾ ਰਹਿੰਦਾ ਹੈ ਪਰ ਬੂਰ ਸਿਵਾਲ ਫਿਰ ਵੀ ਲੱਗ ਜਾਂਦਾ ਹੈ, ਹਉਮੈ ਵਿਚ ਕਰਮ ਨਹੀਂ ਕਰਨਾ । ਨਿਮ੍ਰਤਾ ਵਿਚ ਕਰਨਾ ਹੈ ।

ਇਹ ਵਿਚਾਰ ਕਰ ਭਾਈ ਦੁਖ ਭੰਜਨ ਜੀ ਨੇ ਵੀ ਬਾਹਰ ਹੀ ਆਸਣ ਲਗਾ ਲਿਆ । ਕੀਰਤਨ ਕਰਨ ਲੱਗ ਪਏ। ਸੰਗਤਾਂ ਨੂੰ ਕਿਹਾ ਜੋ ਪਾਸ ਚਾਬ ਚਬੈਨੀ ਹੈ, ਛਕ ਲਵੋ ।

ਇਨ੍ਹਾਂ ਦੀ ਸੰਤੁਸ਼ਟਤਾ, ਸੁਹਿਰਦਤਾ ਤੇ ਨਿਮ੍ਰਤਾ ਦੇਖ ਡੇਰੇ ਦਾ ਮਾਲਕ ਚਰਨੀਂ ਆਇ ਢੱਠਾ ਤੇ ਭਾਈ ਸਾਹਿਬ ਦਾ ਆਸਣ ਆਪਣੇ ਨਿੱਜੀ ਕਮਰੇ ਲਗਵਾਇਆ । ਸਭ ਨੂੰ ਲੰਗਰ ਤਿਆਰ ਕਰ ਪ੍ਰਸ਼ਾਦਿ ਛਕਾਇਆ ਤੇ ਜਦ ਅਗਲੇ ਦਿਨ ਭਾਈ ਸਾਹਿਬ ਸਫ਼ਰ ਤੇ ਤਿਆਰ ਹੋਏ ਤਾਂ ਹੱਥ ਜੋੜ ਹੋਰ ਟਿਕਣ ਲਈ ਬੇਨਤੀ ਕੀਤੀ । ਭਾਈ ਸਾਹਿਬ ਨੇ ਮਜਬੂਰੀ ਦੱਸੀ ਕਿ ਉਨ੍ਹਾਂ ਦਾ ਅੰਮ੍ਰਿਤਸਰ ਪੁੱਜਣਾ ਜ਼ਰੂਰੀ ਹੈ ।

ਭਾਈ ਦੁਖ ਭੰਜਨ ਜੀ ਜਿਥੇ ਵੀ, ਭਾਵੇਂ ਖ਼ੁਸ਼ਾਬ, ਭਾਵੇਂ ਭੇਹਰੇ, ਭਾਵੇਂ ਨੂਰਪੁਰ, ਭਾਵੇਂ ਸਾਹੀਵਾਲ, ਕੋਟ ਈਸੇ ਸ਼ਾਹ, ਮੂਸੇ ਕੇ, ਸਹੁਦਰੇ ਹੋਣ 'ਦਿਨ ਚਰਯਾ' ਇਹ ਹੀ ਰੱਖੀ ਕਿ ਅੰਮ੍ਰਿਤ ਵੇਲੇ ਉਠਣਾ ਅਤੇ ਸੌਚ ਆਦਿ ਤੋਂ ਵਿਹਲੇ ਹੋ ਕੇ ਨਿਤਨੇਮ ਕਰ ਕੇ ਚਰਨ ਕੰਵਲ ਦੀ ਚੌਕੀ ਲਗਾਉਣ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਜ਼ਰੂਰ ਧਰਮਸਾਲ ਸੁਣਨ ਜਾਣਾ । ਜਿਥੇ ਆਸਾ ਦੀ ਵਾਰ ਦਾ ਕੀਰਤਨ ਕਰਨ ਦਾ ਪ੍ਰਬੰਧ ਨਾ ਹੋਵੇ ਉਥੇ ਸੰਗਤਾਂ ਨੂੰ ਪ੍ਰੇਰਨਾ ਕਿ ਆਸਾ ਦੀ ਵਾਰ ਜ਼ਰੂਰ ਲਗਾਓ ਕਿਉਂਕਿ ਮਾਣਸ ਤੋਂ ਦੇਵਤਾ ਤੇ ਫਿਰ ਸੇਵਕ ਬਣਨ ਦੀ ਜਾਚ ਆਸਾ ਦੀ ਵਾਰ ਨੇ ਹੀ ਸਿਖਾਉਣੀ ਹੈ ਤੇ ਪਖੰਡਾਂ ਤੋਂ ਉੱਚਾ ਉਠਣ ਦਾ ਵੱਲ ਆਸਾ ਦੀ ਵਾਰ ਵਿਚ ਹੈ ।

ਸਾਹੀਵਾਲ ਦੇ ਹੀ ਗੁਰਦੁਆਰਾ ਸਾਹਿਬ ਡਿੱਠਾ ਕਿ ਆਸਾ




www.punjabilibrary.com

ਦੀ ਵਾਰ ਦਾ ਕੀਰਤਨ ਨਹੀਂ ਹੁੰਦਾ ਤਾਂ ਆਪ ਪ੍ਰੀਤਮ ਕੇ ਬੇਟੇ ਭਾਈ ਆਇਆ ਰਾਮ ਢੀਂਗਰਾ ਨੂੰ ਕਿਹਾ ਕਿ ਤੇਰੇ ਪਾਸ ਗੁਰੂ ਦਾ ਦਿੱਤਾ ਸੱਭ ਕੁਝ ਹੈ, ਤੂੰ ਇਕ ਰਾਗੀ ਦਾ ਖ਼ਰਚਾ ਉਠਾ ਲੈ ਤਾਂ ਕਿ ਆਸਾ ਦੀ ਵਾਰ ਦਾ ਕੀਰਤਨ ਜ਼ਰੂਰ ਹੋਵੇ। ਐਸੀ ਮਰਯਾਦਾ ਠਹਿਰੀ ਕਿ ਸਾਹੀਵਾਲ ਗੁਰਦੁਆਰੇ ਕੀਰਤਨ ਦੀ ਝੜੀ ਲੱਗੀ।

ਆਸਾ ਦੀ ਵਾਰ ਉਪਰੰਤ ਕਥਾ ਹੁੰਦੀ। ਦਿਹਾੜੀ ਸੰਗਤਾਂ ਨੂੰ ਹੱਥੀਂ ਸੇਵਾ ਕਰਨ ਲਈ ਪ੍ਰੇਰਦੇ। ਕੱਚੀਆਂ ਧਰਮਸ਼ਾਲਾ ਪੱਕੀਆਂ ਕਰਵਾਂਦੇ। ਨਵੇਂ ਖੂਹ ਲਵਾਂਦੇ। ਸਰਾਵਾਂ ਬਣਾਂਦੇ ਤੇ ਤਲਾਬ ਖੁਦਵਾਂਦੇ।

ਜੇ ਕੋਈ ਆਇ ਕੇ ਰਕਮ ਭੇਟ ਕਰਦਾ ਤਾਂ ਬੜੀ ਨਿਮ੍ਰਤਾ ਸਹਿਤ ਕਹਿੰਦੇ :

> ਦੇਖੋ ਭਾਈ ! ਉਹ ਤਾਂ ਸਿਰ ਦਾ ਭਾਰ ਸੁੱਟ ਗਿਆ। ਅਸੀਂ ਵੀ ਭਾਰ ਉਤਾਰ ਆਈਏ, ਧਰਮਸਾਲ ਬਣਾ ਕੇ ਜਾਂ ਖੂਹ ਪੁਟਵਾ ਕੇ।

ਇਕ ਇਹਤਿਆਤ ਜ਼ਰੂਰ ਵਰਤਦੇ ਕਿ ਉਸਾਰੀ ਵੇਲੇ ਪੁਰਾਤਨ ਥਾਵਾਂ ਦੀ ਪਵਿੱਤਰਤਾ ਭੰਗ ਨਾ ਹੋਣ ਦੇਂਦੇ। ਕਾਰ ਸੇਵਾ ਨਿਭਾਉਣ ਵਾਲੇ ਸੰਤ, ਮਹਾਤਮਾਵਾਂ, ਸੇਵਾਦਾਰਾਂ ਨੂੰ ਭਾਈ ਦੁਖ ਭੰਜਨ ਜੀ ਦੇ ਆਖੇ ਸ਼ਬਦ ਯਾਦ ਰੱਖਣੇ ਚਾਹੀਦੇ ਹਨ ਜੋ ਉਨ੍ਹਾਂ ਨੂਰਪੁਰ ਦੀ ਧਰਮਸਾਲ ਬਨਾਉਣ ਵੇਲੇ ਕਹੇ ਸਨ। ਭਾਈ ਸਾਹਿਬ ਨੇ ਕਿਹਾ ਸੀ : **ਥਾਂ ਵੱਖਰੀ, ਉੱਚੀ ਤੇ ਹੋਰ ਨਵੇਕਲੀ ਬੇਸ਼ਕ ਬਣਾ ਲਵੋ ਪਰ ਸਤਿਪੁਰਖਾਂ ਕੀ ਨੀਂਹ ਰੱਖੀ ਹੋਈ ਹਿਲਾਵਣੀ ਨਹੀਂ।**

ਹੋਰ ਗੁਰਦੁਆਰਾ ਉਸਾਰਨ ਵੇਲੇ ਕਦੇ ਮੱਲ ਮਾਰਨ ਦਾ ਖ਼ਿਆਲ ਤਕ ਚਿੱਤ ਨਾ ਲਿਆਉਣਾ।

ਕਿਹਾ ਕਰਦੇ ਕਿ ਜੇ ਧਰਮਸਾਲ ਉਸਾਰ ਝਗੜੇ ਹੀ ਪਾਉਣੇ ਹਨ ਤਾਂ ਇਸ ਤੁਕ ਦਾ ਕੀ ਅਰਥ ਹੈ :

> 'ਜਹਿ ਹਰਿ ਸਿਮਰਨ ਭਇਆ
> ਤਹ ਉਪਾਧਿ ਗਤਿ ਕੀਨੀ'।

ਝੰਗ ਮੰਘਾਣੇ ਵਿਚਰਦੇ ਪਏ ਸਨ ਕਿ ਵਿਚਾਰ ਉਪਜਿਆ ਕਿ ਧਰਮਸਾਲ ਦੀ ਬਾਰਾਂਦਰੀ ਉਸਾਰੀਏ। ਵਿਚ ਥਾਂ ਕਿਸੇ ਉਦਾਸੀ ਸਾਧ ਦੀ ਪੈਂਦੀ ਸੀ। ਸਾਧੂ ਨੂੰ ਸੰਸਾ ਹੋਇਆ ਕਿਤੇ ਬਣਾ ਕੇ ਥਾਂ ਤੇ ਕਬਜ਼ਾ ਹੀ ਨਾ ਕਰ ਲੈਣ ਤਾਂ ਭਾਈ ਦੁਖਭੰਜਨ ਜੀ ਆਪੂੰ ਟੁਰ ਕੇ ਉਸ ਪਾਸ ਗਏ ਤੇ ਕਿਹਾ : ਸੰਤ ਜੀ ਸਾਡੀ ਤਾਂ ਟਹਿਲ ਕੀ


www.punjabilibrary.com

ਭਾਵਨੀ ਹੈ ਕਿ ਗੁਰਦੁਆਰੇ ਦੀ ਟਹਿਲ ਕਰੀਏ। ਤੁਹਾਡੇ ਚਿਤ ਸੰਸਾ ਹੈ ਤਾਂ ਲਿਖਵਾਇ ਲਈਏ ਸਾਡਾ ਕੋਈ ਵਾਸਤਾ ਨਹੀਂ। ਉਦਾਸੀ ਨੇ ਵੀ ਬਚਨ ਹੁੰਦੇ ਹੀ ਜਾਣ ਲਿਆ ਕਿ ਮਮਤਾ ਰਹਿਤ ਮਹਾਤਮਾ ਹੈ।

ਸ਼ਾਮ ਨੂੰ ਵੀ ਕਥਾ ਜ਼ਰੂਰ ਕਰਦੇ। ਪਾਰਸ ਭਾਗ ਦੀ ਵੀਚਾਰ ਹੋਣ ਲੱਗ ਪਈ ਸੀ। ਭਾਈ ਮੰਗੂ ਨਾਂ ਦਾ ਵਿਦਵਾਨ ਕਥਾ ਕਰਦਾ ਸੀ। ਮੰਗੂ ਜੀ ਉਤਮ ਗੁਣਾਂ ਦੇ ਮੰਦਰ ਸਨ। ਉਦਾਰ ਆਤਮਾ ਸੀ। ਨਿਰਚਾਹੀ ਸਨ। ਭਾਈ ਮੰਗੂ ਨੇ ਤ੍ਰਿਸ਼ਨਾ ਤੇ ਕਾਬੂ ਪਾਇਆ ਹੋਇਆ ਸੀ। ਬੜੇ ਹਲੀਮ ਹੋ ਕੇ ਕਥਾ ਕਰਦੇ। ਜੋ ੧੪ ਗੁਣ ਗੁਰੂ ਹਰਿਗੋਬਿੰਦ ਜੀ ਨੇ ਕਥਾ ਵਾਚਕ ਦੇ ਕਹੇ ਸਨ, ਸਾਰਿਆਂ ਦੇ ਉਹ ਧਾਰਣੀ ਸਨ।

ਭਾਈ ਮੰਗੂ ਕੋਲੋਂ ਹੀ ਭਾਈ ਰਾਮ ਦਿਆਲ ਲਖ ਬਾਹੀਆ ਨੇ ਕਥਾ ਸਿੱਖੀ ਸੀ। ਇਹ ਸੇਵਾ ਪਿਛੋਂ ਭਾਈ ਗਾਹਨੂ ਜੀ ਨੇ ਸੰਭਾਲ ਲਈ ਸੀ।

ਸਾਧੂ ਭਾਈ ਬਲੂ ਜੀ ਵੀ ਸਦਾ ਆਪ ਜੀ ਨਾਲ ਰਹਿੰਦੇ ਸਨ। ਬਲੂ ਜੀ ਸੇਵਾ ਕਰਦਿਆਂ ਕਦੇ ਥੱਕਦੇ ਅੱਕਦੇ ਨਹੀਂ ਸਨ। ਤੰਦੂਰ ਤਕ ਆਪ ਲਗਾ, ਪ੍ਰਸ਼ਾਦੇ ਪਕਾਂਦੇ। ਭਾਈ ਆਡੂ ਜੀ ਚੱਕੀ ਪੀਸ ਆਟਾ ਲੰਗਰ ਲਈ ਲਿਆਂਦੇ। ਐਸੇ ਹੀ ਇਕ ਹੋਰ ਸਨ ਭਾਈ ਕਿਰਪਾ ਰਾਮ ਜੋ ਆਏ ਗਏ ਦੀ ਦੇਖਭਾਲ ਦਿਲੋਂ ਕਰਦੇ। ਭਾਈ ਗੁਰਦਿਆਲ, ਭਾਈ ਲਛਮਣ ਤੇ ਭਾਈ ਚਾਨਣ ਸਿੰਘ ਵਰਗੇ ਪ੍ਰਸਿੱਧ ਰਾਗੀ ਵੀ ਸਦਾ ਸਾਥ ਰੱਖਦੇ ਪਰ ਮਜ਼ਾਲ ਕੀ ਕਿਸੇ ਨੇ ਮੁੰਜ ਦੀ ਕਿਰਤ ਛੱਡੀ ਹੋਵੇ ਜਾਂ ਕਿਸੇ ਹੰਕਾਰ ਕੀਤਾ ਹੋਵੇ।

ਭਾਈ ਜੀ ਦਾ ਪਰਤਾਪ ਇਤਨਾ ਸੀ ਕਿ ਕੱਟੜ ਖਿਆਲੀਏ ਬਿਪਰ ਵੀ ਸਿੱਖੀ ਦੇ ਦਾਇਰੇ ਵਿਚ ਆਏ। ਇਕ ਅਜਿਹਾ ਹੀ ਬਿਪਰ ਜੋ ਸਿੱਖਾਂ ਨੂੰ ਸਦਾ ਨਰਕੀ ਕਹਿੰਦਾ ਸੀ ਗੁਰੂ ਦਾ ਸੇਵਕ ਹੋਇਆ ਪਰ ਜਦ ਵੀ ਉਸ ਨੂੰ ਸਮਾਂ ਮਿਲਦਾ ਹੁਣ ਪਾਠ ਸੁਣੇ, ਸੇਵਾ ਕਰੇ ਤੇ ਸੰਗਤ ਕਰੇ। ਕਿਸੇ ਉਸ ਬਿਪਰ ਕੋਲੋਂ ਪੁੱਛਿਆ ਕਿ ਤੇਰੇ ਵਿਚ ਇਤਨੀ ਤਬਦੀਲੀ ਕਿਵੇਂ ਆਈ ਤਾਂ ਉਸ ਦੱਸਿਆ ਕਿ ਮੈਂ ਇਕ ਦਫ਼ਾ ਮਰਨ ਕੰਢੇ, ਮਰਨ ਸੇਜਾ ਤੇ ਪਿਆ ਸਾਂ ਕਿ ਅੱਖੀਂ ਮੀਟ ਪਵਾਰ ਗਿਆ। ਜਮਦੂਤ ਬੰਨ੍ਹ ਕੇ ਮੈਨੂੰ ਲੈ ਚੱਲੇ ਤਾਂ ਮੈਂ ਦੂਰੋਂ ਡਿੱਠਾ ਕਿ ਕੇਸਰੀ ਨਿਸ਼ਾਨ ਝੂਲ ਰਿਹਾ ਹੈ। ਦੀਵਾਨ ਦੀ ਸਮਾਪਤੀ ਹੋਈ ਹੈ। ਗੁਰੂ ਹਰਿਗੋਬਿੰਦ ਜੀ ਅਜੇ ਤੱਖ਼ਤ ਤੇ ਬਿਰਾਜਮਾਨ ਹਨ। ਮੇਰੇ ਹੀ ਪਿੰਡ ਦਾ ਭਾਈ ਪ੍ਰੀਤਮ ਸਿੰਘ ਚੌਰ ਕਰ ਰਿਹਾ ਹੈ ਅਤੇ ਜੀਵਨ ਸੰਗਤ ਵਿਚ ਪ੍ਰਸ਼ਾਦਿ ਵਰਤਾ ਰਿਹਾ ਹੈ।



 www.punjabilibrary.com

ਭਾਈ ਪ੍ਰੀਤਮ ਸਿੰਘ ਨੇ ਜਦ ਮੇਰੀ ਜਮਾਂ ਹੱਥੋਂ ਦੁਰਗਤੀ ਹੁੰਦੀ ਦੇਖੀ ਤਾਂ ਚੌਰ ਦੂਜੇ ਸਿੱਖ ਨੂੰ ਪਕੜਾ, ਵਾਜ ਮਾਰ ਜੀਵਨ ਸਿੰਘ ਨੂੰ ਕਿਹਾ : ਦੇਖੇਂ ਨਾ, ਸਾਡੇ ਪਿੰਡ ਦੇ ਬ੍ਰਾਹਮਣ ਨੂੰ ਜਮਦੂਤ ਪਕੜੀ ਲਈ ਜਾਂਦੇ ਹਨ। ਇਹ ਸੁਣ ਜੀਵਨ ਸਿੰਘ ਜਮਦੂਤ ਵੱਲ ਲਪਕਿਆ ਤੇ ਛੁੜਵਾ ਮਹਾਰਾਜ ਦੇ ਦਰਬਾਰ ਮੈਨੂੰ ਪੇਸ਼ ਕੀਤਾ ਤੇ ਕਿਹਾ :

> ਮਹਾਰਾਜ ! ਇਸ ਤੇ ਦਇਆ ਦ੍ਰਿਸ਼ਟੀ ਕਰੋ। ਇਸ ਨੇ ਗੁਰੂ ਦੇ ਨਿਸ਼ਾਨ ਸਾਹਿਬ ਦੇ ਦਰਸ਼ਨ ਕੀਤੇ ਹਨ ਤਾਂ ਤੇ ਛੁਡਵਾਉਣਾ ਬਣਦਾ ਹੈ।

ਮੀਰੀ ਪੀਰੀ ਦੇ ਮਾਲਕ ਨੇ ਮੁਖਾਰਬਿੰਦ ਤੋਂ ਕਿਹਾ :

> ਚੰਗੀ ਬਾਤ ਕੀਤੀ ਹੈ। ਇਸ ਕਾ ਸਮਾਂ ਅਜੇ ਹੈ।

ਇਤਨਾ ਸੁਣਦੇ ਹੀ ਮੇਰੀ ਜਾਗ ਖੁਲ੍ਹ ਗਈ। ਮੇਰੇ ਮੂੰਹੋਂ ਵਾਹਿਗੁਰੂ ਵਾਹਿਗੁਰੂ ਨਿਕਲਿਆ। ਮੈਂ ਨੌਂ ਬਰ ਨੌਂ ਹੋ ਗਿਆ।

ਲੋਕੀਂ ਕਹਿਣ ਲੱਗੇ : ਤੂੰ ਤਾਂ ਵਾਹਿਗੁਰੂ ਨੂੰ ਹਾਸੀ ਕਰਦਾ ਸੈਂ। ਹੁਣ ਵਾਹਿਗੁਰੂ ਵਾਹਿਗੁਰੂ ਪਿਆ ਜਪਦਾ ਹੈਂ।

ਮੈਂ ਹੁਣ ਸਭ ਨੂੰ ਕਹਿੰਦਾ ਹਾਂ :

ਜਿਨ੍ਹਾਂ ਦੇ ਪ੍ਰਤਾਪ ਤੇ ਜਮਦੂਤ ਛੱਡ ਜਾਂਦੇ ਹਨ ਅਤੇ ਜੋ ਸਿੱਖ ਆਪਣੇ ਪਿੰਡ ਦੇ ਵਿਰੋਧੀ ਬ੍ਰਾਹਮਣ ਦੀ ਤਕਲੀਫ਼ ਨਹੀਂ ਦੇਖ ਸਕਦੇ ਉਨ੍ਹਾਂ ਤੋਂ ਉੱਤਮ ਕੌਣ ਹੈ। ਸੋ ਹੁਣ ਨੇਮ ਬਣਾਇਆ ਹੈ ਕਿ ਜਦ ਤਕ ਗੁਰੂ ਗਰੰਥ ਸਾਹਿਬ ਦਾ ਪਾਠ ਹੋਵੇ, ਸੁਣਦੇ ਰਹਿਣਾ ਹੈ।

ਇਸੇ ਤਰ੍ਹਾਂ ਇਕ ਸਾਧੂ ਨੂੰ ਜੋ ਹੰਕਾਰੀ ਹੋ ਇਹ ਕਹਿੰਦਾ ਫਿਰਦਾ ਸੀ ਕਿ ਉਹ ਪ੍ਰਕ੍ਰਿਤੀਆਂ ਵਾਸ਼ਨਾਵਾਂ ਨੂੰ ਪਨਹੀਂ (ਜੁਤੀਆਂ) ਮਾਰਦਾ ਹੈ, ਸਿੱਧੇ ਰਾਹ ਪਾਇਆ।

ਉਸ ਹੰਕਾਰੀ ਸਾਧੂ ਨੂੰ ਰੋਟੀ ਕੋਈ ਰੋਜ਼ ਸ਼ਰਧਾਵਾਨ ਬਣਾ ਲਿਆ ਦੇਂਦਾ ਸੀ। ਭਾਈ ਦੁਖ ਭੰਜਨ ਜੀ ਨੇ ਉਸ ਸ਼ਰਧਾਵਾਨ ਨੂੰ ਕਿਹਾ ਅੱਜ ਰੋਟੀ ਰਤਾ ਕੁ ਅਵੇਰ ਨਾਲ ਲਿਆਈਂ ਤੇ ਸਲੂਣੇ ਵਿਚ ਲੂਣ ਵੀ ਅਧਿਕ ਪਾਈਂ ਤੇ ਲਿਆਵੀਂ ਉਸ ਵੇਲੇ ਜਦ ਉਹ ਸੰਗਤ ਵਿਚ ਬੈਠਾ ਹੋਵੇ।

ਉਸ ਭਲੇ ਲੋਕ ਨੇ ਇਵੇਂ ਹੀ ਕੀਤਾ। ਹੰਕਾਰੀ ਉਡੀਕ ਉਡੀਕ ਦੀਵਾਨ ਵੱਲ ਚੱਲ ਪਿਆ। ਦੀਵਾਨ ਦੀ ਸਮਾਪਤੀ ਉਪਰੰਤ ਜਦ ਰੋਟੀ ਲੈ ਕੇ ਉਹ ਸੱਜਣ ਆਇਆ ਤਾਂ ਹੰਕਾਰੀ ਸਾਧੂ ਨਿਵੇਕਲੀ ਥਾਂ ਢੂੰਡ ਖਾਣ ਲੱਗਾ ਤਾਂ ਭਾਈ ਸਾਹਿਬ ਨੇ ਕਿਹਾ ਕਿ ਇਥੇ ਸਾਡੇ ਸਾਹਮਣੇ ਹੀ ਛਕ ਲਵੋ। ਜਦ ਪਹਿਲੀ ਗ੍ਰਾਹੀ ਮੂੰਹ


www.punjabilibrary.com

ਵਿਚ ਉਸ ਨੇ ਪਾਈ ਤਾਂ ਲੂਣ ਵੱਧ ਤੇ ਮਿਰਚਾਂ ਲਗਦੇ ਹੀ, ਅਬਹ ਤਬਹ ਬੋਲਣ ਲੱਗਾ। ਰੋਟੀ ਲਿਆਉਣ ਵਾਲੇ ਨੂੰ ਚੰਗਾ ਮਾੜਾ ਵੀ ਕਿਹਾ। ਭਾਈ ਜੀ ਨੇ ਸਮਾਂ ਸੰਭਾਲ ਕਿਹਾ :

> ਰਸਨਾ-ਇੰਦ੍ਰਾ-ਰੂਪੀ ਸੂਰਮਾ ਦੇਖੋ
> ਸਾਧੂ ਨੂੰ ਕਿਵੇਂ ਪਨਹੀਂ ਮਾਰੀ ਜਾਤਾ ਹੈ।

ਫਿਰ ਸਾਧੂ ਨੂੰ ਸੰਬੋਧਨ ਕਰ ਕੇ ਕਿਹਾ : ਕਦੇ ਨ ਡੀਂਗ ਮਾਰੀਏ। ਭਲੇ ਲੋਕਾ ! ਤੂੰ ਤਾਂ ਇਹ ਕਹਿੰਦਾ ਸੈਂ ਕਿ ਮੈਂ ਇੰਦ੍ਰੀਆਂ ਨੂੰ ਜੁੱਤੀ ਮਾਰਦਾ ਹਾਂ ਪਰ ਰਤਾ ਕੁ ਲੂਣ ਵੱਧ ਤੇ ਮਿਰਚ ਤਿੱਖੀ ਤੇ ਰੋਟੀ ਅਵੇਰ ਨਾਲ ਆਈ ਤਾਂ ਤੂੰ ਤਿਲਮਲਾ ਉਠਿਆ। ਹਰ ਸਮੇਂ ਨਿਮ੍ਰਤਾ ਰੱਖੀਏ ਤਾਂ ਕਿ ਇਹ ਬਾਂਦਰ ਕੁੱਦੇ ਹੀ ਨਾਂਹ। ਸਾਧੂ ਨੇ ਸਿਰ ਝੁਕਾਇਆ ਤੇ ਹੱਥੀਂ ਕਿਰਤ ਕਰ ਖਾਣ ਲੱਗਾ।

ਇਕ ਹੋਰ ਸਾਧੂ ਨੂੰ, ਜਿਸ ਨੂੰ ਇਕ ਮਾਈ ਰੋਜ਼ ਪ੍ਰਸ਼ਾਦਾ ਪਕਾ ਪਹੁੰਚਾਂਦੀ ਸੀ ਪਰ ਉਹ ਹਮੇਸ਼ਾ ਆਪਣੇ ਆਪ ਨੂੰ ਸੰਜਮੀ ਜ਼ਾਹਿਰ ਕਰਨ ਲਈ ਇਹ ਕਹਿੰਦਾ ਸੀ : ਹਮਾਰੀ ਤੋ ਕਿਸੀ ਕੋ ਹਲਚਲ ਨਹੀਂ। ਉਸ ਦੀ ਅੰਦਰਲੀ ਹਲਚਲ ਮੁਕਾਉਣ ਲਈ ਭਾਈ ਸਾਹਿਬ ਨੇ ਮਾਈ ਨੂੰ ਕਿਹਾ ਕਿ ਤੂੰ ਇਕ ਦਿਨ ਵਾਂਢੇ ਚਲੀ ਜਾ। ਆਗਿਆ ਮੰਨ ਮਾਈ ਵਾਂਢੇ ਚਲੀ ਗਈ ਤੇ ਸਾਧੂ ਪਹਿਲਾਂ ਤਾਂ ਉਡੀਕਦਾ ਰਿਹਾ ਪਰ ਫਿਰ ਉਸ ਨੇ ਆਪੂੰ ਬੜੀ ਮੁਸ਼ਕਲ ਨਾਲ ਦੋ ਰੋਟੀਆਂ ਪਕਾਈਆਂ। ਸੰਗਤ ਵਿਚ ਜਦ ਦੇਰੀ ਨਾਲ ਆਉਣ ਦਾ ਕਾਰਨ ਭਾਈ ਸਾਹਿਬ ਨੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਪਰਸ਼ਾਦਾ ਨਾਂਹ ਆਉਣ ਕਾਰਨ ਬੜੇ ਯਤਨਾਂ ਨਾਲ ਪਕਾਇਆ ਹੈ। ਭਾਈ ਸਾਹਿਬ ਨੇ ਇਹ ਸੁਣ ਕਿਹਾ :

> ਤੂੰ ਤਾਂ ਕਹਿੰਦਾ ਸੈਂ ਕਿ ਸਾਡੀ ਕਿਸੇ ਕੋ ਹਲਚਲ ਨਹੀਂ।
> ਦੇਖ ਕਿਤਨੀ ਹਲਚਲ ਹੁੰਦੀ ਹੈ ਕਰਣਹਾਰ ਨੂੰ। ਜਦ
> ਸੁਖੈਨ ਮਿਲਦੀ ਹੋਵੇ ਤਾਂ ਨਿਮਰਤਾ ਸਹਿਤ ਰਹੀਏ।

ਨਿਰੀ ਜਮਾਂ ਦੀ ਫਾਹੀ ਜਾਂ ਕਾਮਾਦਿਕ ਦੂਤਾਂ ਤੋਂ ਭਾਈ ਸਾਹਿਬ ਛੁਟਕਾਰਾ ਨਹੀਂ ਸਨ ਦਿਲਵਾਂਦੇ, ਸਗੋਂ ਸਮੇਂ ਦੇ ਜ਼ਾਲਿਮ ਹਾਕਮਾਂ, ਹਮਲਾਵਰਾਂ, ਬੰਦੀਆਂ ਤੇ ਨਗਰ ਵਾਸੀਆਂ ਨੂੰ ਅੱਗੇ ਤੋਂ ਬਚਾਂਦੇ ਸਨ।

ਕਿਸੇ ਨੇ ਜਦ ਦਸਿਆ ਕਿ ਮਹਿੰਗੇਵਾਲ ਕਿਲ੍ਹੇ ਵਿਚ ਬੇਦੋਸ਼ੇ ਸਿੱਖ ਨੂੰ ਬੰਦੀ ਪਾ ਕੇ ਤਸੀਹੇ ਦੇ ਰਹੇ ਹਨ ਤਾਂ ਉਸ ਦਾ ਨਾਂਹ ਸਿਰਫ਼ ਪੱਖ ਪੂਰਿਆ, ਸਗੋਂ ਹੌਸਲਾ ਵਧਾਇਆ ਤੇ ਰਿਹਾਈ ਦਿਲਵਾਣ ਵਿਚ ਸਹਾਈ ਹੋਏ।




www.punjabilibrary.com

ਇਸੇ ਤਰ੍ਹਾਂ ਕਿਸੇ ਖ਼ੱਬਰ ਪੁਚਾਈ ਕਿ ਫ਼ਤੇ ਖ਼ਾਨ ਨਾਂ ਦਾ ਇਕ ਬਲੋਚ ਸਿੱਖ ਨੂੰ ਕੈਦੀ ਬਣਾ ਤੰਗ ਕਰ ਰਿਹਾ ਹੈ। ਆਪ ਜੀ ਨੇ ਉਸ ਬਲੋਚ ਦਾ ਰਾਹ ਜਾ ਨਪਿਆ ਤੇ ਰਤਾ ਪਰਵਾਹ ਨਾ ਕਰਦੇ ਅੱਗੇ ਹੋ ਕੇ ਕਿਹਾ :

ਖ਼ਾਨ ਜੀ ! ਸਿੱਖ ਗ਼ਰੀਬ ਹੈ। ਤਿਸ ਨੂੰ ਛੱਡ ਦਿਓ ।
ਗ਼ਰੀਬ ਤੇ ਮਿਹਰ ਕਰਨੀ ਹੀ ਫੱਬਦੀ ਹੈ, ਨਵਾਬਾਂ ਨੂੰ।

ਫ਼ਤੇ ਖ਼ਾਨ ਨੇ ਜਵਾਨੀ, ਹਕੂਮਤ ਦੇ ਮਧ ਦੇ ਨਸ਼ੇ ਸੁਣੀ ਅਣਸੁਣੀ ਕੀਤੀ ਤਾਂ ਬੰਦੀ ਸਿੱਖ ਨੂੰ ਸੁਨੇਹਾ ਪਹੁੰਚਾਇਆ ਕਿ ਚਟੀ ਨਹੀਂ ਭਰਨੀ। ਵਾਹਿਗੁਰੂ ਦਾ ਸਿਮਰਨ ਕਰਦੇ ਰਵੋ। 'ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ,' ਸੱਚੇ ਪਾਤਸ਼ਾਹ ਦਾ ਫ਼ੁਰਮਾਨ ਹੈ। ਜਿਨ੍ਹਾਂ ਭਗਤਨ ਕਾ ਕਿਹਾ ਨਹੀਂ ਮੰਨਿਆ, ਉਹ ਆਪਣਾ ਕੀਤਾ ਪਾਵੇਗਾ। ਇੰਜ ਹੀ ਹੋਇਆ। ਬਲੋਚ ਨੂੰ ਸਿੰਘਾਂ ਦੇ ਇਕ ਜੱਥੇ ਨੇ ਹਮਲਾ ਕਰ ਕੇ ਮਾਰ ਮੁਕਾਇਆ।

ਸੰਗਤਾਂ ਨੂੰ ਇਹ ਵੀ ਕਿਹਾ ਜਦ ਕੌਮ ਬਿਪਤਾ ਵਿਚ ਹੋਵੇ, ਕੋਈ ਰਾਹ ਨਾ ਦਿਸਦਾ ਹੋਵੇ, ਜ਼ੁਲਮਾਂ ਹਠੋਂ ਨਿਕਲਣ ਦਾ/ਪੁਕਾਰ ਕਰਨ ਦੀ ਜਾਚ ਸਿਖੋ। ਪੁਕਾਰਿਆਂ ਕਲਗੀ ਵਾਲਾ ਬਹੁੜੇਗਾ। ਭਾਈ ਸਾਹਿਬ ਨੇ ਸੰਗਤਾਂ ਨੂੰ ਸਮਝਾਇਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਆਪੂ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਪਾਨ ਕੀਤਾ ਸੀ ਤਾਂ ਜਿਥੇ ਉਨ੍ਹਾਂ ਨੂੰ ਰਹਿਤ ਦਰਸਾਈ ਸੀ ਉਥੇ ਇਹ ਵੀ ਕਿਹਾ ਸੀ :

ਜੋ ਕਹੂੰ ਭੀੜ ਪਵੇ ਗੁਰਸਿਖ ਕੋ
ਤਾਹਿ ਹੋਇ ਸਹਾਇਕ ਜਿਨੈ ਮਨਸਾਰੀ।

ਦਸਮ ਪਿਤਾ ਨੇ ਜੋਤੀ ਜੋਤ ਸਮਾਉਣ ਵੇਲੇ ਖ਼ੁਦ ਫ਼ੁਰਮਾਇਆ ਸੀ ਕਿ ਜਦ ਵੀ ਕਦੇ ਧਰਮ ਯੁੱਧ ਵਿਚ ਪੰਥ ਜੁਟੇਗਾ, ਮੈਂ ਵਿਚ ਸਿਪਾਹੀ ਦੇ ਤੌਰ ਤੇ ਲੜਾਂਗਾ :

**ਪੂਰਨ ਪੁਰਖ ਬਚਨ ਕੀਤਾ ਸੀ**
**ਆਪ ਦਸਵੇਂ ਪਾਤਸ਼ਾਹ।**
**ਪੰਥ ਹੈ ਗੁਰੂ ਕਾ**
**ਮੈ ਆਪ ਰਹਾਂਗਾ, ਪੰਥ ਵਿਚ ਸਿਪਾਹ।**

ਭਾਈ ਦੁਖ ਭੰਜਨ ਦੇ ਹੀ ਸਮਕਾਲੀ ਭਾਈ ਕੇਸਰ ਸਿੰਘ ਛਿਬਰ ਨੇ ਲਿਖਿਆ ਹੈ ਕਿ ਜਦ ਵੀ ਕਿਸੇ ਸ਼ਰਧਾ ਧਾਰ, ਹੋਰ ਪਾਸਿਉਂ ਖ਼ਿਆਲ ਹਟਾ, ਦ੍ਰਿੜ੍ਹ ਵਿਸ਼ਵਾਸ ਨਿਸ਼ਚੇ ਮਨ ਨਾਲ ਪੁਕਾਰਿਆ, ਗੁਰੂ ਨੇ ਬਹੁੜੀ ਕੀਤੀ।

ਕਿਆ ਕਹੀਐ ਸਤਿਗੁਰ ਦੀ ਵਡਿਆਈ।
ਉਹ ਸਦਾ ਹੀ ਪਰਤੱਖ ਹੈ ਹਾਜ਼ਰ ਜਾਨੋ ਭਾਈ।


www.punjabilibrary.com

ਭਾਈ ਸਾਹਿਬ ਨੇ ਨਿਆਜ਼ ਬੇਗ ਪਿੰਡ ਵਿਖੇ ਉਹ ਘਟਨਾ ਵੀ ਸੁਣਾਈ ਜਿਸ ਵਿਚ ਕਲਗੀ ਵਾਲੇ ਨੇ ਆਪੂੰ ਮੀਰ ਮੰਨੂੰ ਦੇ ਸਮੇਂ ਇਕ ਮਾਈ ਨੂੰ ਪਰਤੱਖ ਦਰਸ਼ਨ ਦਿੱਤੇ ਸਨ। ਜਿਸ ਨੂੰ ਤਵਾਰੀਖ਼ੇ ਸਿੱਖਾਂ ਵਿਚ ਮੁਨਸ਼ੀ ਖ਼ੁਸ਼ਵਕਤ ਰਾਇ ਨੇ (ਲਿਖਣ ਦਾ ਸਾਲ ਤਕਰੀਬਨ ਸੰਨ ੧੮੧੧) ਪਿਛੋਂ ਲਿਖਿਆ ਸੀ।

> ਨਿਆਜ਼ ਬੇਗ ਲਾਹੌਰ ਤੋਂ ਦੱਖਣ ਸੱਤ ਕੁ
> ਮੀਲ ਚੁਬੁਰਜੀ ਵਾਲੀ ਪੱਕੀ ਸੜਕ ਤੇ ਨਵੇਂ ਕੋਟ
> ਤੋਂ ਅਗਾਂਹ ਜਾ ਕੇ ਆਉਂਦਾ ਹੈ, ਛੇਵੇਂ ਪਾਤਸ਼ਾਹ
> ਦਾ ਉਥੇ ਗੁਰਦੁਆਰਾ ਵੀ ਹੈ।

ਇਕ ਦਿਨ ਮੀਰ ਮੰਨੂੰ ਨੂੰ ਖ਼ਬਰ ਮਿਲੀ ਕਿ ਨਿਆਜ਼ ਬੇਗ ਪਿੰਡ ਵਿਚ ਕੁਝ ਸਿੰਘ ਲੁੱਕੇ ਹੋਏ ਹਨ। ਉਨ੍ਹਾਂ ਦੀ ਅਲਖ ਮਿਟਾਉਣ ਲਈ ਮੀਰ ਮੰਨੂੰ ਨੇ ਦੋ ਕੁ ਸੌ ਸਵਾਰ ਭੇਜੇ। ਪਿੰਡ ਪੁੱਜ ਸਵਾਰਾਂ ਘਰ ਘਰ ਜਾ ਹਰ ਸ਼ੈ ਆਪਣੇ ਲਈ ਜਾਇਜ਼ ਮਨ ਖੋਹ ਖਿੰਢ ਲਈ। ਇਕ ਨਿਮਾਣੀ ਵਿਧਵਾ ਸਿੰਘਣੀ ਨੇ ਦੁਖੀ ਹਿਰਦੇ ਨਾਲ ਤਰਲਾ ਪਾ ਅਰਦਾਸ ਕੀਤੀ :

> ਹੇ ਦਸਵੇਂ ਪਾਤਸ਼ਾਹ! ਜੇ ਤੂੰ ਸਾਨੂੰ ਛੱਡ ਜਾਣਾ ਸੀ ਤਾਂ ਇਨ੍ਹਾਂ ਲੋਕਾਂ ਨੂੰ ਆਪਣਾ ਸਿੱਖ ਬਣਾ ਕੇ ਕਿਉਂ ਖਰਾਬ ਕਰਨਾ ਸੀ। ਜੇ ਤੂੰ ਸਾਡਾ ਸੱਚਾ ਸਤਿਗੁਰ ਹੈਂ ਤਾਂ ਇਨ੍ਹਾਂ ਅਜ਼ਾਬਾਂ ਤੋਂ ਪੰਥ ਨੂੰ ਛੁਡਾ।

ਕਹਿੰਦੇ ਹਨ ਤਤਕਾਲ ਇਕ ਨੀਲੇ ਬਾਣੇ ਵਾਲਾ ਸਵਾਰ ਹੱਥ ਵਿਚ ਬਰਛਾ ਫੜਿਆ ਹੋਇਆ ਇਨ ਬਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਬੜੀ ਫੁਰਤੀ ਤੇ ਚੌਕਸੀ ਨਾਲ ਅਜ਼ਗੈਬੋਂ ਪ੍ਰਗਟ ਹੋਇਆ। ਉਸ ਅਰਦਾਸ ਕਰਨ ਵਾਲੀ ਸਿੰਘਣੀ ਨੂੰ ਪੁੱਛਿਆ ਕਿ ਤੂੰ ਕੀ ਚਾਹੁੰਦੀ ਹੈਂ :

ਉਸ ਕਿਹਾ : ਗੁਰੂ ਗੋਬਿੰਦ ਸਿੰਘ। ਜੇ ਅੱਜ ਉਹ ਹੁੰਦੇ ਤਾਂ ਇਤਨੇ ਅੱਤਿਆਚਾਰ ਸਾਡੇ ਤਕ ਨਾ ਹੁੰਦੇ। ਉਸ ਨੀਲੇ ਦੇ ਸਵਾਰ ਨੇ ਕਿਹਾ :

**ਮਾਈ ਖਾਤਰ ਜਮਾ ਰਖ। ਉਹ ਜ਼ਰੂਰ ਬਹੁੜੇਗਾ।**

ਉਸ ਸਵਾਰ ਦੀ ਖ਼ਬਰ ਸੁਣ ਕੇ ਨਵਾਬ ਦੇ ਆਦਮੀ ਉਸ ਨੂੰ ਫੜਨ ਦੇ ਇਰਾਦੇ ਨਾਲ ਇਕੱਠੇ ਹੋ ਕੇ ਆਏ ਪਏ। ਭਾਵੇਂ ਉਹ ਸਵਾਰ ਇਕੱਲਾ ਹੀ ਸੀ ਪਰ ਦੁਸ਼ਮਣਾਂ ਦੀਆਂ ਅੱਖੀਆਂ ਨੇ ਉਸ ਦੇ ਨਾਲ ਹਜ਼ਾਰਾਂ ਸਵਾਰਾਂ ਦੀ ਜਮੀਅਤ ਦੇਖੀ। ਥੋੜ੍ਹੇ ਹੀ ਚਿਰ ਨੂੰ ਨਵਾਬ ਦੇ ਸਵਾਰ ਹਾਰ ਕੇ ਉਠ ਨੱਸੇ। ਉਹ ਨੀਲੇ ਦਾ ਸਵਾਰ ਵੀ


www.punjabilibrary.com

ਅਲੋਪ ਹੋ ਗਿਆ। ਕਿਸੇ ਨੂੰ ਪਤਾ ਨਹੀਂ ਕਿਧਰੋਂ ਆਇਆ ਤੇ ਕਿਧਰ ਚਲਾ ਗਿਆ। ਸਿਖਾਂ ਦਾ ਵਿਸ਼ਵਾਸ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਸਨ ਜੋ ਜ਼ਾਲਮਾਂ ਦਾ ਨਾਸ਼ ਕਰਨ ਲਈ ਆਏ ਸਨ।

ਇਸੇ ਤਰ੍ਹਾਂ ਜਦ ਭਾਈ ਦੁਖ ਭੰਜਨ ਜੀ ਨੇ ਸੁਣਿਆ ਕਿ ਅਫ਼ਗਾਨ ਸੰਚੀ ਨਾਮ ਦੇ ਇਕ ਪਠਾਨ ਦੀ ਕਮਾਨ ਹੇਠ ਇਲਾਕੇ ਤੇ ਜ਼ੁਲਮ ਢਾਹ ਰਹੇ ਹਨ ਤੇ ਲੋਕੀਂ ਡਰ ਨੱਸ ਪਹਾੜਾਂ ਤੇ ਜਾ ਚੜ੍ਹੇ ਹਨ ਤਾਂ ਭਾਈ ਸਾਹਿਬ ਨੇ ਤ੍ਰਾਸ ਗ੍ਰਸਤ ਸੰਗਤਾਂ ਨੂੰ ਇਕੱਠਿਆਂ ਕਰ ਭੈ ਵਿਚੋਂ ਕੱਢਣਾ ਚਾਹਿਆ। ਭਾਈ ਸਾਹਿਬ ਨੇ ਕਿਹਾ ਕਿ ਹੋਰ ਕੁਝ ਨਹੀਂ ਕਰ ਸਕਦੇ ਤਾਂ ਰਲ ਕਲਗੀਧਰ ਨੂੰ ਪੁਕਾਰੋ, ਉਹ ਆਪਣੇ ਬਿਰਦ ਬਾਣੇ ਦੀ ਲਾਜ ਰੱਖੇਗਾ। ਜੋ ਤਰਲਾ ਭਾਈ ਸਾਹਿਬ ਨੇ ਪਾਇਆ ਉਸ ਨੂੰ ਰਤਨ ਮਾਲ ਨੇ ਇਸ ਤਰ੍ਹਾਂ ਲਿਖਿਆ ਹੈ :

ਲੱਜਾ ਗਲ ਪਾਈਆਂ ਨੀ ਵੇ, ਸਿੰਘ ਜੀ,
ਅਸਾਂ ਨੂੰ ਛੱਡ ਕੇ ਨਹੀਂ ਜਾਣਾ ਵੇ, ਸਿੰਘ ਜੀ।
ਅਸਾਂ ਵਾਹਿਗੁਰੂ ਦਾ ਮਾਣਾ, ਹੋਰ ਨਹੀਂ ਕੋ ਤਾਣਾ।
ਨੀਲਾ ਘੋੜਾ, ਉੱਤੇ ਜ਼ਰਦ ਪਲਾਣਾ ਵੇ ਸਿੰਘ ਜੀ।
ਜਿਤ ਚੜ੍ਹ ਆਇਆ ਵੇ ਸਿੰਘ ਜੀ
ਮੇਰਾ ਗੋਬਿੰਦ ਸਿੰਘ ਸਰਬ ਸਮਾਣਾ।

ਫਿਰ ਧੁਨੀ ਲਗਾ ਦਿੱਤੀ :

ਅਬ ਕਾਹੇਂ ਢੀਲ ਲਗਾਈ ਹੈ
ਅਬ ਕਾਹੇ ਢੀਲ ਲਗਾਈ ਹੈ

ਇਹ ਤਰਲਾ ਉਸ ਵੇਲੇ ਹੀ ਛੱਡਿਆ ਜਦ ਖ਼ੱਬਰ ਪੁੱਜੀ ਕਿ ਹਮਲਾਵਰ ਪਠਾਣ ਮਾਰਿਆ ਗਿਆ ਹੈ।

ਸੰਗਤਾਂ ਨੂੰ ਨਿਰਭਉ ਕਰਨਾ ਭਾਈ ਜੀ ਆਪਣਾ ਫ਼ਰਜ਼ ਸਮਝਦੇ ਸਨ। ਇਕ ਵਾਰੀ ਭੇਹਰੇ ਹੀ ਕਥਾ ਪਈ ਹੁੰਦੀ ਸੀ ਕਿ ਬਾਰਾਂਦਰੀ ਦੀ ਛੱਤ ਤੋਂ ਸੱਪ ਸੰਗਤ ਵਿਚ ਆ ਗਿਰਿਆ। ਸੰਗਤ ਤਾਂ ਡਰ ਭੱਜ ਉਠੀ ਪਰ ਆਪ ਜੀ ਤੇ ਇਕ ਹੋਰ ਸਿੱਖ ਭਾਈ ਆਤਮਾ ਰਾਮ ਅਡੋਲ ਬੈਠੇ ਰਹੇ। ਸੱਪ ਜਦ ਦੂਰ ਪਰ੍ਹੇ ਹੋ ਗਿਆ ਤੇ ਸੰਗਤ ਫਿਰ ਆਏ ਜੁੜੀ ਤਾਂ ਆਪ ਜੀ ਨੇ ਸਭ ਨੂੰ ਕਿਹਾ :

'ਸਾਧੋ ਇਹ ਤਨ ਮਿਥਿਆ ਜਾਨੋ'। ਗੁਰੂ ਦਾ ਉਪਦੇਸ਼ ਹਿਰਦੇ ਰੱਖੋ। ਭਰੋਸਾ ਤੇ ਧੀਰਜ ਚਾਹੀਏ ਸਾਧ ਨੂੰ।

ਆਪ ਕਰਣੀ ਦੇ ਵੀ ਸੂਰੇ ਸਨ। ਜਦ ਪਿੰਡ ਲਾਗੇ ਹੀ ਇਕ ਸਿੱਖ ਨੂੰ ਸ਼ੇਰ ਨੇ ਘੇਰ ਲਿਆ ਤਾਂ ਆਪ ਜੀ ਉਸ ਦੀ ਪੁਕਾਰ ਸੁਣ



 www.punjabilibrary.com

ਕੇ ਆਪੂੰ ਸ਼ੇਰ ਦੇ ਟਾਕਰੇ ਜਾ ਖਲੋਤੇ। ਲਾਠੀ ਨਾਲ ਹੀ ਸ਼ੇਰ ਦਾ ਸ਼ਿਕਾਰ ਕਰ ਦਿੱਤਾ। ਫਿਰ ਕਿਸੇ ਨੂੰ ਜਤਲਾਇਆ ਤੁਕ ਨਾਂਹ।

ਹੋਰ ਨਿਰਭੈਤਾ ਇਹ ਸੀ ਕਿ ਕਿਸੇ ਰਾਜ, ਰਾਜੇ ਹੁਕਮਰਾਨ ਦੀ ਰਤਾ ਭਰ ਵੀ ਪ੍ਰਵਾਹ ਨ ਕਰਦੇ।

ਮਹਾਰਾਜਾ ਰਣਜੀਤ ਸਿੰਘ ਜਦ ਆਪ ਜੀ ਦੇ ਦਰਸ਼ਨਾਂ ਨੂੰ ਭੇਹਰੇ ਆਇਆ ਤਾਂ ਉਸ ਕੋਲੋਂ ਪਹਿਲੀ ਗੱਲ ਇਹ ਹੀ ਪੁੱਛੀ ਕਿ ਜਪੁਜੀ ਕੰਠ ਹੈ ਜਾਂ ਨਹੀਂ। ਜਦ ਮਹਾਰਾਜਾ ਚੁੱਪ ਹੋ ਗਿਆ ਤਾਂ ਆਪ ਜੀ ਨੇ ਕਿਹਾ: **ਕਾਹੇ ਕੋ ਤੁਮ ਸਿੱਖ ਹੋ ਜੋ ਏਕ ਬਾਣੀ ਜਪੁਜੀ ਸਾਹਿਬ ਭੀ ਕੰਠ ਨਹੀਂ। ਤੁਮਾਰਾ ਕਿਆ ਹਾਲ ਹੋਏਗਾ।**

ਸਿੱਖ ਗੁਰੂ ਕਾ ਹੋਇ ਗਇਉ<br>
ਜਪੁਜੀ ਕੰਠ ਨ ਕੀਨ।<br>
ਤੰਦੁਲ ਬਿਨ ਤੁਖ ਕਾਮ ਕਿਸ,<br>
ਜਨਮ ਅਕਾਰਥ ਕੀਨ।

ਕਿਤਨਾ ਪ੍ਰਭਾਵ ਪਿਆ, ਉਸ ਦਾ ਅੰਦਾਜ਼ਾ ਇਥੋਂ ਲਗਾਓ ਕਿ ਜਿਸ ਮਹਾਰਾਜਾ ਰਣਜੀਤ ਸਿੰਘ ਨੂੰ ਜਪੁਜੀ ਕੰਠ ਨਹੀਂ ਸੀ ਉਸ ਨੇ ਨਾ ਸਿਰਫ ਜਪੁਜੀ, ਜਾਪ ਸਾਹਿਬ, ਅਨੰਦ ਸਾਹਿਬ, ਆਸਾ ਦੀ ਵਾਰ, ਸੁਖਮਨੀ ਸਗੋਂ ਕੇ. ਕੇ. ਖੁਲਰ ਦੇ ਕਹਿਣ ਮੁਤਾਬਕ ਸਾਰਾ ਦਸਮ ਗਰੰਥ ਹੀ ਯਾਦ ਕਰ ਲਿਆ।

ਜਦ ਬਾਬਾ ਸਾਹਿਬ ਸਿੰਘ ਬੇਦੀ ਪਾਸ ਭਾਈ ਦੁਖ ਭੰਜਨ ਜੀ ਆਏ ਤਾਂ ਉਨ੍ਹਾਂ ਸਿਰਫ ਇਤਨਾ ਕਿਹਾ: ਕੀਰਤਨ ਹੀ ਸੁਣਾ ਦਿੱਤਾ ਕਰੋ, ਹੁਣ ਮੁੰਜ ਦੀ ਕਰੜੀ ਕਿਰਤ ਨਾ ਕਰੋ, ਸਰੀਰ ਬਿਰਧ ਹੋ ਗਿਆ ਹੈ ਪਰ ਭਾਈ ਸਾਹਿਬ ਨੇ ਉਸੇ ਨਿਮ੍ਰਤਾ ਵਿਚ ਕਿਹਾ:

ਨਿਕੰਮੇ ਬੈਠ ਕੇ ਕਿਰਤ-ਕਾਰ ਬਿਨਾ,<br>
ਪੂਜਾ ਕਾ ਧਾਨ ਖਾਵਣਾ,<br>
ਯਹ ਭਲੀ ਬਾਤ ਨਾਹੀਂ।

ਐਸਾ ਕਹਿ ਕੇ ਬਾਬਾ ਜੀ ਪਾਸੋਂ ਵਿਦਾਇਗੀ ਲੈ ਲਈ।

ਗੁਰੂ ਤੋਂ ਕੋਈ ਮੂੰਹ ਮੋੜੇ ਉਸ ਨੂੰ ਬੜੀ ਤਾੜਨਾ ਕਰਦੇ। ਗੋਰ, ਮੱਠ, ਮੜ੍ਹੀ, ਮੂਰਤੀ, ਦੇਵੀ, ਪਹਾੜਾਂ ਵਾਲੀ, ਵੈਸ਼ਨੋ ਜਾਂ ਜਵਾਲਾ ਮੁਖੀ ਵੱਲ ਜਾਣ ਵਾਲਿਆਂ ਦੀ ਬੜੀ ਖਿਚਾਈ ਕਰਦੇ।

ਇਕ ਦਫ਼ਾ ਜਦ ਆਪ ਜੀ ਨੇ ਸੁਣਿਆ ਕਿ ਮੂਸੇ ਕੇ ਚਕ ਦਾ ਇਕ ਸੁਲਤਾਨ ਸਿੰਘ ਨਾਮੀ ਸਿੱਖ ਗੁਰੂ ਦਾ ਦਰ ਛੱਡ ਕੇ ਕਿੜਾਣੇ ਦੇਵੀ ਪੂਜਣ ਜਾਂਦਾ ਹੈ ਕਿ ਪੁੱਤਰ ਦੀ ਲਾਲਸਾ ਪੂਰੀ ਹੋਵੇ ਤਾਂ


www.punjabilibrary.com

ਉਸ ਪਾਸ ਇਕ ਜਾਣੂੰ ਸੱਜਣ ਭੇਜਿਆ ਕਿ **'ਕਿੜਾਣੇ ਦੇ ਯਾਤਰੀ ਨੂੰ ਜੋ ਆਨੰਦਪੁਰ ਦਾ ਰਾਹ ਭੁਲ ਗਿਆ ਹੈ, ਮੇਰੀ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਉਣੀ।'** ਸੁਲਤਾਨ ਸਿੰਘ ਨੂੰ ਐਸੀ ਲੱਜਾ ਆਈ ਕਿ ਉਹ ਪੈਰੀਂ ਆਇ ਢੱਠਾ ਤੇ ਗੁਰੂ ਗਰੰਥ ਸਾਹਿਬ ਅੱਗੇ ਮੱਥਾ ਟੇਕ ਭੁੱਲ ਬਖ਼ਸ਼ਵਾਈ। ਨਿਰਾ ਹੋਰਨਾਂ ਨੂੰ ਕਹਿੰਦੇ ਹੀ ਨਹੀਂ ਸਨ ਸਗੋਂ ਅੰਤ ਵੇਲੇ ਆਪ ਜੀ ਨੇ ਗੁਰਸਿੱਖੀ ਦੀ ਮਰਯਾਦਾ ਦ੍ਰਿੜ੍ਹ ਚਿਤ ਨਿਭਾਈ।

ਕੌਣ ਹੋਵੇਗਾ ਅਜਿਹਾ ਜੋ ਅਕਾਲ ਚਲਾਣੇ ਵੇਲੇ ਵੀ ਸਨਮੁਖ ਰਹਿ ਚੜ੍ਹਾਈ ਕਰੇ। ਜਦ ਆਪ ਜੀ ਦੇ ਪ੍ਰਾਣ ਪੰਖੇਰੂ ਉਡਣ ਲੱਗੇ ਤਾਂ ਬਾਬਾ ਸਾਹਿਬ ਸਿੰਘ ਬੇਦੀ ਦੀ ਘਰ ਵਾਲੀ ਬੀਬੀ ਅਨੰਤੀ ਨੇ ਭਾਈ ਦੁਖ ਭੰਜਨ ਦੇ ਮੂੰਹ ਗੰਗਾ ਜਲ ਪਾਉਣਾ ਚਾਹਿਆ ਤਾਂ ਸਾਰੀ ਉਮਰ ਹੋਰਨਾਂ ਦੇ ਹਿਰਦਿਆਂ ਤੇ ਗੁਰੂ ਦੀ ਘਾਸੀ ਪਾਉਣ ਵਾਲੇ ਨੇ ਨਾ ਸਿਰਫ਼ ਮੂੰਹ ਮੀਟ ਲਿਆ ਸਗੋਂ ਬਚਨ ਕੀਤਾ:

**"ਪਰ ਪੁਰਖ ਕੋ ਪੇਖਣੇ ਵਾਲੀ ਪਤੀ ਬਰਤਾ ਨਹੀਂ ਹੁੰਦੀ। ਉਹ ਵਿਭਚਾਰੀ ਕਹੀਂਦੀ ਹੈ।"** ਇਹ ਕਹਿੰਦੇ ਸਾਰ ਪ੍ਰਾਣ ਤਿਆਗ ਦਿੱਤੇ। ਹਰ ਕੋਈ ਕਹਿ ਰਿਹਾ ਸੀ ਐਸਾ ਸਿਦਕ ਚਾਹੀਏ, ਸਤਿਗੁਰ ਤੇ।

ਕਿਥੋਂ ਮਿਲਣਗੇ ਐਸੇ ਦ੍ਰਿੜ੍ਹ ਚਿਤ, ਨਿਰਭਉ,
ਨਿਰਵੈਰ, ਬੇਬਾਕ, ਸੇਵਾ ਦੇ ਪੁੰਜ, ਸਿਮਰਨ ਦੀ ਮੂਰਤ
ਤੇ ਗੁਰੂ ਤੇ ਗੁਰਬਾਣੀ ਤੇ ਅਟੁੱਟ ਵਿਸ਼ਵਾਸ ਰੱਖਣ ਵਾਲੇ
ਮਹਾਂ ਪੁਰਸ਼।


www.punjabilibrary.com

ਇਮਾਮ ਸਾਫ਼ੀ

ਆਪ ਸ਼ਰੀਅਤ ਵਿਚ ਪੱਕੇ, ਤਰੀਕਤ ਦੇ ਜਾਣੂ ਤੇ ਹਕੀਕਤ ਦੀ ਚੋਟੀ ਵੀ ਸਰ ਕਰ ਲਈ ਸੀ। ਉਨ੍ਹਾਂ ਦੇ ਮੰਨਣ ਵਾਲਿਆਂ ਦਾ ਇਕ ਫ਼ਿਰਕਾ ਵੀ ਬਣ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਇਮਾਮ ਸਾਫ਼ੀ ਫ਼ਿਰਕੇ ਦਾ ਜ਼ਿਕਰ ਆਪਣੇ ਇਕ ਸਵੱਈਏ ਵਿਚ ਕੀਤਾ ਹੈ, ਉਸ ਦੇ ਮੋਢੀ ਆਪ ਹੀ ਸਨ। 'ਹਿੰਦੂ ਤੁਰਕ ਕੋਊ ਰਾਫ਼ਜ਼ੀ ਇਮਾਮ ਸਾਫ਼ੀ, ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ।'

ਤੇਰਾਂ ਸਾਲ ਦੀ ਉਮਰ ਵਿਚ ਹੀ ਮੱਕਾ ਜਾ ਕਹਿਣ ਲੱਗ ਪਏ ਸਨ ਕਿ ਜੋ ਮੇਰੇ ਕੋਲੋਂ ਪੁੱਛਣਾ ਹੈ, ਪੁੱਛੋ। ਪੰਦਰਾਂ ਸਾਲ ਦੀ ਉਮਰ ਵਿਚ ਫ਼ਤਵਾ ਤਕ ਦੇਣ ਲੱਗ ਪਏ ਸਨ। ਜਦ ਕਿਸੇ ਅਮਾਮ ਅਹਿਮਦ ਬਿਨ ਹੰਬਲ ਨੂੰ ਕਿਹਾ ਕਿ ਤੁਸੀਂ ਬਜ਼ੁਰਗ ਹੋ ਕੇ ਵੀ ਇਸ ਬਾਲਕ ਦਾ ਇਤਨਾ ਕਿਉਂ ਆਦਰ ਕਰਦੇ ਹੋ ਤਾਂ ਹੰਬਲ ਨੇ ਕਿਹਾ ਸੀ: ਜਿਤਨਾ ਇਲਮ ਮੇਰੇ ਪਾਸ ਹੈ, ਉਸ ਨਾਲੋਂ ਕਿਤੇ ਵੱਧ ਇਹ ਬਾਖ਼ੱਬਰ ਹੈ। ਇਸ ਆਦਰ ਕਰਨ ਨਾਲ ਮੈਨੂੰ ਹਦੀਸਾਂ ਦੇ ਸਹੀ ਭਾਵ ਦਾ ਪਤਾ ਲੱਗਦਾ ਹੈ ਅਤੇ ਜੇ ਇਹ ਪੈਦਾ ਨਾ ਹੁੰਦਾ ਤਾਂ ਅਸੀਂ ਇਲਮ ਦੇ ਦਰਵਾਜ਼ੇ ਤੇ ਹੀ ਖੜ੍ਹੇ ਰਹਿੰਦੇ। ਫ਼ਕੀਰ ਦਾ ਦਰਵਾਜ਼ਾ ਬੰਦ ਹੀ ਰਹਿੰਦਾ।

ਸਵਰੀ ਤਾਂ ਉਨ੍ਹਾਂ ਨੂੰ ਆਪਣੇ ਸਮੇਂ ਦਾ ਸਭ ਤੋਂ ਵੱਡਾ ਦਾਨਸ਼ਵਰ ਕਹਿੰਦਾ ਸੀ।

ਆਰੰਭ ਦੇ ਅਬਾਦਤ ਦੇ ਵਰ੍ਹਿਆਂ ਵਿਚ ਕਦੇ ਕਿਸੇ ਦੀ ਦਾਅਵਤ ਕਬੂਲ ਨਾ ਕੀਤੀ ਅਤੇ ਨਾ ਹੀ ਕਿਸੇ ਦੀ ਸ਼ਾਦੀ ਵਿਚ ਸ਼ਾਮਲ ਹੁੰਦੇ। ਹਰ ਵੇਲੇ ਅਬਾਦਤ ਜਾਂ ਵਿਚਾਰਾਂ ਵਿਚ ਲੱਗੇ ਰਹਿੰਦੇ। ਦਸਦੇ ਹਨ ਕਿ ਪਹਿਲਾਂ ਸੁਪਨੇ ਵਿਚ ਹਜ਼ਰਤ ਮੁਹੰਮਦ ਸਾਹਿਬ ਨੇ ਬਰਕਤਾਂ ਨਾਲ ਨਿਵਾਜਿਆ, ਫਿਰ ਹਜ਼ਰਤ ਅਲੀ ਨੇ ਰਹਿਮਤ ਕੀਤੀ।

ਬਚਪਨ ਵਿਚ ਹੀ ਬੜੇ ਹਾਜ਼ਰ ਜੁਆਬ ਸਨ। ਉਸ ਬੰਦੇ ਨੂੰ ਲਾਜਵਾਬ ਕਰ ਦਿੱਤਾ ਜਿਸ ਨੇ ਆ ਕੇ ਮਾਂ ਨੂੰ ਤਾੜਨਾ ਆਰੰਭ ਕਰ



www.punjabilibrary.com

ਦਿੱਤਾ ਸੀ ਕਿ ਅਮਾਨਤ ਅਸਾਂ ਦੋ ਬੰਦਿਆਂ ਨੇ ਰੱਖੀ ਸੀ, ਤੁਹਾਡੀ ਮਾਂ ਨੇ ਇਕ ਦੇ ਹਵਾਲੇ ਕਿਉਂ ਕਰ ਦਿੱਤੀ। ਇਹ ਸੁਣਦੇ ਸਾਰ ਸਾਫ਼ੀ ਕਹਿਣ ਲੱਗੇ : ਅਮਾਨਤ ਸਾਡੇ ਕੋਲ ਹੀ ਹੈ। ਤੂੰ ਇਕੱਲਾ ਕਿਉਂ ਲੈਣ ਆ ਗਿਉਂ, ਜਾ ਦੂਜੇ ਨੂੰ ਬੁਲਾ ਕੇ ਲਿਆ ਜਿਸ ਨਾਲ ਇਕੱਠਿਆਂ ਤੂੰ ਰੱਖੀ ਸੀ। ਇਮਾਮ ਸਾਫ਼ੀ ਦੀ ਦਲੀਲ ਸੁਣ ਕੇ ਉਹ ਝਗੜਾਲੂ ਆਪਣਾ ਜਿਹਾ ਮੂੰਹ ਲੈ ਕੇ ਮੁੜ ਗਿਆ।

ਇਸੇ ਤਰ੍ਹਾਂ ਇਕ ਵਾਰੀ ਖਲੀਫ਼ਾ ਹਾਰੂੰ-ਉਲ-ਰਸ਼ੀਦ ਨੂੰ ਮਾਯੂਸੀ ਵਿਚੋਂ ਇਹ ਕਹਿ ਕੇ ਕੱਢਿਆ ਸੀ ਕਿ ਤੂੰ ਰਤਾ ਨਾ ਘਬਰਾ। ਤੂੰ ਜੱਨਤ ਵਿਚ ਹੀ ਜਾਏਂਗਾ ਦੋਜ਼ਖ਼ ਵਿਚ ਨਹੀਂ। ਕਿਉਂਕਿ ਤੂੰ ਕੁਰਾਨ ਦੇ ਕਹਿਣ ਮੁਤਾਬਕ ਗੁਨਾਹ ਕਰਨ ਤੋਂ ਸਿਰਫ਼ ਖ਼ੌਫ਼ੇ-ਖ਼ੁਦਾ ਕਾਰਨ ਰੁਕ ਜਾਂਦਾ ਹੈਂ। ਜੋ ਵਾਹਿਗੁਰੂ ਦੇ ਭੈ ਕਾਰਨ, ਗੁਨਾਹ ਨਾ ਕਰੇ ਉਸ ਲਈ ਸਵਰਗਾਂ ਵਿਚ ਹੀ ਥਾਂ ਹੈ।

ਨਿਮਰਤਾ ਇਤਨੀ ਸੀ ਕਿ ਇਕ ਵਾਰੀ ਜਦ ਕਿਸੇ ਨੇ ਕੁਝ ਰਕਮ ਇਸ ਲਈ ਦਿੱਤੀ ਕਿ ਉਹ ਦਰਵੇਸ਼ ਹਨ ਤਾਂ ਵਾਪਸ ਕਰ ਕੇ ਕਹਿਣ ਲੱਗੇ :

> ਮੈਂ ਤਾਂ ਨਾ-ਚੀਜ਼ ਜਿਹਾ ਬੰਦਾ ਹਾਂ। ਦਰਵੇਸ਼ੀ ਤਾਂ ਦੂਰ ਦੀ ਗੱਲ ਹੈ।

ਅਦਬ ਇਤਨਾ ਰੱਖਦੇ ਸਨ ਕਿ ਇਕ ਵਾਰੀ ਚੰਨ ਦੀ ਚਾਨਣੀ ਵਿਚ ਹੀ ਕੁਰਾਨ ਪੜ੍ਹ ਰਹੇ ਸਨ ਤਾਂ ਕੋਲੋਂ ਕਿਸੇ ਕਿਹਾ ਕਿ ਅੰਦਰ 'ਖ਼ਾਨੇ-ਖ਼ੁੱਦਾ' ਵਿਚ ਜਾ ਕੇ ਪੜ੍ਹੋ ਜਿੱਥੇ ਰੌਸ਼ਨੀ ਹੈ। ਤਾਂ ਕਹਿਣ ਲੱਗੇ ਉਹ ਤਾਂ ਖ਼ਾਨੇ-ਖ਼ੁੱਦਾ ਲਈ ਰਾਖਵੀਂ ਹੈ। ਸਯਦਾਂ ਦੇ ਬੱਚਿਆਂ ਨੂੰ ਆਂਵਦਾ ਦੇਖ ਕੇ ਅਦਬ ਨਾਲ ਖੜ੍ਹੇ ਹੋ ਜਾਂਦ ਸਨ।

ਆਪ ਕਿਹਾ ਕਰਦੇ ਸਨ ਕਿ ਕਦੀ ਦੂਜਿਆਂ ਦੇ ਬਰਾਬਰ ਦੌਲਤ ਇਕੱਠੀ ਕਰਨ ਦੀ ਕੋਸ਼ਿਸ਼ ਨਾ ਕਰੋ। ਜੇ ਕਦੀ ਬਰਾਬਰੀ ਕਰਨ ਦਾ ਚਾਅ ਉਠੇ ਤਾਂ ਅਬਾਦਤ ਵਿਚ ਕਰੋ। ਦੌਲਤ ਤਾਂ ਇਥੇ ਹੀ ਰਹਿ ਜਾਣੀ ਹੈ ਤੇ ਸਿਮਰਨ ਨਾਲ ਜਾਣਾ ਹੈ। ਕਦੇ ਕਿਸੇ ਨਾਲ ਹਸਦ ਨਾ ਕਰੋ। ਜੋ ਸਮਾਂ ਮਿਲਿਆ ਹੈ, ਉਸ ਨੂੰ ਕਦੇ ਜ਼ਾਇਆ ਨਾ ਕਰੋ। ਇਥੋਂ ਤਕ ਲਿਖਿਆ ਹੈ ਕਿ ਜਦ ਆਪ ਜੀ ਦਾ ਦਿਹਾਂਤ ਹੋ ਗਿਆ ਤਾਂ ਰਫ਼ੀਅ-ਬਿਨ-ਸੁਲੇਮਾਨ ਨੇ ਸੁਪਨੇ ਵਿਚ ਡਿੱਠਾ ਕਿ ਇਮਾਮ ਸਾਫ਼ੀ ਨੂੰ ਸਵਰਗ ਵਿਚ ਸੋਨੇ ਦੀ ਕੁਰਸੀ ਤੇ ਬਿਠਲਾ, ਮੋਤੀ ਨਿਛਾਵਰ ਕੀਤੇ ਜਾ ਰਹੇ ਸਨ। □



 www.punjabilibrary.com

## ਵੀਹ

**ਹੁਸੈਨ ਮਨਸੂਰ ਹਲਾਜ**

ਮਨਸੂਰ ਨਿਰਾਲੀ ਸ਼ਾਨ ਦਾ ਬਜ਼ੁਰਗ ਸੀ । ਸ਼ਿਬਲੀ ਜੋ ਮਨਸੂਰ ਦੀ ਦੋਸਤੀ ਦਾ ਦਮ ਭਰਦਾ ਸੀ ਪਰ ਮਨਸੂਰ ਨੂੰ ਸੰਗ-ਸਾਰ (ਪੱਥਰ ਮਾਰ ਮਾਰ ਮਾਰਨ) ਦੀ ਸਜ਼ਾ ਵੇਲੇ ਇਕ ਫੁੱਲ ਮਾਰ ਆਇਆ ਸੀ, ਨੇ ਪਿੱਛੋਂ ਕਿਹਾ ਸੀ ਕਿ ਸਮੇਂ ਦੇ ਹਾਕਮਾਂ ਮਨਸੂਰ ਨੂੰ ਤਾਂ ਦਾਨਸ਼ਵਰ ਖ਼ਿਆਲ ਕਰ ਹਲਾਕ ਕਰ ਦਿੱਤਾ ਤੇ ਮੈਨੂੰ ਦੀਵਾਨਾ ਸਮਝ ਛੱਡ ਦਿੱਤਾ ।

ਮਨਸੂਰ ਬਚਪਨ ਤੋਂ ਹੀ ਯਾਦਿ-ਇਲਾਹੀ ਵਿਚ ਜੁੜੇ ਰਹਿੰਦੇ ਸਨ । ਇਕ ਵਾਰੀ ਜਲਵਾ ਦੇਖ ਮੂੰਹੋਂ ਨਿਕਲ ਗਿਆ—ਅਨਲ ਹੱਕ : ਮੈਂ ਹੀ ਖ਼ੁਦਾ ਹਾਂ ਤਾਂ ਮੁਸਲਮਾਨਾਂ ਕਾਫ਼ਰ ਕਹਿਣਾ ਆਰੰਭ ਕਰ ਦਿੱਤਾ । ਅਨਲ ਹੱਕ ਕਰਣ ਕਾਰਨ ਕਈ ਤਸੀਹੇ ਝੱਲੇ । ਜਾਨ ਤਕ ਗਵਾ ਲਈ ਪਰ ਕਹਿਣੋਂ ਨਾ ਟਲੇ ।

ਅਠਾਰਾਂ ਸਾਲ ਦੇ ਸਨ ਕਿ ਤਸਤਰ ਜਾ ਕੇ ਅਬਦੁਲਾ ਤਸਤਰੀ ਦੀ ਸੰਗਤ ਕੀਤੀ । ਉਥੋਂ ਬਸਰਾ ਤੇ ਫਿਰ ਦੋ ਹਰਕਾ ਜਾ ਕੇ ਉਮਰ ਤੇ ਉਸਮਾਨ ਤੋਂ ਸਿਖਿਆ ਪ੍ਰਾਪਤ ਕੀਤੀ । ਉਥੇ ਹੀ ਯਾਕੂਬ ਅਕਤਯ ਦੀ ਲੜਕੀ ਨਾਲ ਨਿਕਾਹ ਕਰਾ ਲਿਆ । ਉਸ-ਮਾਨ ਤੇ ਉਮਰ ਦੀ ਨਾਰਾਜ਼ਗੀ ਡਰੋਂ ਕਿ ਮਤਾਂ ਉਹ ਇਹ ਨਾ ਕਹਿਣ ਸ਼ਾਦੀ ਕਿਉਂ ਕਰਾਈ ਹੈ, ਜੁਨੈਦ ਬਗ਼ਦਾਦੀ ਪਾਸ ਚਲੇ ਗਏ । ਉਥੋਂ ਹਜਾਜ਼ ਜਾ ਵਸੇ । ਇਕ ਸਾਲ ਉਥੇ ਰਹੇ । ਜਦ ਵਾਪਸ ਬਗ਼ਦਾਦ ਆਏ ਤਾਂ ਪਤਾ ਨਹੀਂ ਜੁਨੈਦ ਨੂੰ ਕੀ ਸਵਾਲ ਪੁੱਛ ਬੈਠੇ ਕਿ ਉਸ ਨੇ ਕਿਹਾ :

> ਤੂੰ ਬਹੁਤ ਛੇਤੀ ਲਕੜੀ ਦਾ ਸਿਰ ਲਾਲ ਕਰੇਂਗਾ ।
> ਭਾਵ ਸੂਲੀ ਤੇ ਚੜ੍ਹੇਂਗਾ ।

ਆਪ ਕਿਹੜਾ ਘੱਟ ਸਨ । ਫੱਟ ਕਹਿਣ ਲੱਗੇ ਕਿ ਦਸਤਖ਼ਤ ਤੁਹਾਡੇ ਹੀ ਹੋਣਗੇ । ਐਸਾ ਹੀ ਹੋਇਆ । ਜਦ ਸਮੇਂ ਦੇ ਆਲਮਾਂ ਨੇ ਮਨਸੂਰ ਨੂੰ ਸੂਲੀ ਚੜ੍ਹਨ ਦਾ ਫ਼ਤਵਾ ਦਿੱਤਾ ਤਾਂ ਬਗ਼ਦਾਦ ਦੇ


www.punjabilibrary.com

ਖ਼ਲੀਫ਼ਾ ਮਕਤਦੀਰ ਨੇ ਕਿਹਾ ਤਦ ਤਕ ਮੈਂ ਫਾਂਸੀ ਦਾ ਹੁਕਮ ਨਹੀਂ ਦੇਣਾ ਜਦ ਤਕ ਜੁਨੈਦ ਬਗ਼ਦਾਦੀ ਦਸਤਖ਼ਤ ਨਾ ਕਰੇ। ਜੁਨੈਦ ਨੇ ਮਦਰਸਾ ਜਾ ਕੇ ਅਹਿਲ ਜ਼ਾਹਰ ਦਾ ਲਿਬਾਸ (ਜਿਵੇਂ ਵਕੀਲ ਜਜ ਗਾਊਣ ਪਾਂਦੇ ਹਨ) ਪਹਿਣ ਦਸਤਖ਼ਤ ਕਰ ਦਿੱਤੇ।

ਮਨਸੂਰ ਵਿਰੁਧ ਥਾਂ ਥਾਂ ਨਫਰਤ ਦਾ ਜਜ਼ਬਾ ਉਸਮਾਨ ਤੇ ਉਮਰ ਹੀ ਭਰ ਰਹੇ ਸਨ। ਮਨਸੂਰ ਇਤਨੇ ਦੁਖੀ ਹੋਏ ਕਿ ਫ਼ਕੀਰੀ ਛੱਡ ਪੂਰਨ ਤੌਰ ਤੇ ਗ੍ਰਹਿਸਤੀ ਹੋ ਗਏ। ਸੂਤ ਕੱਤਣ ਦਾ ਕਿੱਤਾ ਅਪਣਾ ਲਿਆ। ਪਰ ਇਕ ਵਾਰੀ ਜਿਸ ਨੂੰ ਲਗਨ ਲਗ ਜਾਵੇ ਇਹ ਹਾਈਂ-ਮਾਈਂ ਛੁੱਟ ਨਹੀਂ ਸਕਦੀ। ਇਤਨਾ ਫ਼ਲਸਫ਼ਾ ਪੜ੍ਹਿਆ ਕਿ ਫ਼ਾਰਸ ਦੇ ਲੋਕਾਂ ਨੇ ਇਨ੍ਹਾਂ ਨੂੰ ਗੁਝੇ ਭੇਦ ਦੱਸਣ ਵਾਲਾ 'ਹਲਾਜ ਅਲ ਇਸਰਾਰ' ਦਾ ਖ਼ਿਤਾਬ ਦੇ ਦਿੱਤਾ। ਹਲਾਜ ਇਸ ਲਈ ਕਿ ਇਕ ਵਾਰੀ ਰੂਈ ਦੇ ਇਕ ਢੇਰ ਵਲ ਨਿਗਾਹ ਭਰ ਤੱਕਿਆ ਤਾਂ ਉਸ ਵਿਚ ਅੱਗ ਧੁੱਖਣ ਲੱਗ ਪਈ।

ਫਿਰ ਗ੍ਰਹਿਸਤ ਤਜ, ਸੂਫ਼ੀਆਂ ਦੇ ਕੱਪੜੇ ਪਹਿਨ ਲਏ। ਇਤਨਾ ਅਸਰਦਾਇਕ ਬੋਲਦੇ ਸਨ ਕਿ ਲੋਕੀਂ ਜਾਦੂਗਰ ਕਹਿੰਦੇ। ਇਕ ਸਾਲ ਬਸਰਾ ਰਹਿ ਹਿੰਦੁਸਤਾਨ ਆਏ। ਹਿੰਦੋਸਤਾਨੋਂ ਵਾਪਸ ਖੁਰਾਸਾਨ ਜਾ ਕੇ ਉਥੋਂ ਚੀਨ ਦਾ ਰਾਹ ਮੱਲਿਆ। ਜਿੱਥੇ ਵੀ ਗਏ ਆਪ ਨੂੰ ਕਰੜੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ। ਇਕ ਵਾਰੀ ਇਹ ਵੀ ਕਹਿ ਦਿੱਤਾ ਸੀ ਕਿ ਜੋ ਕੁਝ ਕਿਸੇ ਧਰਮ ਵਿਚ ਹੈ ਮੈਂ ਦੇਖ ਭਾਲ ਅਪਨਾ ਲਿਆ ਹੈ ਅਤੇ ਪੰਜਾਂ ਸਾਲਾਂ ਵਿਚ ਇਕ ਹਜ਼ਾਰ ਸਾਲ ਜਿਤਨੀਆਂ ਨਮਾਜ਼ਾਂ ਅਦਾ ਕਰ ਦਿੱਤੀਆਂ ਹਨ। ਗੁਜ਼ਾਰਾ ਇਕੋ ਗੋਦੜੀ ਵਿਚ ਕਰਨ ਲੱਗ ਪਏ ਸਨ।

ਕਰਾਮਾਤਾਂ ਵੀ ਦਿਖਲਾਂਦੇ। ਮੱਕੇ ਵੱਲ ਜਾਂਦੇ ਹਾਜੀਆਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਦਾ ਵਰਨਣ ਮਿਲਦਾ ਹੈ।

ਮੱਕਾ ਪੁੱਜ ਬੜੀ ਘਾਲ ਘਾਲੀ। ਇਕ ਸਾਲ ਨੰਗੇ ਪਿੰਡੇ ਗਰਮੀ ਸਰਦੀ ਕਟੀ। ਪਿਛੋਂ ਅਰਫ਼ਾਤ ਦੇ ਮੈਦਾਨ ਵਿਚ ਦੁਆ ਕਰਦੇ ਕਿਹਾ :

> ਅਲਾਹ ਪਾਕ ਜੇ ਮੈਂ ਕਾਫ਼ਰ ਹਾਂ ਤਾਂ
> ਮੇਰੇ ਕੁਫ਼ਰ ਵਿਚ ਹੋਰ ਵਾਧਾ ਕਰ।

ਫਿਰ ਕਹਿਣ ਲੱਗੇ :

> **ਅਲਾਹ! ਮੈਂ ਤੇਰੇ ਸਿਵਾ ਕਿਸੇ ਦੀ ਅਬਾਦਤ ਨਹੀਂ ਕਰਦਾ। ਤੇਰੀਆਂ ਇਤਨੀਆਂ ਦਾਤਾਂ ਹਨ ਕਿ ਮੈਂ ਸ਼ੁਕਰ ਵੀ ਨਹੀਂ ਕਰ ਸਕਦਾ। ਸੋ ਆਪਣਾ ਸ਼ੁਕਰੀਆ ਵੀ ਆਪ**


www.punjabilibrary.com

ਹੀ ਕਰ ਲਵੀਂ। ਇਨ੍ਹਾਂ ਬੰਦਿਆਂ ਕੋਲੋਂ ਤੇਰਾ ਸ਼ੁਕਰ ਨਹੀਓਂ ਹੋਣਾ।

ਮਨਸੂਰ ਸੁਣਾਇਆ ਕਰਦੇ ਸਨ ਕਿ ਇਕ ਵਾਰੀ ਮੂਸਾ ਨੇ ਅਬਲੀਸ (ਸ਼ੈਤਾਨ) ਕੋਲੋਂ ਪੁੱਛਿਆ ਕਿ ਤੂੰ ਅਲਾਹ ਦੇ ਕਹਿਣ ਤੇ ਕਿਉਂ ਆਦਮ ਨੂੰ ਸਿਜਦਾ ਨਾ ਕੀਤਾ। ਸ਼ੈਤਾਨ ਨੇ ਕਿਹਾ : ਮੈਂ ਅਲਾਹ ਦੇਖ ਲਿਆ ਹੈ। ਫਿਰ ਕਿਉਂ ਕਿਸੇ ਮਨੁੱਖ ਅਗੇ ਝੁਕਾਂ । ਜੇ ਸ਼ੈਤਾਨ ਮਨੁੱਖ ਅਗੇ ਨਹੀਂ ਝੁਕਿਆ ਤੇ ਉਹ ਬੰਦਾ ਵੀ ਬੰਦੇ ਅੱਗੇ ਨਹੀਂ ਨਿਵੇਂਗਾ ਜਿਸ ਅਲਾਹ ਪਾਕ ਤੱਕ ਲਿਆ ਹੈ। ਇਹ ਵੀ ਕਹਿੰਦੇ ਸਨ ਕਿ ਫਰਾਊਨ ਤੇ ਮੂਸਾ ਦੋਵੇਂ ਉਸ ਦੇ ਬਣਾਏ ਹਨ, ਕਿਸੇ ਨੂੰ ਮੰਦਾ ਚੰਗਾ ਕਹਿਣਾ ਫੱਬਦਾ ਨਹੀਂ।

ਸਮਝਾਂਦੇ ਕਹਿੰਦੇ ਸਨ ਕਿ ਸੂਫੀ ਤਾਂ ਆਪਣੇ ਵਿਚ ਮਸਤ ਫਿਰਦਾ ਹੈ। ਕਿਉਂਕਿ ਨਾਂਹ ਤਾਂ ਉਹ ਕਿਸੇ ਨੂੰ ਜਾਣਦਾ ਹੈ ਤੇ ਨਾ ਕੋਈ ਉਸ ਤੋਂ ਵਾਕਫ ਹੁੰਦਾ ਹੈ।

ਮੋਮਨ ਦੀ ਉਪਮਾ ਕਰਦੇ ਕਹਿੰਦੇ ਕਿ ਮੋਮਨ ਦੁਨੀਆਂ ਨੂੰ ਨਾਸ਼ਵੰਤ (ਮਯਜੂਬ) ਸਮਝਦੇ ਹੋਏ ਸਬਰ ਦਾ ਧਾਰਨੀ ਹੋ ਜਾਂਦਾ ਹੈ। ਇਖ਼ਲਾਕ ਵਾਲਾ ਸੱਜਣ ਉਸੇ ਨੂੰ ਆਖੋ ਜਿਸ ਦਿਲੋਂ ਕਦੂਰਤ ਹਟਾ ਲਈ ਹੈ। ਕਿਸੇ ਪੁੱਛਿਆ ਕਿ ਕੀ ਉਹ ਹੱਥ ਚੰਗੇ ਹਨ ਜੋ ਦੁਆ ਲਈ ਉਠਣ ਜਾਂ ਉਹ ਜੋ ਅਬਾਦਤ ਲਈ । ਕਹਿਣ ਲੱਗੇ ਇਨ੍ਹਾਂ ਦੋਹਾਂ ਹੱਥਾਂ ਦੀ ਕਿਧਰੇ ਰਸਾਈ ਨਹੀਂ। ਹਾਂ, ਦੁਆ ਕਰਨ ਵਾਲਿਆਂ ਹੱਥ ਕਬੂਲੀਅਤ ਦਾ ਪਲਾ ਜ਼ਰੂਰ ਆ ਜਾਂਦਾ ਹੈ ਪਰ ਅਲਾਹ ਵਾਲੇ ਇਸ ਨੂੰ ਸ਼ਰਕ (ਕਾਫ਼ਰਪੁਣਾ) ਹੀ ਕਹਿੰਦੇ ਹਨ । ਅਬਾਦਤ ਵਾਲੇ ਸ਼ਰੀਅਤ ਨਾਲ ਬੱਝ ਜਾਂਦੇ ਹਨ, ਇਹ ਵੀ ਕੋਈ ਉੱਚੀ ਬਾਤ ਨਹੀਂ।

ਹੱਥ ਉਹ ਜੋ ਦੂਜਿਆਂ ਦੀ ਲੋੜ ਪੂਰੀ ਕਰਨ ਲਈ ਉਠਦੇ ਹਨ।

ਕਹਿੰਦੇ : ਬਖ਼ਸ਼ਸ਼ ਉਸੇ ਤੇ ਜਿਸ ਹੱਸ ਕੇ ਤਸੀਹੇ ਝੱਲੇ। ਸਬਰ ਦੀ ਨਿਸ਼ਾਨੀ ਬਾਰੇ ਆਖਦੇ ਕਿ ਸੂਲੀ ਚਾੜ੍ਹ ਦਿਓ ਪਰ ਉਫ਼ ਨਾ ਨਿਕਲੇ। ਆਪੂੰ ਸੂਲੀ ਤੇ ਚੜ੍ਹਨ ਵੇਲੇ ਉਫ਼ ਤਕ ਨਹੀਂ ਸੀ ਕੀਤੀ।

ਆਪ ਜੀ ਨੂੰ ਕਟੜਪ੍ਰਸਤਾਂ ਇਕ ਸਾਲ ਕੈਦ ਪਾਇਆ। ਪੰਜ ਮਹੀਨੇ ਤਾਂ ਕਿਸੇ ਨੂੰ ਮਿਲਣ ਤਕ ਨਾ ਦਿੱਤਾ। ਵਿਰੋਧੀਆਂ ਤੇ ਖ਼ਲੀਫ਼ੇ ਨੇ ਕਿਹਾ ਕਿ ਇਹ ਕਹਿ ਦਿਓ ਕਿ ਅਨਲਹੱਕ ਨਹੀਂ ਆਖਾਂਗਾ ਤਾਂ ਛੱਡ ਦੇਂਦੇ ਹਾਂ। ਪਰ ਇਹ ਨਾ ਮੰਨੇ।



 www.punjabilibrary.com

ਕੈਦ ਵਿਚ ਪਏ ਮਨਸੂਰ ਨੂੰ ਨਮਾਜ਼ ਪੜ੍ਹਦੇ ਦੇਖ ਇਕ ਤਰਕ-ਬਾਜ਼ ਨੇ ਪੁੱਛਿਆ ਕਿ ਜਦ ਤੁਸੀਂ ਹੀ ਖ਼ੁਦ ਖ਼ੁਦਾ ਹੋ ਤਾਂ ਨਮਾਜ਼ ਕਿਉਂ ਪੜ੍ਹਦੇ ਹੋ ? ਕਹਿਣ ਲੱਗੇ : ਮੈਂ ਜਾਣਦਾ ਹਾਂ ਕਿਥੇ ਖੜਾ ਹਾਂ।

ਇਕ ਦਿਨ ਨਾਲ ਦੇ ਕੈਦੀਆਂ ਨੂੰ ਕਹਿਣ ਲੱਗੇ ਕਿ ਸਾਰਿਆਂ ਨੂੰ ਰਿਹਾ ਕਰਵਾ ਦੇਂਦੇ ਹਾਂ। ਉਨ੍ਹਾਂ ਵਿਚੋਂ ਇਕ ਨੇ ਕਿਹਾ : ਤੂੰ ਆਪ ਕਿਉਂ ਨਹੀਂ ਹੋ ਜਾਂਦਾ। ਨਜ਼ਰ ਭਰ ਕੇ ਕੈਦੀਆ ਵੱਲ ਤੱਕਿਆ। ਬੇੜੀਆਂ ਟੁੱਟ ਗਈਆਂ, ਤਾਲੇ ਖੁਲ੍ਹ ਗਏ। ਕੈਦੀਆਂ ਨੂੰ ਕਹਿਣ ਲੱਗੇ : ਤੁਸੀਂ ਜਾਓ, ਮੈਂ ਤਾਂ ਆਪਣੇ ਮਾਲਕ ਦਾ ਕੈਦੀ ਹਾਂ। ਇਸ ਨਾਲ ਇਕ ਅਜਿਹਾ ਰਾਜ਼ ਜੁੜਿਆ ਹੈ ਜੋ ਬਗੈਰ ਸੂਲੀ ਚੜ੍ਹੇ ਪ੍ਰਗਟ ਨਹੀਂ ਹੋਣਾ। ਕੈਦੀਆਂ ਨੂੰ ਰਿਹਾ ਕਰਾਉਣ ਬਦਲੇ ਤਿੰਨ ਸੋ ਕੋੜੇ ਮਾਰਨ ਦੀ ਸਜ਼ਾ ਦਿੱਤੀ ਗਈ। ਹਰ ਕੋੜਾ ਪੈਣ ਤੇ ਮੂੰਹੋਂ ਇਕ ਹੀ ਆਵਾਜ਼ ਆਂਦੀ ਸੀ।

ਐ ਮਨਸੂਰ ਭੈ ਭ੍ਰਾਂਤ ਨਾ ਹੋ ।
(ਯਾ ਇਬਨ ਮਨਸੂਰ ਲਾ ਤਖ਼ੱਫ਼)

ਮਨਸੂਰ ਦੇ ਸੂਲੀ ਚੜ੍ਹਨ ਵੇਲੇ ਬਗ਼ਦਾਦ ਵਿਖੇ ਇਕ ਲੱਖ ਬੰਦਾ ਇਸ਼ਕ ਦੀ ਨਿਰਾਲੀ ਖੇਡ ਦੇਖਣ ਆਇਆ ਸੀ। ਮਨਸੂਰ ਅਨਲਹਕ, ਅਨਲਹਕ ਦੀਆਂ ਗੂੰਜਾਂ ਪਾ ਰਹੇ ਸਨ। ਜਦ ਕਿਸੇ ਪੁੱਛਿਆ ਕਿ ਇਸ ਵਿਚ ਖ਼ੁਸ਼ੀ ਵਾਲੀ ਕਿਹੜੀ ਗੱਲ ਹੈ। ਕਹਿਣ ਲੱਗੇ : ਭਰਾਵਾ ਇਸ ਤੋਂ ਵੱਧ ਹੋਰ ਖ਼ੁਸ਼ੀ ਕੀ ਹੋ ਸਕਦੀ ਹੈ। ਮੈਂ ਆਪਣੇ ਅਸਲ ਟਿਕਾਣੇ ਜਾ ਰਿਹਾ ਹਾਂ। ਫਿਰ ਦੋ ਸ਼ੇਅਰ ਪੜ੍ਹੇ, ਜਿਨ੍ਹਾਂ ਦਾ ਭਾਵ ਸੀ :

> ਮੇਰਾ ਨਦੀਮ ਰਤਾ ਭਰ ਵੀ ਜ਼ਾਲਮ ਨਹੀਂ, ਉਸ ਨੇ ਮੈਨੂੰ ਐਸੀ ਮੈ ਪਿਲਾਈ ਹੈ ਜੋ ਮਹਿਮਾਨ ਨੂੰ ਮੇਜ਼ਬਾਨ ਦੇਂਦਾ ਹੈ।

ਜਦ ਸ਼ਿਬਲੀ ਨੇ ਗੁਲਾਬ ਦਾ ਫੁੱਲ ਮਾਰਿਆ ਤਾਂ ਆਹ ਨਿਕਲ ਗਈ। ਇਕ ਨੇ ਜੇਰਾ ਕਰ ਪੁੱਛ ਹੀ ਲਿਆ ਕਿ ਹਜ਼ਾਰਾਂ ਪੱਥਰ ਪਏ ਤਾਂ ਕੋਈ ਉਫ ਤਕ ਨਹੀਂ ਪਰ ਇਕ ਫੁੱਲ ਪੈਣ ਤੇ ਇਤਨੀ ਉੱਚੀ ਆਹ !

ਕਹਿਣ ਲੱਗੇ :

> "ਪੱਥਰ ਮਾਰਨ ਵਾਲੇ ਤਾਂ ਮੇਰੀ ਹਕੀਕਤ ਨੂੰ ਜਾਣਦੇ ਨਹੀਂ। ਸ਼ਿਬਲੀ ਨੂੰ ਤਾਂ ਮੇਰਾ ਸਭ ਕੁਝ ਪਤਾ ਹੈ।"

ਉਥੇ ਹੀ ਕਿਸੇ ਸੂਫ਼ੀ ਦੀ ਉਪਮਾ ਪੁੱਛੀ ਤਾਂ ਬੋਲੇ ਕਿ ਉਸ ਦੀ ਤਸ਼ਰੀਹ ਹੁੰਦੀ ਤੂੰ ਕੀ ਨਹੀਂ ਦੇਖ ਰਹਿਆ ?


www.punjabilibrary.com

ਜਦ ਜਲਾਦ ਨੇ ਹੱਥ ਕੱਟੇ ਤਾਂ ਮਨਸੂਰ ਨੇ ਕਿਹਾ :

ਦਿੱਸਣ ਵਾਲੇ ਤਾਂ ਕੱਟ ਦਿੱਤੇ ਨੀ ਪਰ ਉਨ੍ਹਾਂ ਹੱਥਾਂ ਨੂੰ ਕਿਵੇਂ ਕੱਟੋਂਗਾ ਜਿਸ ਨੇ ਹਿੰਮਤ ਦਾ ਤਾਜ ਅਸਮਾਨੋਂ ਉਤਾਰ ਲਿਆ ਹੈ।

ਪੈਰ ਕੱਟਣ ਵੇਲੇ ਆਖਿਆ :

ਉਹ ਪੈਰ ਕਿਵੇਂ ਕੱਟੋਗੇ ਜਿਨ੍ਹਾਂ ਨਾਲ ਦੋਵਾਂ ਆਲਮਾਂ ਦਾ ਸਫ਼ਰ ਪਿਆ ਕਰਦਾ ਹਾਂ।

ਫਿਰ ਵਹਿੰਦੇ ਲਹੂ ਨੂੰ ਆਪਣੇ ਚੇਹਰੇ ਤੇ ਛਿੜਕਦੇ ਕਹਿਣ ਲੱਗੇ :

ਸੁਰਖ਼ਰੂ ਹੋ ਕੇ ਤੇਰੇ ਪਾਸ ਆ ਰਿਹਾ ਹਾਂ। ਅਲਾਹ ਪਾਕ।

ਫਿਰ ਕਿਹਾ :

**ਲਹੂ ਬਹਾਦਰਾਂ ਦਾ ਵਟਨਾ ਹੁੰਦਾ ਹੈ।**

ਫਿਰ ਖ਼ੂਨ ਨੂੰ ਕੂਹਣੀਆਂ ਤਕ ਲੈ ਜਾਂਦੇ ਕਿਹਾ :

ਇਸ਼ਕ ਦੀ ਨਮਾਜ਼ ਦਾ ਵਜ਼ੂ ਇੰਜ ਹੀ ਹੁੰਦਾ ਹੈ।

ਜਦ ਜ਼ਬਾਨ ਕੱਟਣ ਲੱਗੇ ਤਾਂ ਕਹਿਣ ਲੱਗੇ : ਫਿਰ ਕੱਟਿਓ ਜੇ ਇਕ ਗੱਲ ਮੈਨੂੰ ਕਹਿ ਲੈਣ ਦਿਓ।

ਫ਼ੁਰਮਾਇਆ :

**ਸ਼ੁਕਰ ਹੈ ਤੇਰਾ ਖ਼ੁਦਾ ਕਿ ਤੂੰ ਸਾਬਤ ਕਦਮ ਰੱਖਿਆ। ਬੱਸ ਇਹ ਹੀ ਬੇਨਤੀ ਹੈ ਕਿ ਲੋਕਾਂ ਨੂੰ ਸਾਬਤ ਕਦਮੀਂ ਦੀ ਦੌਲਤ ਬਖ਼ਸ਼ੀਂ।**

ਜਦ ਸਿਰ ਕੱਟਿਆ ਤਾਂ ਖਿੜ-ਖਿੜ ਕਰਦੇ ਹਾਸੇ ਦੀ ਆਵਾਜ਼ ਲੋਕਾਂ ਸੁਣੀ ਤੇ ਹਰ ਕੱਟਿਆ ਬੰਦ ਵੀ ਅਨਲਹਕ ਦੀ ਆਵਾਜ਼ ਕਰ ਰਿਹਾ ਸੀ। ਇਹ ਸਾਕਾ ੨੬ ਮਾਰਚ ਸੰਨ ੯੨੨ ਈ: ਨੂੰ ਹੋਇਆ।

ਜਿਸਮ ਦੇ ਟੁਕੜੇ ਜਲਾ ਦਿੱਤੇ ਗਏ ਅਤੇ ਉਨ੍ਹਾਂ ਦੀ ਰਾਖ ਜਦ ਦਰਿਆ ਦਜਲਾ ਵਿਚ ਪਾਈ ਤਾਂ ਦਰਿਆ ਵਿਚ ਜੋਸ਼ ਉਭਰਿਆ। ਉਨ੍ਹਾਂ ਦੇ ਇਕ ਖ਼ਾਦਮ ਨੇ ਜਦ ਦਰਿਆ ਵਿਚ ਹਲਚਲ ਹੁੰਦੀ ਤੱਕੀ ਤਾਂ ਦੌੜ ਕੇ ਮਨਸੂਰ ਦੀ ਗੋਦੜੀ ਲੈ ਆਇਆ ਤੇ ਦਰਿਆ ਨੂੰ ਦਿਖਾਈ ਕਿਉਂਕਿ ਉਸ ਨੂੰ ਯਾਦ ਸੀ ਕਿ ਇਕ ਵਾਰੀ ਮਨਸੂਰ ਨੇ ਕਿਹਾ ਸੀ ਕਿ ਜਦ ਇਹ ਬਗ਼ਦਾਦ ਵਾਲੇ ਮੈਨੂੰ ਜਲਾ ਕੇ ਰਾਖ ਦਰਿਆ ਵਿਚ ਪਾਉਣਗੇ ਤਾਂ ਦਰਿਆ ਵਿਚ ਅਜਿਹਾ ਹੜ੍ਹ ਆਏਗਾ ਕਿ ਬਗ਼ਦਾਦ ਹੀ ਰੋੜ੍ਹ ਲੈ ਜਾਵੇਗਾ ਪਰ ਜੇ ਗੋਦੜੀ ਦਰਿਆ ਨੂੰ ਦਿਖਲਾ ਦਿੱਤੀ ਤਾਂ ਉਹ ਰੁਕ ਜਾਵੇਗਾ।



 www.punjabilibrary.com

ਦਰਿਆ ਦਾ ਤੂਫ਼ਾਨ ਰੁਕਿਆ ਪਰ ਮਨਸੂਰ ਦੀ ਖ਼ਾਕ ਕਿਨਾਰੇ ਢੇਰ ਕਰ ਗਿਆ ਤੇ ਰਾਖ ਦਫ਼ਨਾ ਦਿੱਤੀ ਗਈ।

ਮਨਸੂਰ ਦੀ ਸ਼ਹਾਦਤ ਇਹ ਵੀ ਪਈ ਦਸਦੀ ਹੈ ਕਿ ਕੋਈ ਭੇਦ ਪਤਾ ਲੱਗ ਜਾਵੇ ਤਾਂ ਪ੍ਰਗਟ ਨਾ ਕਰੋ। 'ਜਿਨ ਪਾਇਆ, ਤਿਨੈ ਛਪਾਇਆ,' ਜ਼ਰੂਰੀ ਹੈ। ਜਿਵੇਂ ਕੋਈ ਸ਼ਾਹੀ ਰਾਜ਼ ਪ੍ਰਗਟ ਕਰੇ ਤਾਂ ਬੜੀ ਸਜ਼ਾ ਮਿਲਦੀ ਹੈ ਉਵੇਂ ਜੋ ਵਾਹਿਗੁਰੂ ਦਾ ਰਾਜ਼ ਪ੍ਰਗਟ ਪਿਆ ਕਰਦਾ ਫਿਰੇ ਉਸ ਦਾ ਇਹ ਹਸ਼ਰ ਅਵੱਸ਼ ਹੈ। ਦੂਜਾ ਪੱਖ ਵੀ ਨਾਲ ਹੈ: ਜੇ ਬੋਲ ਬੋਲਿਆ ਹੈ ਤਾਂ ਫਿਰ ਦ੍ਰਿੜ੍ਹ ਚਿਤ ਹੋ ਪਹਿਰਾ ਦਿਓ ਭਾਵੇਂ ਬੰਦ ਬੰਦ ਕੱਟਿਆ ਜਾਵੇ।

ਸ਼ਿਬਲੀ ਨੂੰ ਸ਼ਹਾਦਤ ਪਿਛੋਂ ਇਕ ਰਾਤ ਸੁਪਨੇ ਵਿਚ ਆਏ ਤਾਂ ਸ਼ਿਬਲੀ ਨੇ ਪੁੱਛਿਆ ਕਿ ਜੋ ਤੁਹਾਡੀ ਉਪਮਾ ਕਰਦੇ ਸਨ ਤੇ ਵਿਰੋਧ ਕਰਦੇ ਸਨ ਅਲਾਹ ਨੇ ਕੀ ਸਲੂਕ ਕੀਤਾ। ਕਿਹਾ: ਦੋਹਾਂ ਤੇ ਹੀ ਰਹਿਮਤ ਹੋਈ। ਇਕ ਤੇ ਇਸ ਲਈ ਕਿ ਉਹ ਮੈਨੂੰ ਜਾਣ ਹੀ ਨਾ ਸਕੇ ਪਰ ਵੈਰ ਵਿਰੋਧ ਖ਼ੁਦਾ ਦੇ ਵਾਸਤੇ ਕਰਦੇ ਸਨ।

ਭਾਈ ਰਤਨ ਸਿੰਘ ਜੀ ਭੰਗੂ ਨੇ ਲਿਖਿਆ ਹੈ ਕਿ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਮਨਸੂਰ ਨਾਲੋਂ ਵੀ ਕਿਤੇ ਵੱਧ ਸੀ। ਇਕ ਤਾਂ ਇਸ ਲਈ ਕਿ ਉਸ ਵਿਚ ਖ਼ੁਦੀ ਦਾ ਰਤਾ ਭਰ ਵੀ ਅੰਸ਼ ਨਹੀਂ ਸੀ। ਦੂਜੇ ਜਲਾਦ ਤਰਸ ਖਾ ਗਿਆ ਸੀ ਪਰ ਭਾਈ ਸਾਹਿਬ ਇਹ ਬਚਨ ਉਚਾਰ ਸ਼ਹੀਦ ਹੋ ਗਏ:

**ਦੇਹੀ ਕਿਸ ਕੀ ਬਾਪਰੀ, ਸਿਖੀ ਜੇ ਸਾਬਤ ਹੋਇ।**
**ਦੇਹ ਤੋਂ ਆਵਨ ਜਾਣ ਹੈ ਸਿਖੀ ਲਭੈ ਕਭ ਕੋਇ।** □



 www.punjabilibrary.com

**ਅਮਾਮ ਅਬੂ ਹਨੀਫ਼ਾ**

ਪਹਿਲੇ ਚਾਰ ਅਮਾਮਾਂ, ਹੰਬਲ, ਸਾਫ਼ੀ, ਮਲਕ ਅਤੇ ਹਨੀਫ਼ਾਂ ਵਿਚੋਂ ਇਹ ਇਕ ਸਨ। ਆਪ ਜੀ ਦਾ ਨਾਂ ਤਾਂ ਨਯਮਾਨ ਸੀ ਪਰ ਜਦ ਆਪ ਜੀ ਦੀ ਬੇਟੀ ਹਨੀਫ਼ਾ ਨੇ ਇਹ ਅੜਾਉਣੀ ਕਿ ਸ਼ਰਾਅ ਵਿਚ ਮਰਦ ਨੂੰ ਤਾਂ ਚਾਰ ਨਿਕਾਹ ਕਰਨ ਦੀ ਇਜਾਜ਼ਤ ਹੈ ਪਰ ਔਰਤਾਂ ਨੂੰ ਕਿਉਂ ਨਹੀਂ, ਖੋਲ੍ਹ ਦਿੱਤੀ ਤਾਂ ਆਪ ਜੀ ਨੇ ਆਪਣੇ ਨਾਮ ਨਾਲ ਹਨੀਫ਼ਾ ਲਗਾਉਣਾ ਆਰੰਭ ਕਰ ਦਿੱਤਾ।

ਕਿਤਨੇ ਸ਼ਰਾਅ ਦੇ ਪਾਬੰਦ ਸਨ, ਉਸ ਦੀ ਉਦਾਹਰਣ ਦੇਂਦੇ ਹਨ ਕਿ ਕਿਸੇ ਨੇ ਆਪ ਕੋਲੋਂ ਕਰਜ਼ ਲਿਆ ਸੀ। ਉਸ ਕਰਜ਼ਾਈ ਦੇ ਇਲਾਕੇ ਵਿਚ ਕਿਸੇ ਦੀ ਮੌਤ ਹੋ ਗਈ। ਜਨਾਜ਼ੇ ਵਿਚ ਸ਼ਾਮਲ ਹੋਣ ਲਈ ਉਥੇ ਪੁੱਜੇ ਤਾਂ ਧੁੱਪ ਕੜਕ ਰਹੀ ਸੀ। ਸਿਰਫ਼ ਇਕ ਦੀਵਾਰ ਕੋਲ ਛਾਂ ਸੀ। ਲੋਕਾਂ ਨੇ ਕਿਹਾ ਕਿ ਇਸ ਪਾਸ ਆ ਜਾਓ ਤਾਂ ਅਬੂ ਹਨੀਫ਼ਾ ਕਹਿਣ ਲੱਗੇ ਕਿ ਜਿਸ ਬੰਦੇ ਦਾ ਘਰ ਹੈ, ਉਹ ਮੇਰਾ ਕਰਜ਼ਾਈ ਹੈ ਤੇ ਹਦੀਸ ਵਿਚ ਲਿਖਿਆ ਹੈ ਕਿ ਕਰਜ਼ ਕਰਕੇ ਜੋ ਨਫ਼ਾ ਵੀ ਹਾਸਲ ਹੋਵੇ, ਉਹ ਸੂਦ ਹੈ ਤੇ ਮੈਂ ਜੋ ਛਾਂ ਲੈ ਲਈ ਤਾਂ ਇਹ ਸੂਦ ਹੀ ਹੋਵੇਗਾ।

ਆਪ ਕਿਹਾ ਕਰਦੇ ਸਨ ਕਿ ਬਹੁਤੇ ਲੋਕੀਂ ਆਪਣੀ ਉਹ ਤਾਰੀਫ਼ ਸੁਣਨਾ ਪਸੰਦ ਕਰਦੇ ਹਨ ਜੋ ਉਨ੍ਹਾਂ ਵਿਚ ਨਹੀਂ ਹੁੰਦੀ। ਇਸ ਤੋਂ ਬਚਣਾ ਬਹੁਤ ਜ਼ਰੂਰੀ ਹੈ। ਕਦੀ ਆਪ ਜੀ ਨੂੰ ਕਿਸੇ ਨੇ ਇਕੱਲਿਆਂ ਲੱਤਾਂ ਪਸਾਰ ਬੈਠੇ ਨਹੀਂ ਸੀ ਤਕਿਆ। ਕਹਿੰਦੇ ਸਨ ਕਿ ਮਜਲਸ ਵਿਚ ਲੱਤਾਂ ਪਸਾਰ ਬੈਠਣਾ ਜੇ ਬੇ-ਅਦਬੀ ਹੈ ਤਾਂ ਇਕੱਲਿਆਂ ਵੀ ਨਹੀਂ ਬੈਠਣਾ ਚਾਹੀਦਾ। ਇਸ ਨਾਲ ਅੱਲਾਹ ਦਾ ਅਦਬ ਨਹੀਂ ਰਹਿੰਦਾ।

ਕਿਹਾ ਕਰਦੇ ਸਨ ਕਿ ਜਦ ਆਗੂ ਬਣੋ ਤਾਂ ਜੋ ਦੂਜਿਆਂ ਨੂੰ ਕਹੋ, ਉਸ ਤੇ ਅਮਲ ਜ਼ਰੂਰ ਕਰੋ। ਕਿਉਂਕਿ ਇਲਮ ਬਿਨਾਂ ਅਮਲ ਇੰਜ ਹੈ ਜਿਵੇਂ ਜਿਸਮ ਬਗੈਰ ਰੂਹ ਦੇ। ਇਥੋਂ ਤਕ ਅਲਾਹ ਨੂੰ





www.punjabilibrary.com

ਪਿਆਰੇ ਸਨ ਕਿ ਇਕ ਵਾਰੀ ਯਾਹੀਆ ਨੇ ਸੁਪਨੇ ਵਿਚ ਖ਼ੁੱਦਾ ਨੂੰ ਪੁੱਛਿਆ ਕਿ ਤੁਹਾਨੂੰ ਕਿਥੇ ਢੂੰਡਾਂ ਤਾਂ ਜਵਾਬ ਮਿਲਿਆ ਸੀ : ਅਬੂ ਹਨੀਫ਼ਾ ਪਾਸ ।

ਇਨ੍ਹਾਂ ਦੀ ਪ੍ਰਸਿੱਧ ਪੁਸਤਕ ਮਸਨਦ ਹੈ ਜਿਸ ਵਿਚ ਇਸਲਾਮ ਦੀ ਮੁੱਢਲੀ ਤਾਲੀਮ ਨੂੰ ਬੜੇ ਵਿਸਥਾਰ ਨਾਲ ਲਿਖਿਆ ਹੈ । ਇਕ ਪੁਸਤਕ ਮੁਅਲਮ-ਉਲ-ਇਸਲਾਮ ਵਿਚ ਥੋੜ੍ਹੇ ਬਚਨਾਂ ਵਿਚ ਇਸਲਾਮ ਦਾ ਸਾਰ ਦਿੱਤਾ ਹੈ । □



 www.punjabilibrary.com

ਹਸਨ ਬਸਰੀ

ਹਸਨ ਬਸਰੀ ਬਾ-ਅਮਲ ਆਲਮ ਸੀ । ਆਪ ਜੀ ਦੀ ਮਾਂ ਹਜ਼ਰਤ ਮੁਹੰਮਦ ਸਾਹਿਬ ਦੀ ਲੜਕੀ ਸਲਮਾ ਦੀ ਕਨੀਜ਼ ਸੀ । ਜਦ ਮਾਂ ਸੇਵਾ ਵਿਚ ਜੁੱਟਦੀ ਤਾਂ ਸਲਮਾ ਆਪਣਾ ਦੁੱਧ ਵੀ ਪਿਲਾ ਦੇਂਦੀ ਤਾਂ ਕਿ ਬਾਲ ਚੁੱਪ ਰਹੇ । ਹਜ਼ਰਤ ਮੁਹੰਮਦ ਸਾਹਿਬ ਨੇ ਵੀ ਇਕ ਵਾਰੀ ਹਸਨ ਨੂੰ ਗੋਦ ਵਿਚ ਲੈ ਖਿਡਾਇਆ ਸੀ ।

ਇਕ ਵਾਰੀ ਹਸਨ ਸਫ਼ਰ ਤੇ ਸੀ ਤਾਂ ਦੇਖ ਹੈਰਾਨ ਹੋਇਆ ਕਿ ਪਹਿਲਾਂ ਫ਼ੌਜ ਦੇ ਸਿਪਾਹੀ ਇਕ ਖ਼ੇਮੇ ਅੰਦਰ ਗਏ ਤੇ ਵਾਪਸ ਮੁੜ ਆਏ । ਫਿਰ ਹਕੀਮ ਆਲਮ ਗਏ ਉਹ ਵੀ ਵਾਪਸ ਆ ਗਏ । ਫਿਰ ਖ਼ੂਬਸੂਰਤ ਔਰਤਾਂ ਗਈਆਂ ਉਹ ਵੀ ਮੁੜ ਆਈਆਂ ਤੇ ਪਿੱਛੋਂ ਬਾਦਸ਼ਾਹ ਅਤੇ ਵਜ਼ੀਰ ਵੀ । ਹਸਨ ਬਸਰੀ ਨੇ ਪੁੱਛਿਆ ਕਿ ਇਹ ਕੌਣ ਹਨ ਤਾਂ ਦਸਿਆ ਗਿਆ ਕਿ ਖ਼ੇਮੇ ਅੰਦਰ ਬਾਦਸ਼ਾਹ ਦੇ ਪੁੱਤਰ ਦੀ ਲਾਸ਼ ਪਈ ਹੋਈ ਹੈ । ਪਹਿਲਾਂ ਫ਼ੌਜੀ ਜਰਨੈਲ ਗਿਆ ਤੇ ਕਹਿਣ ਲੱਗਾ ਕਿ ਜੇ ਜੰਗ ਨਾਲ ਮੌਤ ਟਲ ਸਕਦੀ ਤਾਂ ਜੰਗ ਕਰਕੇ ਤੇਰੀ ਜਾਨ ਬਚਾ ਲੈਂਦੇ । ਅਲਾਹ ਤਾਅਲਾ ਨਾਲ ਜੰਗ ਕਰਨੀ ਅਸੰਭਵ ਹੈ। ਫਿਰ ਹਕੀਮ ਆ ਕੇ ਕਹਿ ਗਏ ਕਿ ਜੇ ਹਿਕਮਤ ਤੇ ਅਕਲ ਨਾਲ ਮੌਤ ਰੋਕੀ ਜਾਂਦੀ ਤਾਂ ਰੋਕ ਲੈਂਦੇ । ਫਿਰ ਔਰਤਾਂ ਕਹਿੰਦੀਆਂ ਗਈਆਂ ਕਿ ਜੇ ਹੁਸਨ ਜਮਾਲ ਨਾਲ ਟਾਲੀ ਜਾ ਸਕਦੀ ਤਾਂ ਟਾਲ ਸਕਦੇ ਤੇ ਅਖ਼ੀਰ ਬਾਦਸ਼ਾਹ ਆ ਕੇ ਕਹਿੰਦਾ ਹੈ ਕਿ ਬੇਟਾ ਤਕਦੀਰ ਅਲਾਹੀ ਨੂੰ ਕੋਈ ਟਾਲ ਨਹੀਂ ਸਕਦਾ । ਸੋ ਅਲਵਿੱਦਾ ! ਐਸਾ ਅਸਰ ਹੋਇਆ ਹਸਨ ਤੇ ਕਿ ਵਿਸਮਾਦ ਵਿਚ ਚਲੇ ਗਏ ਅਤੇ ਸੱਤਰ ਸਾਲ ਤਕ ਹੀ ਸਿਜਦੇ ਵਿਚ ਰਹੇ । ਕਿਸੇ ਸਮਕਾਲੀ ਦਰਵੇਸ਼ਾਂ ਕੋਲੋਂ ਪੁੱਛਿਆ ਕਿ ਹਸਨ ਦਾ ਇਤਨਾ ਉੱਚਾ ਦਰਜਾ ਕਿਉਂ ਹੈ ਤਾਂ ਕਹਿਣ ਲੱਗੇ ਕਿ ਦੁਨੀਆਂ ਇਲਮ ਪਿੱਛੇ ਨਸਦੀ ਹੈ, ਇਹ ਅਲਾਹ ਪਾਕ ਪਿੱਛੇ ।

ਜਦ ਕਿਸੇ ਇਨ੍ਹਾਂ ਤੋਂ ਪੁੱਛਿਆ :

ਇਸਲਾਮ ਕੀ ਹੈ ਅਤੇ ਮੁਸਲਮਾਨ ਕਿਸ ਨੂੰ ਕਹਿੰਦੇ ਹਨ ?



 www.punjabilibrary.com

ਤਾਂ ਬੜਾ ਸੋਹਣਾ ਕਿਹਾ :

ਇਸਲਾਮ ਕਿਤਾਬ ਵਿਚ
ਮੁਸਲਮਾਨ ਕਬਰ ਵਿਚ ।

ਇਕ ਵਾਰੀ ਇਹ ਵੀ ਆਖਿਆ ਸੀ ਜਦ ਕਿਸੇ ਕਿਹਾ ਕਿ ਅਸੀਂ ਤਾਂ ਸੁੱਤੇ ਹੋਏ ਹਾਂ, ਤੁਹਾਡੇ ਉਪਦੇਸ਼ਾਂ ਦਾ ਅਸਰ ਕਿਵੇਂ ਹੋਵੇਗਾ ਤਾਂ ਕਹਿਣ ਲਗੇ :

ਸੁੱਤੇ ਨੂੰ ਤਾਂ ਫਿਰ ਵੀ ਜਗਾਇਆ ਜਾ ਸਕਦਾ ਹੈ ਪਰ ਮੁਰਦਾ ਦਿਲਾਂ ਦੀ ਬੇਦਾਰੀ ਮੁਮਕਿਨ ਨਹੀਂ । ਮੁਰਦਾ ਦਿਲੀ ਵਿਚ ਤਬਾਹੀ ਛੁਪੀ ਹੈ ।

ਮੁਰਦਾ ਦਿਲੀ ਦੀ ਵਿਆਖਿਆ ਕਰਦੇ ਕਿਹਾ :

ਜਿਨ੍ਹਾਂ ਦਾ ਹਰ ਵੇਲੇ ਧਿਆਨ ਦੁਨੀਆਂ ਵੱਲ ਹੈ ।

ਕਿਤਨੀ ਅਧੀਨਗੀ ਸੀ ਕਿ ਇਕ ਵਾਰ ਅਲਾਹ ਦੀ ਯਾਦ ਵਿਚ ਛੱਤ ਤੇ ਬੈਠੇ ਇਤਨੇ ਰੋਏ ਕਿ ਕੁਝ ਤੁਪਕੇ ਰਾਹ ਜਾਂਦੇ ਮੁਸਾਫ਼ਰ ਤੇ ਪੈ ਗਏ । ਉਸ ਉੱਚੀ ਆਵਾਜ਼ ਦੇ ਕੇ ਪੁੱਛਿਆ ਕਿ ਇਹ ਗੰਦਾ ਪਾਣੀ ਤਾਂ ਨਹੀਂ ਤਾਂ ਆਪ ਨੇ ਕਿਹਾ :

**ਭਰਾਵਾ ! ਇਹ ਗੁਨਾਹਗਾਰ ਦੇ ਅੱਸੂ ਹਨ, ਕਪੜੇ ਧੋ ਲਵੀਂ ।**

ਨਸੀਅਤ ਹਮੇਸ਼ਾ ਇਹ ਦੇਂਦੇ ਕਿ ਜੇ ਅਲਾਹ ਤੁਹਾਡੀ ਅਗਵਾਈ ਨਹੀਂ ਕਰ ਰਿਹਾ ਤਾਂ ਤੁਸੀਂ ਭਟਕੇ ਕਿ ਭਟਕੇ ।

੮੯ ਸਾਲ ਦੀ ਉਮਰ ਵਿਚ ੧੧ ਅਕਤੂਬਰ ਸੰਨ ੭੨੮ ਨੂੰ ਦਿਹਾਂਤ ਹੋਇਆ ਤੇ ਦਬਾਇਆ ਬਸਰਾ ਹੀ ਗਿਆ । □


www.punjabilibrary.com

ਰਾਬਅ ਬਸਰੀ

ਰਾਬਅ ਬਸਰੀ ਉਹ ਦਰਵੇਸ਼ ਔਰਤ ਹੈ ਜਿਸ ਦਾ ਪਵਿੱਤਰਤਾ ਅਖਾਣ ਹੈ। ਕਹਿੰਦੇ ਹਨ ਕਿ ਜਦ ਹੱਜ ਕਰਨ ਗਈ ਤਾਂ 'ਮੱਕਾ' ਆਪ ਲੈਣ ਲਈ ਆਇਆ ਤਾਂ ਵੀ ਇਸ ਖ਼ੁਦਾ ਨੂੰ ਪੁੱਜੀ ਨੇ ਕਿਹਾ : ਮੈਨੂੰ ਮੱਕਾ ਨਹੀਂ ਮਕੀਂ (ਜੋ ਅੰਦਰ ਵੱਸਦਾ ਹੈ) ਚਾਹੀਦਾ ਹੈ।

> ਹਜ਼ਰਤ ਹਸਨ ਨੇ ਜਦ ਉਪਦੇਸ਼ ਮੰਗਿਆ ਤਾਂ ਉਸ ਨੂੰ ਤਿੰਨ ਚੀਜ਼ਾਂ : ਮੋਮ, ਸੂਈ ਤੇ ਵਾਲ ਭੇਜਿਆ।
>
> ਭਾਵ ਸੀ : ਆਪਣੇ ਆਪ ਨੂੰ ਮੋਮ ਵਾਂਗ ਪਿਘਲਾ ਕੇ ਰੌਸ਼ਨੀ ਬਿਖੇਰ; ਸੂਈ ਵਾਂਗ ਤਨ-ਤਨਹਾ ਪਾਟੇ ਸੀਵੀਂ ਜਾ
>
> **ਅਤੇ**
>
> ਜਦ ਦੋਨੋਂ ਕੰਮ ਸਰੰਜਾਮ ਦੇ ਲਵੇਂਗਾ ਤਾਂ ਵਾਲ ਵਾਂਗੂ ਹੋ ਜਾਏਂਗਾ ਤੇ ਤੁਹਾਡਾ ਕੋਈ ਕੰਮ ਅੜੇਗਾ ਨਹੀਂ।

ਰਾਬਅ ਕਿਵੇਂ ਗੱਲ ਖੋਲ੍ਹ ਸਮਝਾਂਦੀ ਸੀ ਉਸ ਦੀ ਮਿਸਾਲ ਹੈ ਕਿ ਇਕ ਵਾਰੀ ਇਕ ਬੰਦੇ ਨੂੰ ਸਿਰ ਤੇ ਘੁੱਟ ਕੇ ਪੱਟੀ ਬੰਨ੍ਹੀ ਦੇਖ ਕਹਿਣ ਲੱਗੀ ਕਿ ਇਹ ਪੱਟੀ ਕਿਉਂ ਬੰਨ੍ਹੀ ਬੈਠਾ ਹੈਂ ਤਾਂ ਉਸ ਨੇ ਕਿਹਾ : ਸਿਰ ਵਿਚ ਦਰਦ ਹੈ। ਰਾਬਅ ਨੇ ਪੁੱਛਿਆ ਕਿ ਤੇਰੀ ਉਮਰ ਕਿਤਨੀ ਹੈ। ਉਸ ਨੇ ਕਿਹਾ : ਤੀਹ ਸਾਲ ਤਾਂ ਉਸ ਨੂੰ ਝੰਜੂੜਦੇ ਕਹਿਣ ਲੱਗੀ :

> ਤੀਹ ਸਾਲ ਕਦੇ ਸਿਹਤਮੰਦੀ ਦੇ ਸ਼ੁਕਰਾਨੇ ਵਿਚ ਤਾਂ ਪੱਟੀ ਬੰਨ੍ਹੀ ਨਾ ਅਤੇ ਰਤਾ ਕੁ ਪੀੜ ਹੋਈ ਤਾਂ ਸ਼ਿਕਾਇਤ ਦੀ ਪੱਟੀ ਬੰਨ੍ਹ ਬੈਠ ਗਏ।

ਇਕ ਵਾਰੀ ਇਨ੍ਹਾਂ ਦੇ ਸਾਹਮਣੇ ਹੀ ਹਸਨ ਬਸਰੀ, ਮਾਲਿਕ ਬਿਨ ਦੀਨਾਰ ਤੇ ਸ਼ਫ਼ੀਕ ਬਲਖੀ, ਵਿਚਾਰ ਪਏ ਕਰਦੇ ਸਨ ਕਿ 'ਸਿਦਕ' ਕੀ ਹੁੰਦਾ ਹੈ ਤਾਂ ਹਸਨ ਨੇ ਕਿਹਾ ਕਿ ਖ਼ੁਦਾ ਅਸਹਿ ਸੱਟ ਮਾਰੇ ਫਿਰ ਵੀ ਨਾ ਬੋਲੇ। ਰਾਬਅ ਕਹਿਣ ਲਗੀ : ਇਸ ਵਿਚੋਂ ਤਾਂ ਹੰਕਾਰ ਝਲਕਦਾ ਹੈ। ਸ਼ਫ਼ੀਕ ਨੇ ਕਿਹਾ : ਦੁੱਖ ਵਿਚ ਸ਼ੁਕਰ ਕਰੇ।



www.punjabilibrary.com

ਰਾਬਅ ਕਹਿਣ ਲੱਗੀ : ਨਹੀਂ ਸਿਦਕ ਇਸ ਤੋਂ ਉੱਚੀ ਸ਼ੈ ਹੈ।

ਮਾਲਕ ਬੋਲਿਆ : ਵਾਹਿਗੁਰੂ ਵਲੋਂ ਦਿੱਤੇ ਦੁੱਖ ਵਿਚ ਲੱਜ਼ਤ (ਸਵਾਦ) ਲਵੇ। ਪਰ ਰਾਬਅ ਨੇ ਫਿਰ ਵੀ ਇਹ ਹੀ ਕਿਹਾ ਕਿ ਨਹੀਂ; ਸਿਦਕ ਬਹੁਤ ਉਚੇਰੀ ਚੀਜ਼ ਹੈ।

ਸਭ ਦੇ ਪੁੱਛਣ ਤੇ ਕਿਹਾ : ਅਲਾਹ ਦਾ ਦੀਦਾਰ ਪਾਏ ਲੋਕ ਆਪਣੇ ਜ਼ਖ਼ਮਾਂ ਦੀਆਂ ਪੀੜਾਂ ਦਾ ਜ਼ਿਕਰ ਵੀ ਨਹੀਂ ਕਰਦੇ। ਇਹ ਹੈ ਸਿਦਕ।

ਰਾਬਅ ਦੀ ਦੱਸੀ ਉਪਮਾ ਮੁਤਾਬਕ ਤਾਂ ਹਰ ਸਿੱਖ ਸਿਦਕ ਦੀ ਮੂਰਤ ਸੀ। ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਇਤਨੇ ਉੱਚੇ ਹੋ ਗਏ ਸਨ ਸਿੱਖ ਕਿ

**ਕੋਈ ਨਾ ਕਰੇ ਕਿਸੀ ਸ਼ਰੀਕਾ।**
**ਕੋਈ ਨਾ ਸੁਣਾਵੈ ਦੁਖ ਨਿਜ ਜੀਅ ਕਾ।**

ਰਾਬਅ ਨੇ ਹੀ ਬਗ਼ਦਾਦ ਤੋਂ ਮਦੀਨਾ ਨਹਿਰ ਕਾਰ ਸੇਵਾ ਕਰ ਕੇ ਬਣਾਈ ਸੀ ਤਾਂ ਕਿ ਲੋਕੀਂ ਰੱਜ ਰੱਜ ਜਲ ਪੀਣ। ❑



 www.punjabilibrary.com

**ਜੁਨੈਦ ਬਗ਼ਦਾਦੀ**

ਜੁਨੈਦ ਬਗ਼ਦਾਦੀ ਨੂੰ ਆਪਣੇ ਸਮੇਂ ਹੀ ਸਮਕਾਲੀਆਂ ਕੋਲੋਂ ਬਹੁਤ ਮਾਣ ਮਿਲਿਆ। ਲੋਕਾਂ ਨੇ ਉਹਨਾਂ ਨੂੰ ਸ਼ੇਖ਼ਾਂ ਦੇ ਸ਼ੇਖ਼, ਜ਼ਾਹਰ-ਇ-ਕਾਮਲ, ਕਰਣੀ ਤੇ ਕਹਿਣੀ ਦਾ ਸੂਰਮਾ ਤਕ ਕਿਹਾ ਪਰ ਈਰਖਾਲੂ ਤੇ ਵਿਰੋਧੀਆਂ ਨੇ ਉਹਨਾਂ ਨੂੰ ਬੇਦੀਨ (ਸੰਦੀਕ) ਤੇ ਕ਼ਾਫ਼ਰ ਤਕ ਵੀ ਗਰਦਾਨਿਆ। ਇਕ ਵਾਰੀ ਜੁਨੈਦ ਦੇ ਹੀ ਉਸਤਾਦ ਸਗੇ ਸਕਤੀ ਕੋਲੋਂ ਕਿਸੇ ਪੁੱਛਿਆ : ਕੀ ਕਦੀ ਕਿਸੇ ਸ਼ਗਿਰਦ ਦਾ ਰੁਤਬਾ ਵੀ ਉਸਤਾਦ ਤੋਂ ਉੱਚਾ ਹੋ ਜਾਂਦਾ ਹੈ ? 'ਹਾਂ ਮੇਰਾ ਹੀ ਵਿਦਿਆਰਥੀ ਜੁਨੈਦ, ਮੇਰੇ ਤੋਂ ਬਹੁਤ ਅੱਗੇ ਲੰਘ ਗਿਆ ਹੈ', ਸਕਤੀ ਦਾ ਕਹਿਣਾ ਸੀ।

ਬਚਪਨ ਤੋਂ ਹੀ ਸੂਝ ਅਜਿਹੀ ਪਾ ਲਈ ਸੀ ਕਿ ਉਲਝਣਾਂ ਹੱਲ ਕਰਨ ਲੱਗ ਪਏ ਸਨ। ਇਕ ਵਾਰੀ ਬਾਲਕ ਜੁਨੈਦ ਨੇ ਕੀ ਡਿੱਠਾ ਕਿ ਬਾਪ ਦੀਆਂ ਅੱਖੀਆਂ ਭਰੀਆਂ ਹੋਈਆਂ ਹਨ, ਰੋਣਹਾਕੇ ਹੋਏ ਹੋਏ ਹਨ। ਕਾਰਨ ਪੁੱਛਿਆ ਤਾਂ ਪਤਾ ਲੱਗਾ ਕਿ ਪਿਤਾ ਨੇ ਜ਼ਕਾਤ ਦੀ ਰਕਮ ਆਪਣੇ ਸਾਲੇ ਨੂੰ ਭੇਜੀ ਸੀ ਪਰ ਪਿਤਾ ਨੂੰ ਦੁੱਖ ਇਸ ਗੱਲ ਦਾ ਹੋਇਆ ਕਿ ਜਿਸ ਮਾਲ ਨੂੰ ਹਾਸਲ ਕਰਨ ਲਈ ਜੀਵਨ ਲਗਾ ਦਿੱਤਾ, ਉਸ ਨੂੰ ਖ਼ੁੱਦਾ ਦੇ ਦੋਸਤ ਪਸੰਦ ਨਹੀਂ ਕਰਦੇ। ਇਹ ਸੁਣ ਕੇ ਜੁਨੈਦ ਰੁਪਿਆਂ ਦੀ ਥੈਲੀ ਲੈ ਕੇ ਮਾਮੇ ਸਕਤੀ ਪਾਸ ਗਏ ਤੇ ਰਕਮ ਕਬੂਲ ਕਰਨ ਲਈ ਕਿਹਾ। ਮਾਮੇ ਨੇ ਫਿਰ ਇਨਕਾਰ ਕੀਤਾ ਤਾਂ ਜੁਨੈਦ ਨੇ ਕਿਹਾ : ਸਹੁੰ ਹੈ ਉਸ ਜ਼ਾਤ ਦੀ ਜਿਸ ਨੇ ਆਪ ਤੇ ਇਤਨੀ ਕਿਰਪਾ ਕੀਤੀ ਤੇ ਮੇਰੇ ਬਾਪ ਨੂੰ ਇਤਨੀ ਸੂਝ ਦਿੱਤੀ ਕਿ ਰਕਮ ਆਪ ਜੀ ਪਾਸ ਹੀ ਭੇਜੇ। ਹੁਣ ਤੁਸੀਂ ਲਵੋ ਜਾਂ ਨਾਂਹ। ਪਿਤਾ ਦੀ ਜ਼ਕਾਤ ਪੂਰੀ ਹੋ ਗਈ। ਇਹ ਸੁਣਦੇ ਹੀ ਮਾਮੇ ਨੇ ਭਣੇਏ ਨੂੰ ਜੱਫੀ ਵਿਚ ਲੈ ਲਿਆ ਤੇ ਕਿਹਾ : ਜ਼ਕਾਤ ਤੋਂ ਪਹਿਲਾਂ ਤੈਨੂੰ ਕਬੂਲ ਕਰਦਾ ਹਾਂ। ਸੱਤ ਸਾਲ ਮਾਮੇ ਪਾਸ ਰਹਿ ਵਿਦਿਆ ਪ੍ਰਾਪਤ ਕੀਤੀ।

ਮੱਕਾ ਦੀ ਹੱਜ ਨੂੰ ਜਦ ਮਾਮੇ ਸਰੀ ਸਕਤੀ ਨਾਲ ਗਏ ਤਾਂ



www.punjabilibrary.com

ਦੇਖਿਆ ਕਿ ਚਾਰ ਸੂਫ਼ੀ 'ਸ਼ੁਕਰ' ਦੇ ਮਸਲੇ ਤੇ ਬਹਿਸ ਪਏ ਕਰਦੇ ਹਨ। ਮਾਮੇ ਨੇ ਜੁਨੈਦ ਨੂੰ ਕਿਹਾ ਕਿ ਤੂੰ ਵੀ ਇਸ ਬਾਰੇ ਕੁਝ ਆਖ। ਬੜੀ ਨਿਮਰਤਾ ਨਾਲ ਸਿਰ ਝੁਕਾ ਕੇ ਜੁਨੈਦ ਨੇ ਕਿਹਾ : ਜਦ ਖ਼ੁਦਾ ਨਿਆਮਤਾਂ ਨਾਲ ਝੋਲੀਆਂ ਭਰ ਦੇਵੇ ਤਾਂ ਉਸ ਨੂੰ ਕਦੇ ਨਾ ਵਿਸਾਰਨਾ ਹੀ ਸ਼ੁਕਰ ਦੀ ਨਿਸ਼ਾਨੀ ਹੈ। ਸਾਰੇ ਸੂਫ਼ੀਆਂ ਨੇ ਅਸ਼ੀਰਵਾਦ ਦਿੱਤੀ ਕਿ ਇਹ ਬਾਲਕ ਨਾਮਣਾ ਖੱਟੇਗਾ। ਮੱਕਾ ਤੋਂ ਜੁਨੈਦ ਬਗ਼ਦਾਦ ਆ ਗਏ ਤੇ ਉਥੇ ਸ਼ੀਸ਼ਿਆਂ ਦੀ ਦੁਕਾਨ ਪਾ ਲਈ। ਕਿਰਤ ਕਰਦੇ ਨਮਾਜ਼ ਕਦੇ ਨਾ ਖੁੰਝਾਈ। ਦੁਕਾਨ ਛੱਡ ਫਿਰ ਸਕਤੀ ਪਾਸ ਤ੍ਰੀਹ ਸਾਲ ਰਹੇ। ਗਈ ਰਾਤ ਦੀ ਨਮਾਜ਼ ਪੜ੍ਹ ਕੇ ਯਾਦ ਵਿਚ ਜੁੜ ਜਾਂਦੇ ਤੇ ਫ਼ਜਰ (ਸਵੇਰ) ਦੀ ਨਮਾਜ਼ ਅਦਾ ਕਰ ਕੇ ਫਿਰ ਅਬਾਦਤ ਵਿਚ ਲੱਗ ਜਾਂਦੇ।

ਚਾਲੀ ਸਾਲਾਂ ਬਾਅਦ ਹੰਕਾਰ ਹੋ ਗਿਆ ਕਿ ਮੈਂ ਤਾਂ ਅਲਾਹ ਦੇ ਦਰ ਪੁੱਜ ਗਿਆ ਹਾਂ ਤਾਂ ਉਸੇ ਵੇਲੇ ਅੰਦਰੋਂ ਹੀ ਫਿਟਕਾਰ ਮਿਲੀ ਕਿ ਇਹ ਤੂੰ ਕੀ ਕਾਫ਼ਰਾਂ ਵਾਂਗ ਸੋਚ ਰਿਹਾ ਹੈਂ, ਅਜੇ ਤਾਂ ਤੇਰਾ ਵਜੂਦ ਕਾਇਮ ਹੈ। ਇਸ ਪਿਛੋਂ ਅਥਾਹ ਦੀ ਅਧੀਨਗੀ ਆਈ।

ਇਕ ਵਾਰੀ ਸਮੇਂ ਦੇ ਖ਼ਲੀਫ਼ੇ ਨੇ ਇਮਤਿਹਾਨ ਵਜੋਂ ਇਕ ਖ਼ੂਬਸੂਰਤ ਕਨੀਜ਼ ਨੂੰ ਗਹਿਣੇ ਤੇ ਭੜਕੀਲੇ ਕਪੜੇ ਪਵਾ ਜੁਨੈਦ ਪਾਸ ਭੇਜਿਆ ਕਿ ਜਾ ਕੇ ਆਖੀਂ : ਮੈਂ ਇਕ ਅਮੀਰਜ਼ਾਦੀ ਹਾਂ, ਮੇਰੇ ਨਾਲ ਵਿਆਹ ਕਰ ਲੈ, ਸੁਖ ਮਾਣੇਂਗਾ। ਜਦ ਉਹ ਔਰਤ ਪੜ੍ਹੀ ਪੜ੍ਹਾਈ ਬਗ਼ਦਾਦੀ ਪਾਸ ਪੁੱਜੀ ਤਾਂ ਜੁਨੈਦ ਨੇ ਸਿਰ ਝੁਕਾ, ਇਕ ਐਸੀ ਆਹ ਭਰੀ ਕਿ ਉਹ ਕਨੀਜ਼ ਥਾਂ ਹੀ ਮਰ ਗਈ। ਖ਼ਲੀਫ਼ਾ ਜਦ ਮਾੜਾ ਚੰਗਾ ਕਹਿਣ ਆਇਆ ਤਾਂ ਜੁਨੈਦ ਨੇ ਕਿਹਾ : ਤੂੰ ਕਾਹਦਾ ਮੋਮਨ ਕਹਿਲਵਾਂਦਾ ਹੈਂ। ਤੈਨੂੰ ਤਾਂ ਅਸੀਸ ਭੇਜਣੀ ਚਾਹੀਦੀ ਸੀ ਪਰ ਤੂੰ ਮੇਰੀ ਚਾਲੀ ਸਾਲਾ ਕਮਾਈ ਲੁੱਟਣ ਦੀ ਸੋਚਣ ਲੱਗਾ।

ਲੋਕਾਂ ਪੁੱਛਿਆ ਕਿ ਇਤਨਾ ਸੋਹਣਾ ਦਿਲਖਿਚਵਾਂ ਬੋਲ ਕਿਵੇਂ ਲੈਂਦੇ ਹੋ। ਇੰਝ ਲਗਦਾ ਹੈ ਕਿ ਜਿਵੇਂ ਅਲਾਹ ਤੁਹਾਡੀ ਜ਼ਬਾਨ ਤੇ ਬੋਲ ਰਿਹਾ ਹੈ। ਤਾਂ ਕਹਿਣ ਲੱਗੇ ਕਿ ਇਹ ਤਾਂ ਅਲਾਹ ਦੀ ਬਰਕਤ ਹੈ। ਮੁਰਸ਼ਦ ਦੇ ਦਰ ਖੜੇ ਹੋ, ਦੋ ਸੌ ਬਜ਼ੁਰਗਾਂ ਦੇ ਜੋੜੇ ਝਾੜ, ਗੱਲ ਕਹਿਣ ਦੀ ਜਾਚ ਪਾਈ ਹੈ।

ਇਕ ਸੰਭਾਲ ਸਾਰੀ ਉਮਰ ਜ਼ਰੂਰ ਰੱਖੀ ਕਿ ਵੱਡੇ ਇਕੱਠਾਂ ਵਿਚ ਨਾ ਬੋਲਦੇ। ੪੦ ਤੋਂ ਵੱਧ ਬੰਦੇ ਹੋਣ ਤਾਂ ਕਹਿੰਦੇ ਬੜੀ ਭੀੜ ਹੋ ਗਈ ਹੈ। ਇਕ ਹੋਰ ਪੁੱਛ ਦੇ ਉੱਤਰ ਵਿਚ ਕਿਹਾ ਸੀ : ਇਹ ਸਭ ਉੱਚੇ ਦਰਜੇ ਭੁੱਖ ਮਾਰ, ਦੁਨੀਆਂ ਤੋਂ ਦੂਰ ਹੋ, ਰਾਤਾਂ ਜਾਗ ਪਾਏ ਹਨ।


www.punjabilibrary.com

ਕਿਸ ਉਚਿਤਾਈ ਨੂੰ ਜੁਨੈਦ ਪੁੱਜ ਗਿਆ ਸੀ ਉਸ ਦਾ ਅੰਦਾਜ਼ਾ ਇਥੋਂ ਲਗਾਓ ਕਿ ਇਕ ਵਾਰੀ ਕਹਿ ਉਠਿਆ ਕਿ ਜਦ ਰੋਜ਼ੇ ਹਸ਼ਰ ਵਾਲੇ ਦਿਨ ਅਲਾਹ ਦੀਦਾਰ ਦੇਵੇਗਾ ਤਾਂ ਮੈਂ ਹੱਥ ਜੋੜ ਆਖਾਂਗਾ : ਅੱਖ ਕਿਉਂਕਿ ਗ਼ੈਰ ਹੈ ਸੋ ਗ਼ੈਰ ਦੇ ਜ਼ਰੀਏ ਮੈਂ ਦੋਸਤ ਦਾ ਦਰਸ਼ਨ ਨਹੀਂ ਚਾਹੁੰਦਾ। ਇਸੇ ਲਈ ਜਦ ਕਦੇ ਨਿਮਾਜ਼ ਪੜ੍ਹਦੇ ਰਤਾ ਕੁ ਵੀ ਧਿਆਨ ਉਖੜ ਜਾਂਦਾ, ਦੁਨੀਆਂ ਵੱਲ ਧਿਆਨ ਚਲਾ ਜਾਂਦਾ, ਫਿਰ ਨਮਾਜ਼ ਪੜ੍ਹਦੇ। ਜਦ ਤਕ ਆਖ਼ਿਰ ਸਾਹਮਣੇ ਨਾ ਆਉਂਦੀ ਨਮਾਜ਼ ਪੜ੍ਹਦੇ ਹੀ ਰਹਿੰਦੇ।

ਦਸਦੇ ਹਨ ਕਿ ਇਕ ਵਾਰੀ ਕਿਸੇ ਹੋਰ ਦਰਵੇਸ਼ ਨੇ ਸੁਪਨੇ ਵਿਚ ਡਿੱਠਾ ਕਿ ਹਜ਼ਰਤ ਮੁਹੰਮਦ ਸਾਹਿਬ, ਉਹ ਤੇ ਜੁਨੈਦ ਇਕੱਠੇ ਬੈਠੇ ਹਨ। ਕਿਸੇ ਨੇ 'ਫ਼ਤਵਾ' (ਕੁਰਾਨ ਮਜੀਦ ਦੀ ਆਇਤ ਦਾ ਨਿਰਣਾ) ਲੈਣਾ ਚਾਹਿਆ ਤਾਂ ਮੁਹੰਮਦ ਸਾਹਿਬ ਨੇ ਜੁਨੈਦ ਵੱਲ ਇਸ਼ਾਰਾ ਕਰ ਦਿੱਤਾ ਤਾਂ ਪਾਸ ਬੈਠੇ ਦਰਵੇਸ਼ ਨੇ ਕਿਹਾ ਕਿ ਤੁਹਾਡੇ ਹੁੰਦਿਆਂ ਜੁਨੈਦ ਕਿਉਂ ਫ਼ਤਵਾ ਦੇਵੇ ਤਾਂ ਹਜ਼ਰਤ ਮੁਹੰਮਦ ਸਾਹਿਬ ਨੇ ਕਿਹਾ : ਹਰ ਨਬੀ ਨੂੰ ਆਪਣੀ ਉਮਤ ਤੇ ਫ਼ਖ਼ਰ ਹੁੰਦਾ ਹੈ ਤੇ ਮੈਨੂੰ ਉਮਤ ਵਿਚੋਂ ਜੁਨੈਦ ਤੇ ਸਭ ਤੋਂ ਜ਼ਿਆਦਾ ਫ਼ਖ਼ਰ ਹੈ।

ਮਹਿਮਾਨ ਨਿਵਾਜ਼ ਬੜੇ ਸਨ। ਜੇ ਕਦੇ ਦਿਹਾੜੀ ਕੋਈ ਮੁਸਲਮਾਨ ਮਹਿਮਾਨ ਘਰ ਆ ਜਾਂਦਾ ਤਾਂ ਰੋਜ਼ਾ ਤੋੜ ਦੇਂਦੇ। ਕਹਿੰਦੇ ਕਿ ਮਹਿਮਾਨ ਦਾ ਆਦਰ ਰੋਜ਼ੇ ਦੇ ਫਲ ਜਿਤਨਾ ਹੀ ਹੈ।

ਜੋ ਮਿਲੀ ਇਕਾਗਰਤਾ ਨੂੰ ਆਪਣੇ ਲਈ ਵਰਤਦੇ ਸਨ ਉਨ੍ਹਾਂ ਨੂੰ ਆੜੇ ਹੱਥੀਂ ਲੈਂਦੇ। ਇਕ ਵਾਰੀ ਆਪਣੇ ਅੰਗੂਠੇ ਦਾ ਦਰਦ ਆਪ ਹੀ ਦੂਰ ਕਰ ਲਿਆ ਤਾਂ ਅਵਾਜ਼ ਆਈ : ਕਲਾਮ ਨੂੰ ਖ਼ਾਹਿਸ਼ਾਂ ਦੀ ਪੂਰਤੀ ਲਈ ਵਰਤਦਾ ਹੈਂ। ਇਹ ਚੰਗਾ ਨਹੀਂ ਕਰ ਰਿਹਾ।

ਉਨ੍ਹਾਂ ਨੂੰ ਬੜਾ ਤਾੜਦੇ ਜੋ ਹਰ ਗੱਲੋਂ ਕਹਿੰਦੇ ਕਿ ਕਿਥੇ ਨੇ ਚੰਗੇ ਮੁਸਲਮਾਨ। ਇਕ ਐਸੇ ਹੀ ਸੱਜਣ ਦੇ ਮੂੰਹੋਂ ਇਹ ਸੁਣ ਕਹਿਣ ਲੱਗੇ : ਹਾਂ ! ਜੇ ਦੀਨੀ ਭਰਾ ਉਹ ਹੀ ਹਨ ਜੋ ਤੇਰੀਆਂ ਲੋੜਾਂ ਪੂਰੀਆਂ ਕਰਨ ਤਾਂ ਤੇ ਕੋਈ ਨਹੀਂ ਰਿਹਾ। ਨਾਂਹ ਭਾਈ ! ਬੜੇ ਹਨ ਜੋ ਉਸ ਦੀ ਯਾਦ ਵਿਚ ਜੁੜਦੇ ਹਨ।

'ਜਿਨ ਕੈ ਪਲੈ ਧਨ ਵਸੈ ਤਿਨ ਕਾ ਨਾਉ ਫਕੀਰ ਹੈ' ਦੀ ਬੜੀ ਸੋਹਣੀ ਵਿਆਖਿਆ ਇਕ ਵਾਰੀ ਕਰ ਦਿੱਤੀ। ਕਿਸੇ ਨੇ ਪੰਜ ਸੌ ਦੀਨਾਰ ਭੇਟ ਕੀਤੇ ਤਾਂ ਪੁੱਛਿਆ ਕਿ ਤੇਰੇ ਪਾਸ ਹੋਰ ਮਾਲ ਹੈ ਤਾਂ ਉਸ ਨੇ ਕਿਹਾ : ਹਾਂ।

ਫਿਰ ਪੁੱਛਣ ਲੱਗੇ : ਤੈਨੂੰ ਹੋਰ ਲੈਣ ਦੀ ਖ਼ਾਹਿਸ਼ ਹੈ। ਉਸ ਫਿਰ ਹਾਂ ਵਿਚ ਸਿਰ ਹਿਲਾਇਆ। ਇਹ ਸੁਣ ਕੇ ਕਹਿਣ ਲੱਗੇ


www.punjabilibrary.com

ਮੇਰੇ ਨਾਲੋਂ ਤੈਨੂੰ ਲੋੜ ਜ਼ਿਆਦਾ ਹੈ। ਮੇਰੇ ਪਾਸ ਮਾਲ ਨਹੀਂ ਪਰ ਖ਼ਾਹਿਸ਼ ਨਹੀਂ, ਤੇਰੇ ਪਾਸ ਹੋਰ ਰਕਮ ਵੀ ਹੈ ਪਰ ਤੂੰ ਮੁਹਤਾਜ ਹੈਂ। ਮੈਂ ਮੁਹਤਾਜ ਕੋਲੋਂ ਲੈਂਦੇ ਕੀ ਚੰਗਾ ਲੱਗਦਾ ਹਾਂ।

ਪੜਦੇ ਕੱਜ ਇਤਨੇ ਕਿ ਚੋਰ ਨੂੰ ਪਛਾਣ ਤਕ ਲਿਆ ਪਰ ਪਾਜ ਨਾ ਖੋਲ੍ਹਿਆ। ਹੋਇਆ ਇੰਜ ਕਿ ਕਿਸੇ ਨੇ ਆਪ ਦਾ ਕੁਰਤਾ ਚੁਰਾ ਲਿਆ ਤੇ ਆਪ ਨੇ ਆਪਣਾ ਕੁਰਤਾ ਬਜ਼ਾਰ ਵਿਚ ਵਿਕਦੇ ਤੱਕਿਆ। ਨੇੜੇ ਹੋਏ ਤਾਂ ਖ਼ਰੀਦਦਾਰ ਚੋਰ ਨੂੰ ਕਹਿ ਰਿਹਾ ਸੀ ਕਿ ਕੋਈ ਗਵਾਹੀ ਦੇ ਦੇਵੇ ਕਿ ਇਹ ਮਾਲ ਤੇਰਾ ਹੀ ਹੈ ਮੈਂ ਲੈ ਲੈਂਦਾ ਹਾਂ। ਜੁਨੈਦ ਨੇ ਅੱਗੇ ਵਧ ਕਿਹਾ ਕਿ ਕੁਰਤਾ ਵੇਚਣ ਵਾਲੇ ਬੰਦੇ ਦੇ ਉਹ ਵਾਕਫ਼ ਹਨ। ਕੁਰਤਾ ਤਾਂ ਖ਼ਰੀਦਦਾਰ ਨੇ ਖ਼ਰੀਦ ਲਿਆ ਪਰ ਚੋਰ ਨੇ ਇਨ੍ਹਾਂ ਦੇ ਚਰਨਾਂ ਨੂੰ ਹੱਥ ਲਗਾਇਆ ਤੇ ਅੱਗੇ ਤੋਂ ਮਾੜਾ ਰਾਹ ਛੱਡ ਦਿੱਤਾ।

ਬੜਾ ਗੁੱਸਾ ਕਰਦੇ ਜਦ ਕੋਈ ਮਾਲਦਾਰ ਦਰਵੇਸ਼ ਦਾ ਆਦਰ ਨਾ ਕਰਦਾ। ਕਹਿੰਦੇ ਕੀ ਹੋਇਆ ਜੇ ਦਰਵੇਸ਼ ਪਾਸ ਦੁਨਿਆਵੀ ਸ਼ੈਆਂ ਨਹੀਂ ਹਨ, ਦਰਵੇਸ਼ ਹਿੰਮਤ ਦਾ ਮੁਜੱਸਮਾ ਹੁੰਦੇ ਹਨ। ਅਜਰ ਵਸਤੂ ਦਰਵੇਸ਼ ਹੀ ਜਰ ਸਕਦੇ ਹਨ।

ਬੜਾ ਸੁਹਣਾ ਕਿਹਾ ਸੀ ਕਿ ਜਿਸ ਦਾ ਇਲਮ ਯਕੀਨ ਤਕ, ਯਕੀਨ ਭੈ ਤਕ, ਭੈ ਅਮਲ ਤਕ, ਅਮਲ ਸੰਜਮ ਤਕ, ਸੰਜਮ ਸਦਾਚਾਰ ਤਕ ਅਤੇ ਸਦਾਚਾਰ ਨਮੂਨੇ ਤਕ ਨਹੀਂ ਪੁੱਜਾ, ਉਸ ਨੂੰ ਜੀਣ ਦਾ ਕੋਈ ਹੱਕ ਨਹੀਂ।

ਕਿਹਾ ਕਰਦੇ: ਬੰਦਗੀ ਦੀ ਠੀਕ ਨਿਸ਼ਾਨੀ ਹੈ ਖੇਚਲਾਂ ਪੈਣ ਤੇ ਵੀ ਸ਼ਿਕਾਇਤ ਨਾ ਕਰਦੇ ਹੋਏ ਸਬਰ ਰੱਖਣਾ। ਜੋ ਅੱਖ ਕੁਦਰਤ ਤੋਂ ਕਾਦਰ ਦਾ ਨਜ਼ਾਰਾ ਨਹੀਂ ਕਰਦੀ ਉਹ ਅੰਨ੍ਹੀ ਹੋ ਜਾਵੇ ਤਾਂ ਚੰਗਾ ਹੈ, ਜੋ ਰਸਨਾ ਉਸ ਨੂੰ ਯਾਦ ਕਰਨ ਤੋਂ ਸੰਕੋਚ ਕਰੇ, ਉਸ ਦਾ ਗੂੰਗਾ ਹੋਣਾ ਹੀ ਚੰਗੇਰਾ ਹੈ ਅਤੇ ਜੋ ਕੰਨ ਹੱਕ ਦੀ ਗੱਲ ਸੁਣਨ ਤੋਂ ਅੜੀ ਕਰਨ, ਉਹ ਡੋਰੇ ਹੀ ਹੋ ਜਾਣ ਤਾਂ ਅੱਛਾ ਹੈ, ਜੋ ਜਿਸਮ ਅਬਾਦਤ ਤੋਂ ਵਿਰਵਾ ਹੈ, ਉਸ ਦਾ ਮੁਰਦਾ ਹੋਣਾ ਹੀ ਭਲਾ ਹੈ।

ਕਿਹਾ ਕਰਦੇ: ਇਕ ਨਹੀਂ ਚਾਰ ਹਜ਼ਾਰ ਖ਼ੁੱਦਾ ਨੂੰ ਪੁੱਜੇ ਦਰਵੇਸ਼ਾਂ ਦਾ ਕਥਨ ਹੈ ਕਿ ਖ਼ੁੱਦਾ ਦੀ ਅਬਾਦਤ ਇੰਜ ਕਰਨੀ ਚਾਹੀਦੀ ਹੈ ਕਿ ਖ਼ੁੱਦਾ ਤੋਂ ਸਿਵਾ ਕੋਈ ਖ਼ਿਆਲ ਤਕ ਨਾ ਆਏ। ਕਹਿੰਦੇ ਕਿ ਤਸੱਵਫ਼ ਦੀ ਜੜ੍ਹ ਛਾਂਟਿਆਂ ਹੋਇਆਂ (ਇਸਤਫ਼ਾ) ਅਦੁੱਤੀ ਪੁਰਸ਼ ਹੈ। ਅਦੁੱਤੀ ਉਹ ਹੀ ਹੋ ਸਕਦਾ ਹੈ ਜੋ ਅਬ੍ਰਾਹੀਮ ਕੋਲੋਂ ਦੋਸਤ (ਖਲੀਲ), ਅਸਮਾਈਲ ਕੋਲੋਂ ਸਿਰ ਨਿਵਾਉਣ (ਤਸਲੀਮ), ਦਾਊਦ ਕੋਲੋਂ ਜਗਤ ਨਾਲੋਂ ਤੋੜਨ, ਅਯੂਬ ਕੋਲੋਂ ਸਬਰ, ਮੂਸਾ



 www.punjabilibrary.com

ਕੋਲੋਂ ਚਾਅ ਅਤੇ ਹਜ਼ਰਤ ਮੁਹੰਮਦ ਸਾਹਿਬ ਕੋਲੋਂ ਸਦਾਚਾਰੀ ਹੋਣ ਦਾ ਸਬਕ ਸਿੱਖ ਲੈਂਦਾ ਹੈ।

ਬੱਸ ਉਹ ਹੀ ਹੈ ਸੂਫ਼ੀ ਜੋ ਆਪਣੀ ਹੋਂਦ ਮਿਟਾ ਕੇ ਖ਼ੁਦਾ ਨੂੰ ਪਾ ਲਵੇ। ਕਹਿੰਦੇ ਕਿ ਮਾਅਰਫ਼ਤ ਦੋ ਕਿਸਮਾਂ ਦੀ ਹੈ। ਇਕ ਹੈ ਸਿਫ਼ਤ ਸਲਾਹ (ਤਾਰੀਫ਼) ਕਰਦੇ ਅਲਾਹ ਨੂੰ ਪਹਿਚਾਣ ਲੈਣਾ ਅਤੇ ਦੂਜੀ ਹੈ ਤਸਰੀਫ਼ : ਅਲਾਹ ਸਾਨੂੰ ਪਹਿਚਾਣ ਲਵੇ। ਇਹ ਤਸਰੀਫ਼ ਦੀ ਦਾਤ ਬੜੀ ਮੁਸ਼ਕਲ ਨਾਲ ਮਿਲਦੀ ਹੈ। ਸਾਦਿਕ ਉਹੀ ਹੈ ਜੋ ਨਾ ਤਾਂ ਹੱਥ ਟੱਡੇ ਤੇ ਨਾ ਉਲ੍ਹਾਮੇ ਦੇਵੇ। ਸਬਰ ਦੀ ਉਪਮਾ ਕਰਦੇ ਕਹਿੰਦੇ ਕਿ ਸਬਰ ਸਾਬਰ ਨੂੰ ਦੁਨੀਆਂ ਤੋਂ ਦੂਰ ਖ਼ੁੱਦਾ ਦੇ ਨੇੜੇ ਕਰ ਦੇਂਦਾ ਹੈ ਅਤੇ ਯਕੀਨ ਦਾ ਸਹੀ ਭਾਵ ਹੈ ਕਿ ਹਿਰਦੇ ਵਿਚ ਐਸਾ ਗਿਆਨ ਹੋ ਜਾਵੇ ਕਿ ਕੁਝ ਵੀ ਵਾਪਰੇ ਪਰ ਹਿਰਦਾ ਨਾ ਹਿੱਲੇ। ਰਜ਼ਾ ਬਾਰੇ ਕਹਿੰਦੇ ਕਿ ਰਜ਼ਾ ਨਾਂ ਹੈ ਆਪਣਾ ਜ਼ੋਰ ਛੱਡ, ਤਕਲੀਫ਼ਾਂ ਨੂੰ ਵੀ ਨਿਆਮਤ ਸਮਝਣਾ। ਰੱਬ ਦੇ ਪਿਆਰੇ ਦੀ ਆਤਮਾ ਦ੍ਰਵੀ ਹੁੰਦੀ ਹੈ ਤੇ ਕਾਫ਼ਰ ਪੱਥਰ ਦਿਲ ਹੁੰਦਾ ਹੈ।

ਅਲਾਹ ਦੀ ਯਾਦ ਵਿਚ ਹੀ ਜੁਨੈਦ ਬਗਦਾਦੀ ਦਾ ਦਿਹਾਂਤ ਹੋ ਗਿਆ। ਜਦ ਉਂਗਲ ਉਠਾ ਕੇ ਬਿਸਮ-ਅਲਾਹ-ਅਲ-ਰਹਿਮਾਨ ਕਿਹਾ ਤਾਂ ਰੂਹ ਪਰਵਾਜ਼ ਕਰ ਗਈ। □


www.punjabilibrary.com

ਇਬ੍ਰਾਹੀਮ ਅੱਧਮ

ਜਦ ਅੱਧਮ ਬਲਖ਼ ਦਾ ਸੁਲਤਾਨ ਸੀ ਤਾਂ ਇਕ ਦਿਨ ਸੁਪਨੇ ਵਿਚ ਡਿੱਠਾ ਕਿ ਛੱਤ ਤੇ ਕੋਈ ਟੁਰਦਾ ਪਿਆ ਹੈ। ਸੁਪਨੇ ਵਿਚ ਹੀ ਕਹਿਆ : ਭਲਿਆ ਲੋਕਾ ਕੀ ਪਿਆ ਲੱਭਦਾ ਹੈਂ ਤਾਂ ਆਵਾਜ਼ ਆਈ ਕਿ ਮੇਰਾ ਊਠ ਗਵਾਚ ਗਿਆ ਹੈ ਤੇ ਪਿਆ ਢੂੰਡਦਾ ਹਾਂ। ਅੱਧਮ ਹੱਸ ਪਿਆ ਤੇ ਕਹਿਣ ਲੱਗਾ ਕਿ ਕਦੀ ਛੱਤਾਂ ਤੇ ਵੀ ਊਠ ਆਂਦੇ ਹਨ। ਉੱਤੋਂ ਹੀ ਮੋੜਵੀਂ ਆਵਾਜ਼ ਆਈ ਕਿ ਕਦੀ ਮਹਿਲਾਂ ਵਿਚ ਐਸ਼ਾਂ ਕਰਦਿਆਂ ਵੀ ਅਲਾਹ ਮਿਲਿਆ ਹੈ।

ਤ੍ਰਬਕ ਕੇ ਅੱਧਮ ਉਠਿਆ ਤੇ 'ਜ਼ਿਕਰ' (ਸਿਮਰਨ) ਵਿਚ ਲੱਗ ਗਿਆ।

ਟਿਕਾਣਾ ਜਾ ਮੱਕਾ ਕਰ ਲਿਆ। ਆਪ ਕਰੜੀ ਕਾਰ ਨਿਬਾਹਣ ਲੱਗ ਪਏ। ਜਗਲ ਤੋਂ ਲੱਕੜੀਆਂ ਕੱਟ ਕੇ ਲਿਆਂਦੇ ਤੇ ਵੇਚ ਕੇ ਆਪਣਾ ਤੇ ਹੋਰ ਦਰਵੇਸ਼ਾਂ ਦੇ ਪੇਟ ਪਾਲਦੇ। ਜਦ ਆਪ ਦਾ ਲੜਕਾ ਹੱਜ ਕਰਨ ਲਈ ਆਇਆ ਤਾਂ ਦੇਖ ਹੈਰਾਨ ਹੋਇਆ ਕਿ ਬਿਰਧ ਅਵਸਥਾ ਵਿਚ ਵੀ ਲੱਕੜੀਆਂ ਵੇਚਣ ਬਜ਼ਾਰ ਗਏ ਤੇ ਵੇਚਣ ਵੇਲੇ ਆਵਾਜ਼ ਦਿੱਤੀ ਕਿ ਕੋਈ ਹੈ ਜੋ ਇਸ ਕ੍ਰਿਤ ਦੇ ਇਵਜ਼ ਨੇਕ ਕਮਾਈ ਵਿਚੋਂ ਰੋਟੀਆਂ ਦੇਵੇ। ਰੋਟੀਆਂ ਲੈ ਕੇ ਮੱਕਾ ਆਏ ਅਤੇ ਸਾਰੀਆਂ ਹੀ ਸਾਥੀ ਦਰਵੇਸ਼ਾਂ ਨੂੰ ਵੰਡ ਦਿੱਤੀਆਂ, ਆਪ ਨਮਾਜ਼ ਪੜ੍ਹਨ ਲੱਗ ਪਏ।

ਕਿਤਨੇ ਬੇਬਾਕ ਸਨ ਕਿ ਇਕ ਵਾਰੀ ਕਿਸੇ ਨੇ ਇਕ ਹਜ਼ਾਰ ਦਿਰਮ ਭੇਟ ਕੀਤੇ ਤਾਂ ਕਹਿਣ ਲੱਗੇ ਕਿ ਮੈਂ ਫ਼ਕੀਰਾਂ ਕੋਲੋਂ ਨਹੀਂ ਲੈਂਦਾ। ਉਸ ਕਿਹਾ :

ਮੈਂ ਤਾਂ ਖ਼ਾਸਾ ਅਮੀਰ ਹਾਂ।

ਕਹਿਣ ਲੱਗੇ ਕਿ ਤੈਨੂੰ ਹੋਰ ਮਾਲ ਦੀ ਇੱਛਾ ਹੈ ਕਿ ਨਹੀਂ।

ਦਿਰਮ ਦੇਣ ਵਾਲੇ ਹਾਂ ਵਿਚ ਸਿਰ ਹਿਲਾਇਆ ਤਾਂ ਕਹਿਣ ਲੱਗੇ : ਭਾਈ ਤੂੰ ਤਾਂ ਫ਼ਕੀਰਾਂ ਦਾ ਸਰਦਾਰ ਹੈਂ, ਜਿਸ ਨੂੰ ਹਰ ਵੇਲੇ



 www.punjabilibrary.com

ਹੀ ਮਾਇਆ ਦੀ ਲੋੜ ਹੈ। ਕੈਸਾ ਫ਼ਰਮਾਨ ਕੀਤਾ ਹੈ ਗੁਰੂ ਨਾਨਕ ਦੇਵ ਜੀ ਨੇ:

ਜਿਨ ਕੇ ਪਲੈ ਧਨੁ ਵਸੈ
ਤਿਨ ਕਾ ਨਾਉ ਫਕੀਰ।
ਜਿਨ ਕੈ ਹਿਰਦੈ ਤੂ ਵਸਹਿ
ਤੇ ਨਰ ਗੁਣੀ ਗਹੀਰ। (ਮਲਾਰ ਕੀ ਵਾਰ ਮਹਲਾ ੧)

ਕਿਹਾ ਕਰਦੇ ਕਿ ਵਾਹਿਗੁਰੂ ਦੇ ਦੀਦਾਰ ਲਈ ਤਿੰਨ ਪਰਦੇ ਹਟਾਉਣੇ ਜ਼ਰੂਰੀ ਹਨ।

ਪਹਿਲਾ: ਦੁਨੀ ਨਾਲ ਕਦੇ ਪਿਆਰ ਨਾ ਪਾਏ।

ਦੂਜੇ: ਕੋਈ ਸ਼ੈ ਖੁੱਸ ਜਾਏ ਤਾਂ ਦਿਲ ਨੂੰ ਨਾ ਲਗਾ ਕੇ ਬੈਠ ਜਾਏ। ਅਫ਼ਸੋਸ ਕਰਨਾ ਵੀ ਗੁੱਸੇ ਦੀ ਨਿਸ਼ਾਨੀ ਹੈ।

ਤੀਜੇ: ਕਦੀ ਆਪਣੀ ਤਾਰੀਫ਼ ਸੁਣ ਕੇ ਖ਼ੁਸ਼ ਨਾ ਹੋਵੇ। ਕਿਉਂਕਿ ਉਹ ਖ਼ੁਸ਼ੀ 'ਆਤਮਹੀਣਤਾ'(ਇਨਫ਼੍ਰੀਆਰਟੀ ਕੰਪਲੈਕਸ) ਦੀ ਨਿਸ਼ਾਨੀ ਹੈ ਤੇ ਆਤਮਹੀਣ ਨੂੰ ਪਰਮ ਆਤਮਾ ਦਿਖਾਈ ਨਹੀਂ ਦੇ ਸਕਦਾ।

ਆਪਣਾ ਮੁਰੀਦ ਬਣਾਉਣ ਵੇਲੇ ਤਿੰਨ ਸ਼ਰਤਾਂ ਰੱਖਦੇ:

ਇਕ: ਹਰ ਇਕ ਦਾ ਸੇਵਕ ਬਣ ਕੇ ਰਵ੍ਹੇਂਗਾ।

ਦੂਜੇ: ਅਜ਼ਾਂ (ਬਾਂਗ) ਆਪੂੰ ਦੇਵੇਂਗਾ।

ਤੀਜੇ: ਜੋ ਮਿਲੇਗਾ ਉਸ ਨੂੰ ਇਕੋ ਜਿਹਾ ਸਭ ਵਿਚ ਵੰਡ ਖਾਏਂਗਾ।

ਇਕ ਨੇ ਕਿਹਾ ਕਿ ਮੇਰੇ ਐਬ ਦੱਸੋ ਤਾਂ ਕਿ ਦੂਰ ਕਰਾਂ ਤਾਂ ਅੱਧਮ ਕਹਿਣ ਲੱਗੇ: ਭਲੇ ਲੋਕਾ! ਮੈਂ ਤੈਨੂੰ ਸਦਾ ਪਿਆਰ ਦੀ ਨਜ਼ਰ ਤੱਕਿਆ ਹੈ। ਪਿਆਰ ਵਿਚ ਐਬ ਨਹੀਂ ਦੇਖੀਦੇ।

ਇਕ ਵਾਰ ਕਿਹਾ ਸੀ ਮੇਰੇ ਪਾਸ ਚਾਰ ਸਵਾਰੀਆਂ ਹਨ ਜਿਨ੍ਹਾਂ ਤੇ ਚੜ੍ਹ ਜਿਤਨੀ ਮਰਜ਼ੀ ਸੈਰ ਕਰ ਲਵਾਂ।

ਜਦ ਕੁਝ ਮਿਲਦਾ ਹੈ ਤਾਂ ਸ਼ੁਕਰ ਦੀ ਸਵਾਰੀ ਕਰਦਾ ਹਾਂ।
ਜਦ ਖੁੱਸਦਾ ਹੈ ਤਾਂ ਸਬਰ ਦੀ ਸਵਾਰੀ
ਜਦ ਸੇਵਕ ਬਣਦਾ ਹਾਂ ਤਾਂ ਨਿਮਰਤਾ ਦੀ
ਅਤੇ
ਜਦ ਅਬਾਦਤ ਕਰਦਾ ਹਾਂ ਤਾਂ ਨਦਾਮਤ ਤੇ ਤੋਬਾ ਦੀ।

੧੧੦ ਸਾਲ ਦੀ ਉਮਰ ਪਾਈ। □


www.punjabilibrary.com

ਅਮਾਮ
ਅਹਿਮਦ
ਇਬਨ
ਹੰਬਲ

ਅਮਾਮ ਹੰਬਲ ਦਾ ਰਿਆਜ਼ਤ ਤੇ ਅੱਲਾਹ ਦੀ ਯਾਦ ਹਿਰਦੇ ਰੱਖਣ ਵਾਲਿਆਂ ਵਿਚ ਉੱਚਾ ਮਰਾਤਬਾ ਹੈ। ਚੌਥੇ ਅਮਾਮ ਸਨ।

ਪਿਤਾ ਦਾ ਨਾਮ ਮੁਹੰਮਦ ਇਬਨ ਹੰਬਲ ਸੀ। ਆਪ ਸੂਝਵਾਨ (ਜ਼ਹੀਨ) ਵੀ ਸਨ ਅਤੇ ਆਚਰਣ ਦੀ ਮੂਰਤ (ਜ਼ਕੀ) ਵੀ। ਸਾਰੀਆਂ ਹਦੀਸਾਂ ਜ਼ਬਾਨੀ ਯਾਦ ਸਨ। ਈਰਖਾ ਕਿਸੇ ਨਾਲ ਨਹੀਂ ਸਨ ਕਰਦੇ। ਕੁਰਾਨ ਮਜੀਦ ਦਾ ਅਦਬ ਬਹੁਤ ਰੱਖਦੇ ਸਨ। ਇਕ ਵਾਰੀ ਆਪਣੇ ਬੇਟੇ ਨੂੰ ਸਿਰਫ਼ ਇਸ ਲਈ ਤਾੜਿਆ ਸੀ ਕਿ ਉਹ ਕੁਰਾਨ ਮਜੀਦ ਦੇ ਅਰਥ ਕਰਨ ਵੇਲੇ ਬਾਰ ਬਾਰ ਹੱਥ ਅੱਗੇ ਕਰ ਕੇ ਸਮਝਾਂਦਾ ਸੀ। ਆਪ ਜੀ ਨੇ ਕਿਹਾ : ਕੁਰਾਨ ਦੇ ਤਾਬਅ ਬੈਠਿਆਂ ਕਦੇ ਹੱਥ ਦਰਾਜ਼ ਕਰ ਕੇ ਵਿਖਿਆਨ ਨਹੀਂ ਦੇਣਾ ਚਾਹੀਦਾ।

ਇਕ ਲੜਕੇ ਦੀ ਨਿਰੋਲ ਇਸ ਕਰ ਕੇ ਬੜੀ ਉਪਮਾ ਕੀਤੀ ਕਿ ਉਸ ਨੇ ਦਰਿਆ ਵਿਚ ਹੱਥ ਧੋਣੇ ਉਸੇ ਵੇਲੇ ਬੰਦ ਕਰ ਦਿੱਤੇ ਜਦ ਡਿੱਠਾ ਕਿ ਜੋ ਪਾਣੀ ਹੇਠਾਂ ਵਹਿ ਰਿਹਾ ਹੈ ਉਸ ਵਿਚ ਹੰਬਲ ਨਿਮਾਜ਼ ਪੜ੍ਹਨ ਤੋਂ ਪਹਿਲਾਂ ਹੱਥ ਧੋ (ਵਜ਼ੂ) ਰਹੇ ਹਨ। ਇਕ ਵਾਰੀ ਹੰਬਲ ਨੇ ਸੌ ਕੋੜੇ ਤਾਂ ਖਾ ਲਏ ਪਰ ਇਹ ਕਹਿਣਾ ਨਾ ਮੰਨਿਆ ਕਿ ਕੁਰਾਨ ਮਨੁੱਖੀ ਕ੍ਰਿਤ ਹੈ। ਕੁਰਾਨ ਨੂੰ ਇਲਾਹੀ ਕਿਤਾਬ ਸਮਝਦੇ ਸਨ।

ਫ਼ੱਕਰ ਤੇ ਸ਼ਾਕਰ ਇਤਨੇ ਸਨ ਕਿ ਆਪ ਵੀ ਕਿਰਤ ਕਰ ਕੇ ਖਾਂਦੇ ਤੇ ਬੱਚਿਆਂ ਨੂੰ ਵੀ ਅਜਿਹਾ ਕਰਨ ਲਈ ਕਹਿੰਦੇ। ਇਕ ਵਾਰੀ ਜਦ ਆਪਣੇ ਹੀ ਬੇਟੇ, ਸਾਲਯ ਇਸਫ਼ਹਾਨ ਪਾਸੋਂ, ਆਪ ਦੇ ਇਕ ਖ਼ਾਦਿਮ ਨੇ ਖ਼ਮੀਰ ਲੈ ਕੇ ਆਟੇ ਵਿਚ ਮਿਲਾ ਦਿੱਤਾ ਤਾਂ ਰੋਟੀ ਖਾਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਕਿ ਜੋ ਖ਼ਮੀਰ ਰੋਟੀ ਵਿਚ ਪਿਆ ਹੈ ਉਹ ਕਾਜ਼ੀ ਦਾ ਹੈ। ਕਿਹਾ ਕਰਦੇ ਸਨ ਕਿ ਅਲਾਹ ਦੇ ਖ਼ੌਫ਼ ਵਿਚ ਰਹਿਣਾ ਸਭ ਤੋਂ ਵੱਡੀ ਇਬਾਦਤ ਹੈ। ਅਲਾਹ ਦੇ ਨੇੜੇ ਹੋਣ ਦਾ ਸੁਖਾਲਾ ਰਾਹ ਅਲਾਹ ਦੀ ਸਿਫ਼ਤ ਸਲਾਹ ਹੈ। ਮੁਸ਼ੱਕਤਾਂ ਘਾਲਣ ਦੀ ਲੋੜ ਨਹੀਂ। ਸਿਰਫ਼ ਆਚਰਣ ਰੱਖਣਾ ਜ਼ਰੂਰੀ ਹੈ।



 www.punjabilibrary.com

ਸਹੀ ਤਵੱਕਲ ਖ਼ੁੱਦਾ ਦੇ ਕੀਤੇ ਤੇ ਯਕੀਨ ਰੱਖਣਾ ਹੈ ਤੇ ਹਰ ਕਰਮ ਨੂੰ ਖ਼ੁੱਦਾ ਦੇ ਹਵਾਲੇ ਕਰ ਦੇਣ ਦਾ ਨਾਮ ਰਜ਼ਾ ਹੈ। ਇਹ ਵੀ ਕਹਿੰਦੇ ਸਨ ਕਿ ਲੋਕੀਂ ਜ਼ੁਹਦ (ਪ੍ਰਹੇਜ਼ਗਾਰ) ਇਸ ਨੂੰ ਸਮਝਦੇ ਹਨ ਕਿ ਜੋ ਹਰਾਮ ਚੀਜ਼ਾਂ ਨੂੰ ਹੱਥ ਨਾ ਲਗਾਏ। ਕੁਝ ਹੋਰ ਇਹ ਸਮਝਦੇ ਹਨ ਕਿ ਨਿਰੀ ਹਲਾਲ ਦੀ ਕਮਾਈ ਹੀ ਕੀਤੀ ਜਾਵੇ ਪਰ ਜੋ ਆਰਿਫ਼ ਹਨ ਉਨ੍ਹਾਂ ਦਾ ਪ੍ਰਹੇਜ਼ ਕੇਵਲ ਖ਼ੁੱਦਾ ਹੀ ਜਾਣਦਾ ਹੈ।

ਹੰਬਲ ਦਾ ਅੰਤ ਸਮਾਂ ਨੇੜੇ ਜਾਣ ਜਦ ਬੇਟੇ ਨੇ ਪੁੱਛਿਆ ਕਿ ਆਪ ਜੀ ਦੀ ਤਬੀਅਤ ਕੈਸੀ ਹੈ ਤਾਂ ਕਹਿਣ ਲੱਗੇ ਕਿ ਹੁਣ ਕੋਈ ਉੱਤਰ ਦੇਣ ਲੈਣ ਦਾ ਸਮਾਂ ਨਹੀਂ। ਸਿਰਫ਼ ਇਹ ਅਰਦਾਸ ਕਰਦਾ ਰਹੁ ਕਿ ਈਮਾਨ ਤੋੜ ਨਿਭੇ। ਇਤਨਾ ਕਹਿੰਦੇ ਹੀ ਦਮ ਤੋੜ ਦਿੱਤਾ। ਕਿਤਨੀ ਕੁ ਇੱਜ਼ਤ ਹਯਾਤੀ ਵਿਚ ਹੀ ਖੱਟ ਲਈ ਸੀ ਕਿ ਆਪ ਜੀ ਦੇ ਜਨਾਜ਼ੇ ਵਿਚ ਅੱਠ ਲੱਖ ਮਰਦ ਤੇ ਸੱਠ ਹਜ਼ਾਰ ਦੇ ਕਰੀਬ ਔਰਤਾਂ ਸ਼ਾਮਲ ਹੋਈਆਂ। ਦਿਹਾਂਤ ੩੧ ਜੁਲਾਈ ਸੰਨ ੮੫੫ ਈ: ਨੂੰ ਬਗਦਾਦ ਵਿਖੇ ਹੀ ਹੋਇਆ। ❐




www.punjabilibrary.com

ਫ਼ਜ਼ੀਲ
ਬਿਨ ਅਯਾਜ਼

ਆਪ ਨੂੰ ਆਪਣੇ ਸਮੇਂ ਦਾ 'ਸ਼ੇਖ਼ ਕਾਮਿਲ' ਕਿਹਾ ਜਾਂਦਾ ਸੀ। ਪਹਿਲਾਂ ਲੁੱਟ ਮਾਰ ਕਰਦੇ ਸਨ ਪਰ ਇਕ ਵਾਰੀ ਇਕ ਕਾਫ਼ਲੇ ਨੂੰ ਜਦ ਲੁੱਟਣ ਗਏ ਤਾਂ ਇਕ ਬੰਦਾ ਕੁਰਾਨ ਦੀ ਆਇਤ ਪੜ੍ਹ ਰਿਹਾ ਸੀ ਜਿਸ ਦਾ ਭਾਵ ਸੀ ਕਿ ਜੀਆ, ਅਜੇ ਵੀ ਤੈਨੂੰ ਅੱਲਾਹ ਦਾ ਰਤਾ ਵੀ ਖ਼ੌਫ਼ ਨਹੀਂ ਆਇਆ। ਇਹ ਸੁਣਦੇ ਹੀ ਮਨ ਨੂੰ ਸਮਝਾਇਆ ਕਿ ਮਨਾ, ਇਹ ਗ਼ਾਰਤਗਰੀ ਦਾ ਖੇਲ ਕਦ ਤਕ ਜਾਰੀ ਰੱਖੇਂਗਾ। ਹੁਣ ਅੱਲਾਹ ਦੇ ਰਾਹ ਤੇ ਚੱਲ ਪਉ। ਬਸ ਇਤਨਾ ਕਹਿ ਕੇ ਜ਼ਾਰ ਜ਼ਾਰ ਰੋਣ ਲੱਗ ਪਏ। ਜਦ ਉਸ ਕਾਫ਼ਲੇ ਵਿਚੋਂ ਇਕ ਨੇ ਕਿਹਾ : ਸਾਨੂੰ ਇਸ ਰਾਹ ਨਹੀਂ ਜਾਣਾ ਚਾਹੀਦਾ ਕਿਉਂਕਿ ਫ਼ਜ਼ੀਲ ਡਾਕੇ ਮਾਰਦਾ ਹੈ ਤਾਂ ਉੱਚੀ ਆਵਾਜ਼ ਨਾਲ ਕਹਿਣ ਲੱਗੇ : **'ਇਸੇ ਰਸਤੇ ਹੀ ਜਾਓ, ਫ਼ਜ਼ੀਲ ਨੇ ਹੀ ਰਾਹ ਬਦਲ ਲਿਆ ਹੈ।** ਡਾਕਾਜ਼ਨੀ ਤੋਂ ਉਸ ਤੋਬਾ ਕਰ ਲਈ ਹੈ।' ਘਰ ਪੁੱਜੇ ਤਾਂ ਇਸ ਤਰ੍ਹਾਂ ਆਵਾਜ਼ ਮਾਰੀ ਜਿਵੇਂ ਫੱਟੜ ਹੋਏ ਹੁੰਦੇ ਹਨ। ਅੰਦਰੋਂ ਘਰ ਵਾਲੀ ਨੇ ਕਿਹਾ ਕਿ ਕਿੱਥੇ ਚੋਟ ਵੱਜੀ ਜੇ ਤਾਂ ਕਹਿਣ ਲੱਗੇ :

ਭਲੀਏ ਲੋਕੇ, ਇਸ ਵਾਰੀ ਦਿਲ ਤੇ ਵੱਜੀ ਹੈ।

ਇਤਨੀ ਉੱਚ ਪਦਵੀ ਨੂੰ ਪੁੱਜ ਗਏ ਸਨ ਕਿ ਜਦ 'ਹਾਰੂੰ ਉਲਰਸ਼ੀਦ' ਆਪ ਦੇ ਦਰਸ਼ਨਾਂ ਨੂੰ ਆਇਆ ਤਾਂ ਦਰਵਾਜ਼ਾ ਤਕ ਨਾ ਖੋਲ੍ਹਿਆ। ਇਹ ਕਹਿ ਕੇ ਭੀੜੀ ਰੱਖਿਆ ਕਿ ਹਾਰੂੰ ਨੂੰ ਮੇਰੇ ਨਾਲ ਕੀ ਕੰਮ ਅਤੇ ਮੈਨੂੰ ਉਨ੍ਹਾਂ ਨਾਲ ਕੀ ਵਾਸਤਾ। ਪਰ ਹਾਰੂੰ ਰਸ਼ੀਦ ਫਿਰ ਵੀ ਅੰਦਰ ਆ ਗਏ ਅਤੇ ਹਨ੍ਹੇਰੇ ਵਿਚ ਫ਼ਜ਼ੀਲ ਦੇ ਨਾਲ ਹੀ ਬੈਠ ਗਏ। ਹਾਰੂੰ ਦਾ ਹੱਥ ਕੁਦਰਤੀ ਫ਼ਜ਼ੀਲ ਦੇ ਹੱਥ ਆ ਗਿਆ ਤਾਂ ਕਹਿਣ ਲੱਗੇ 'ਇਤਨਾ ਕੂਲਾ ਹੱਥ। ਦੋਜ਼ਖ਼ ਦੀ ਅੱਗ ਵਿਚੋਂ ਕਿਵੇਂ ਬਚੇਂਗਾ।'

ਹਾਰੂੰ ਤੇ ਐਸਾ ਅਸਰ ਹੋਇਆ ਕਿ ਉਹ ਲੋਕਾਂ ਦੀ ਸੇਵਾ ਵਿਚ ਜੁਟ ਪਿਆ। ਹਾਰੂੰ ਨੂੰ ਇਹ ਵੀ ਕਿਹਾ : ਅਸਲ ਹੁਕਮਰਾਨ ਉਹ ਹੈ ਜਿਸ ਦਾ ਆਪਣੇ ਨਫ਼ਸ ਤੇ ਕਾਬੂ ਹੈ। ਫਿਰ ਕਹਿਣ ਲੱਗੇ ਕਿ




www.punjabilibrary.com

ਤੇਰੇ ਚਾਚਾ ਅਕਰਮ ਨੂੰ ਜੋ ਹਜ਼ਰਤ ਮੁਹੰਮਦ ਸਾਹਿਬ ਨੇ ਉਪਦੇਸ਼ ਦਿੱਤਾ ਸੀ ਉਹ ਹੀ ਤੇਰੇ ਲਈ ਹੈ।

ਉਪਦੇਸ਼ ਸੀ : ਬਜ਼ੁਰਗਾਂ ਨੂੰ ਬਾਪ ਦੀ ਥਾਂ
ਨੌਜਵਾਨਾਂ ਨੂੰ ਭਰਾ,
ਛੋਟਿਆਂ ਨੂੰ ਬੇਟਾ
ਅਤੇ
ਹਰ ਔਰਤ ਨੂੰ ਮਾਂ, ਬੇਟੀ ਤੇ ਭੈਣ ਜਾਣਨਾ।

ਇਹ ਵੀ ਯਾਦ ਰੱਖੀਂ ਕਿ ਜੇ ਕੋਈ ਇਕ ਔਰਤ ਵੀ ਤੇਰੇ ਰਾਜ ਵਿਚ ਭੁੱਖੀ ਸੌਂ ਗਈ ਤਾਂ ਰੋਜ਼ੇ ਹਸ਼ਰ ਵਾਲੇ ਦਿਹਾੜੇ ਤੈਨੂੰ ਗਲੋਂ ਫੜ ਲਵੇਗੀ।

ਉਠਣ ਵੇਲੇ ਹਾਰੂੰ ਰਸ਼ੀਦ ਕਹਿਣ ਲੱਗਾ ਕਿ ਕਿਸੇ ਦਾ ਤੁਸੀਂ ਕਰਜ਼ਾ ਦੇਣਾ ਹੈ ਤਾਂ ਮੈਨੂੰ ਦੱਸੋ। ਕਹਿਣ ਲੱਗੇ 'ਹਾਰੂੰ' ਅਲਾਹ ਦਾ ਕਰਜ਼ਦਾਰ ਹਾਂ। ਤੂੰ ਉਸ ਵਿਚ ਕੁਝ ਨਹੀਂ ਕਰ ਸਕਦਾ। ਇਹ ਕਰਜ਼ ਉਤਰਦਾ ਹੈ ਉਸਦੀ ਯਾਦ ਪਕਾਇਆਂ ਤੇ ਰਜ਼ਾ ਨੂੰ ਮਿੱਠਾ ਕਰ ਮੰਨਿਆਂ।

ਅਕਸਰ ਕਿਹਾ ਕਰਦੇ ਸਨ ਕਿ ਖ਼ੁਦਾ ਦੀ ਮੁਹੱਬਤ ਕਮਾਲ ਨੂੰ ਤਦ ਛੂੰਹਦੀ ਹੈ ਜਦ ਦੀਨ ਦੁਨੀਆਂ ਬੰਦੇ ਲਈ ਇਕੋ ਜਿਹੀ ਹੋ ਜਾਵੇ।

ਧਰਮ ਦਾ ਤੱਤ ਦੱਸਦੇ ਕਿਹਾ :

ਅਕਲ ਧਰਮ ਦੀ ਬੁਨਿਆਦ ਹੈ।
ਅਕਲ ਖੜੀ ਹੈ ਇਲਮ ਤੇ
ਅਤੇ ਇਲਮ ਖੜੋਤਾ ਹੈ ਸਬਰ ਤੇ।

ਬੜਾ ਸੋਹਣਾ ਕਿਹਾ ਕਰਦੇ ਸਨ ਕਿ ਤਿੰਨ ਚੀਜ਼ਾਂ ਦੁਨੀਆਂ ਵਿਚੋਂ ਨਾ ਲੱਭੇ :—

**ਇਕ,** ਅਜਿਹਾ ਆਲਮ ਜਿਸ ਦੀ ਕਥਨੀ ਕਰਨੀ ਸਮਾਨ ਹੋਵੇ।

**ਦੂਜਾ :** ਹਉਂ ਤੋਂ ਖ਼ਾਲੀ ਇਖ਼ਲਾਸ (ਕਰਟਸੀ) ਵਾਲਾ ਵਿਦਵਾਨ।

ਅਤੇ

**ਤੀਜੇ :** ਉਹ ਭਰਾ ਜਿਸ ਵਿਚ ਸ਼ਰੀਕਾ ਨਾ ਹੋਵੇ।

ਆਪਣੇ ਬੇਟੇ ਦੀ ਮ੍ਰਿਤੂ ਤੇ ਵੀ ਮੁਸਕਰਾਂਦੇ ਤੱਕ ਕਿਸੇ ਕਾਰਨ ਪੁੱਛਿਆ ਤਾਂ ਕਹਿਣ ਲੱਗੇ : ਅਲਾਹ ਨੇ ਪਾਸ ਬੁਲਾਇਆ, ਇਸ ਤੋਂ ਵੱਡੀ ਖ਼ੁਸ਼ੀ ਮੇਰੇ ਲਈ ਕੀ ਹੋ ਸਕਦੀ ਹੈ। ਅਲਾਹ ਇਸ ਦੇ ਮਰਨੇ ਤੇ ਖ਼ੁਸ਼ ਹੋਇਆ, ਮੈਂ ਵੀ ਉਸ ਦੀ ਰਜ਼ਾ ਵਿਚ ਖ਼ੁਸ਼ ਹਾਂ। □




www.punjabilibrary.com

ਅਹਿਮਦ ਹਰਬ

ਅਹਿਮਦ ਹਰਬ ਦਾ ਇਤਨਾ ਆਦਰ ਆਪਣੀ ਹਯਾਤੀ ਵਿਖੇ ਹੀ ਹੋ ਗਿਆ ਸੀ ਕਿ ਯਾਹੀਆ ਬਿਨ ਗ਼ਿਆਜ਼ ਨੇ ਕਿਹਾ ਸੀ ਕਿ ਉਸ ਦੀ ਮੌਤ ਤੋਂ ਬਾਅਦ ਉਸਦਾ ਸਿਰ ਅਹਿਮਦ ਹਰਬ ਦੇ ਪੈਰਾਂ ਤੇ ਰੱਖ ਦੇਣਾ ।

ਇਹ ਮਰਾਤਬਾ ਇੰਝੇ ਨਹੀਂ ਸੀ ਪਾ ਲਿਆ। ਇਸ ਪਿੱਛੇ ਲਗਾਤਾਰ ਅਬਾਦਤ ਤੇ ਓੜਕਾਂ ਦਾ ਸੰਜਮ ਤੇ ਪ੍ਰਹੇਜ਼ਗਾਰੀ ਸੀ।

ਇਕ ਵਾਰੀ ਹਰਬ ਦੀ ਘਰ ਵਾਲੀ ਨੇ ਪਾਲਤੂ ਮੁਰਗਾ ਬਣਾਇਆ ਪਰ ਆਪ ਜੀ ਨੇ ਇਹ ਕਹਿ ਕੇ ਖਾਣ ਤੋਂ ਇਨਕਾਰ ਕਰ ਦਿੱਤਾ ਕਿ ਮੈਂ ਆਪੂੰ ਡਿੱਠਾ ਹੈ ਇਸ ਮੁਰਗੇ ਨੂੰ ਗਵਾਂਢੀ ਘਰ ਦੀ ਛੱਤ ਤੇ ਚੜ੍ਹ, ਉਨ੍ਹਾਂ ਦੇ ਖਿਲਾਰੇ ਦਾਣੇ ਖਾਂਦੇ ਹੋਏ । ਬਚਨਾਂ ਵਿਚ ਇਤਨੀ ਤਾਸੀਰ ਸੀ ਕਿ ਇਕ ਬੰਦਾ ਕਹਿ ਰਿਹਾ ਸੀ ਕਿ ਜੋ ਬਚਨ ਮੈਂ ਚਾਲੀ ਸਾਲ ਪਹਿਲਾਂ ਸੁਣੇ ਸਨ ਉਨ੍ਹਾਂ ਦੀ ਲੱਜ਼ਤ ਹੁਣ ਤਕ ਮੇਰੇ ਅੰਦਰ ਉਵੇਂ ਹੀ ਕਾਇਮ ਹੈ।

ਸਹੀ ਗੱਲ ਕਹਿਣ ਤੋਂ ਕਦੇ ਨਹੀਂ ਸਨ ਝਿਜਕਦੇ। ਇਕ ਵਾਰੀ ਸਮੇਂ ਦੇ ਪ੍ਰਸਿੱਧ ਸੱਯਦ ਆਪ ਜੀ ਪਾਸ ਗੋਸ਼ਟ ਲਈ ਆਏ ਤਾਂ ਆਪ ਜੀ ਨੇ ਬੇਹੱਦ ਆਦਰ ਕੀਤਾ। ਵਿਚਾਰਾਂ ਪਏ ਕਰਦੇ ਸਨ ਕਿ ਉਨ੍ਹਾਂ ਦਾ ਹੀ ਇਕ ਬੇਟਾ ਬਗ਼ੈਰ ਸਲਾਮ ਬਜਾਏ, ਰਬਾਬ ਵਜਾਂਦਾ ਅੱਗੋਂ ਲੰਘ ਗਿਆ। ਆਪ ਜੀ ਨੇ ਉਸੇ ਸਮੇਂ ਸਾਰਿਆਂ ਕੋਲੋਂ ਖਿਮਾ ਮੰਗੀ ਤੇ ਕਹਿਣ ਲੱਗੇ : ਇਸ ਵਿਚਾਰੇ ਦਾ ਕਸੂਰ ਨਹੀਂ । ਕਸੂਰ ਮੇਰਾ ਹੀ ਹੈ । ਜਦ ਇਹ ਨਿੰਮਿਆ ਤਾਂ ਉਸ ਰਾਤ ਬਾਦਸ਼ਾਹ ਘਰੋਂ ਗਵਾਂਢੀ ਨੂੰ ਪਕਵਾਨ ਆਏ ਸਨ ਤਾਂ ਉਸ ਨੇ ਵਿਚੋਂ ਕੁਝ ਸਾਨੂੰ ਭਿਜਵਾ ਦਿੱਤਾ। ਇਹ ਗੁਸਤਾਖ਼ੀ ਉਸ ਖਾਣੇ ਕਰ ਕੇ ਇਸ ਦੇ ਨੁਤਫ਼ੇ ਵਿਚ ਆਈ ਹੈ ।

ਕਿਸ ਸੋਚ ਸ਼ਕਤੀ ਦੇ ਮਾਲਕ ਸਨ, ਉਸ ਦਾ ਵਰਣਨ ਹੈ ਕਿ ਇਕ ਵਾਰੀ ਇਕ 'ਅੱਗ ਪੂਜ' ਦਾ ਮਾਲ ਲੁਟੇਰਿਆਂ ਲੁੱਟ ਲਿਆ ਤਾਂ





www.punjabilibrary.com

ਹਰਬ ਦਿਲਜੋਈ ਲਈ ਉਸ ਦੇ ਘਰ ਗਏ। ਉਸ ਨੇ ਕਿਹਾ ਕਿ ਇਹ ਸੱਚ ਹੈ ਕਿ ਬੜਾ ਮਾਲ ਲੁੱਟਿਆ ਗਿਆ ਹੈ ਪਰ ਫਿਰ ਵੀ ਸ਼ੁਕਰ ਹੈ ਕਿ ਮੇਰਾ ਮਾਲ ਲੁੱਟਿਆ ਗਿਆ ਹੈ ਪਰ ਮੈਂ ਕਦੇ ਕਿਸੇ ਦਾ ਲੁੱਟਿਆ ਨਹੀਂ। ਅਜੇ ਵੀ ਅੱਧੀ ਦੌਲਤ ਪਾਸ ਹੈ ਅਤੇ ਤੀਜੇ ਮੈਂ ਧਰਮੋਂ ਨਹੀਂ ਡੋਲਿਆ। ਇਹ ਸੁਣ ਕੇ ਕਹਿਣ ਲੱਗੇ ਕਿ ਤੂੰ ਇਤਨੀ ਰਜ਼ਾ ਵਿਚ ਰਹਿੰਦਾ ਹੈਂ ਪਰ ਫਿਰ ਕਿਉਂ ਅੱਗ ਪੂਜਦਾ ਹੈਂ। ਉਸ ਵਪਾਰੀ ਨੇ ਕਿਹਾ ਕਿ ਦੋਜ਼ਖ਼ ਦੀ ਅੱਗ ਤੋਂ ਬਚਣ ਲਈ। ਹਰਬ ਕਹਿਣ ਲੱਗੇ ਕਿ ਬਲਦੀ ਅੱਗ ਤੇ ਜੇ ਕੋਈ ਬੱਚਾ ਵੀ ਪਾਣੀ ਪਾ ਦੇਵੇ ਤਾਂ ਬੁੱਝ ਜਾਏ। ਵਪਾਰੀ ਨੇ ਕਿਹਾ ਕਿ ਜੇ ਤੁਸੀਂ ਮੇਰੇ ਚਾਰ ਸਵਾਲਾਂ ਦਾ ਜਵਾਬ ਦੇ ਦਿਓ ਤਾਂ ਇਸਲਾਮ ਕਬੂਲ ਕਰ ਲਵਾਂਗਾ। ਸਵਾਲ ਇਹ ਹਨ ਕਿ ਖ਼ੁਦਾ ਨੇ ਖ਼ਲਕ ਕਿਉਂ ਬਣਾਈ, ਦੂਜਾ ਰਿਜ਼ਕ ਕਿਉਂ ਦਿੱਤਾ, ਤੀਜੇ ਮੌਤ ਕਿਉਂ ਬਣਾਈ ਅਤੇ ਫਿਰ ਆਵਾਗਵਨ ਵਿਚ ਕਿਉਂ ਪਾਇਆ? ਹਰਬ ਕਹਿਣ ਲੱਗੇ: ਖ਼ਲਕ ਇਸ ਲਈ ਉਪਜਾਈ ਕਿ ਅਸੀਂ ਖ਼ਾਲਕ ਦੀ ਸ਼ਨਾਖ਼ਤ ਛੇਤੀ ਕਰ ਸਕੀਏ। ਰਿਜ਼ਕ ਇਸ ਲਈ ਦਿੱਤਾ ਕਿ ਰਾਜ਼ਿਕ ਬਿਨਾਂ ਹੋਰ ਕਿਧਰੇ ਨਾ ਝਾਕੀਏ। ਮੌਤ ਇਸ ਲਈ ਕਿ ਉਸ ਦੀ ਸ਼ਕਤੀ ਦਾ ਅੰਦਾਜ਼ਾ ਹਰ ਸਮੇਂ ਸਾਹਮਣੇ ਰਵ੍ਹੇ ਅਤੇ ਮੌਤ ਬਾਦ ਜ਼ਿੰਦਗੀ ਇਸ ਲਈ ਕਿ ਉਸ ਦਾ ਕਾਦਰ ਹੋਣਾ ਨਾ ਭੁੱਲੇ। ਇਤਨਾ ਕਹਿ ਕੇ ਹਰਬ ਨੇ ਅੱਗ ਵਿਚ ਕਿਤਨੀ ਦੇਰ ਹੱਥ ਪਾਈ ਰੱਖਿਆ। ਵਪਾਰੀ ਤਾਂ ਮੁਸਲਮਾਨ ਬਣਿਆ ਪਰ ਗ਼ੈਬੋਂ ਆਵਾਜ਼ ਆਈ ਕਿ ਹਰਬ ਤੂੰ ਇਸ ਨੂੰ ਤਾਂ ਮੁਸਲਮਾਨ ਬਣਾ ਦਿੱਤਾ ਪਰ ਤੈਂ ਜੋ ਸੱਤਰ-ਸਾਲਾਂ ਤੋਂ ਮੁਸਲਮਾਨ ਹੈਂ ਇਹ ਕਰਾਮਾਤ ਦਿਖਲਾ ਕੇ ਕੀ ਖੱਟਿਆ?

ਇਸ ਉਪਰੰਤ ਹੋਰ ਹਲੀਮੀ ਵਿਚ ਆ ਗਏ ਤੇ ਕਹਿਣ ਲੱਗ ਪਏ ਕਿ ਜੇ ਕੋਈ ਮੇਰੀ ਨਿੰਦਾ ਕਰਦਾ ਹੈ ਤਾਂ ਉਸ ਨੂੰ ਮੇਰੇ ਵਲੋਂ ਇਨਾਮ ਦੇਵੋ ਤੇ ਸ਼ਾਬਾਸ਼ ਭੇਜੋ ਕਿਉਂਕਿ ਨਿੰਦਕ ਕੱਪੜੇ ਧੋ ਦੇਂਦਾ ਹੈ ਤੇ ਕਾਇਆ ਸਵੱਛ ਹੋ ਜਾਂਦੀ ਹੈ। □



 www.punjabilibrary.com

ਰਖੀ

# ਉਨੱਤੀ

ਕਰਖੀ ਬਗ਼ਦਾਦ ਦੇ ਨੇੜੇ ਇਕ ਨਗਰ ਹੈ। ਉਥੋਂ ਦੇ ਰਹਿਣ ਕਾਰਨ ਨਾਂ ਨਾਲ ਕਰਖੀ ਜੁੜ ਗਿਆ ਤੇ ਮਸ਼ਹੂਰ ਵੀ ਕਰਖੀ ਨਾਂ ਨਾਲ ਹੋਏ। ਨਾਂ ਮਾਅਰੂਫ਼ ਸੀ।

ਮਾਂ-ਬਾਪ ਨਸਰਾਨੀ ਸਨ, ਇਸ ਲਈ ਜਦ ਪੜ੍ਹਨੇ ਪਾਇਆ ਤਾਂ ਉਸਤਾਦ ਨੇ 'ਖ਼ੁੱਦਾ ਤਿੰਨ' ਹਨ ਦਾ ਸਬਕ ਦਿੱਤਾ ਤਾਂ ਉਸੇ ਵੇਲੇ ਮਾਅਰੂਫ਼ ਕਹਿ ਉਠਿਆ, 'ਨਹੀਂ ! ਖ਼ੁੱਦਾ ਤਾਂ ਇਕ ਹੈ।' ਬੜੀ ਮਾਰ ਕੁਟਾਈ ਕੀਤੀ ਗਈ ਪਰ ਬਾਲ ਮਾਅਰੂਫ਼ ਖ਼ੁੱਦਾ ਇਕ ਹੀ ਕਹਿੰਦੇ ਰਹਿਆ। ਉਥੋਂ ਹਜ਼ਰਤ ਅਲੀ ਬਿਨ ਮੂਸਾ ਰਜ਼ਾ ਪਾਸ ਪੜ੍ਹਨੇ ਪਏ ਤੇ ਵਿਦਿਆ ਪਾ ਇਸਲਾਮ ਦੇ ਵੱਡੇ ਪ੍ਰਚਾਰਕ ਬਣੇ।

ਆਪ ਦਾ ਕਹਿਣਾ ਸੀ ਕਿ ਇੰਜੇ ਕਿਸੇ ਦੇ ਕੰਮ ਵਿਚ ਦਖ਼ਲ ਨਾ ਦਿਓ, ਸਗੋਂ ਉਸ ਦੇ ਨੇੜੇ ਹੋ ਕੇ ਉਸ ਦੀ ਦਸ਼ਾ ਨੂੰ ਸਮਝੋ। ਪਿਆਰ ਕੀਤਿਆਂ ਅਲਾਹ ਛੇਤੀ ਮਿਹਰ ਕਰਦਾ ਹੈ।

ਇਕ ਵਾਰੀ ਇਕ ਯਤੀਮ ਬੱਚੇ ਨੂੰ ਈਦ ਵਾਲੇ ਦਿਨ ਵੀ ਮਾਯੂਸ ਤਕ ਆਪਣੀ ਈਦ ਮਨਾਉਣੀ ਭੁਲ ਗਏ ਤੇ ਖਜੂਰਾਂ ਇਕੱਠੀਆਂ ਕਰਨ ਲੱਗੇ। ਸਰੀ ਸਕੀ ਨੇ ਡਿੱਠਾ ਤਾਂ ਕਿਹਾ : ਅੱਜ ਇਹ ਕੀ ਪਏ ਕਰਦੇ ਹੋ ? ਕਹਿਣ ਲੱਗੇ ਖਜੂਰਾਂ ਵੇਚ ਕੇ ਜਦ ਤੱਕ ਇਸ ਬੱਚੇ ਨੂੰ ਨਵੀਂ ਕਮੀਜ਼ ਨਾ ਸਿਲਵਾ ਦਿਆਂ, ਮੇਰੀ ਕਾਹਦੀ ਈਦ।

ਕਿਹਾ ਕਰਦੇ, ਸੂਰਮਾ ਉਹ ਹੈ ਜਿਸ ਤਿੰਨ ਕਰਤੱਵ ਨਿਭਾਏ ਹਨ :

ਪਹਿਲਾ : ਕਿਹਾ ਪੂਰਾ ਕਰ ਦਿਖਾਇਆ।

ਦੂਜਾ : ਸੁੱਖਾਂ ਵਿਚ ਵੀ ਸ਼ੁਕਰ ਸ਼ੁਕਰ ਕਰਦਾ ਰਹਿਆ।

ਤੀਜੇ : ਲੋੜਵੰਦ ਦੀ ਲੋੜ, ਬਗ਼ੈਰ ਉਸਦੇ ਕਹੇ ਪੂਰੀ ਕਰ ਦਿੱਤੀ।



 www.punjabilibrary.com

ਇਹ ਵੀ ਕਿਹਾ ਕਰ ਜੋ ਫ਼ਜ਼ੂਲ ਗੱਲਾਂ ਵਿਚ ਸਮਾਂ ਜ਼ਾਇਆ ਕਰ ਦੇਂਦੇ ਹਨ, ਅਲਾਹ ਦੀ ਖ਼ੈਰ ਦੇ ਦਰਵਾਜ਼ੇ ਉਸ ਤੇ ਨਹੀਂ ਖੁਲ੍ਹਦੇ। ਜਿਹੜੇ ਆਲਸ ਤਜ ਉਸ ਦੀ ਯਾਦ ਵਿਚ ਮਗਨ ਹੋ ਜਾਂਦੇ ਹਨ, ਅਲਾਹ ਮਿਹਰ ਦਾ ਹੱਥ ਰਖ ਦੇਂਦਾ ਹੈ। ਜਿਹੜੇ ਅਲਾਹ ਦੇ ਹੁਕਮਾਂ ਤੋਂ ਮੂੰਹ ਮੋੜ ਲੈਂਦੇ ਹਨ, ਉਹ ਕਦੇ ਰਹਿਮਤ ਦੀ ਤਮੰਨਾ ਨਾ ਕਰਨ।

ਇਕ ਵਾਰੀ ਕੁਝ ਲੋਕਾਂ ਨੇ ਡਿੱਠਾ ਕਿ ਬੜੇ ਮਜ਼ੇ ਨਾਲ ਕੁਝ ਖਾ ਰਹੇ ਹਨ। ਪੁੱਛ ਹੀ ਬੈਠੇ ਕਿ ਇਹ ਕੀ ਸ਼ੈ ਹੈ ਜਿਸ ਨੂੰ ਇਤਨੇ ਸਵਾਦ ਲੈ ਲੈ ਖਾ ਰਹੇ ਹੋ ? ਫ਼ਰਮਾਇਆ : ਮੇਰੀ ਪ੍ਰਸੰਨਤਾ ਦਾ ਕਾਰਨ ਹੈ ਕਿ ਮੈਂ ਖਾਣ ਵੇਲੇ ਇਹ ਸਮਝਦਾ ਹਾਂ ਕਿ ਅਲਾਹ ਦਾ ਮਹਿਮਾਨ ਹਾਂ ਤੇ ਜੋ ਉਹ ਦੇ ਰਿਹਾ ਹੈ ਉਸ ਨੂੰ ਸਵਾਦ ਨਾਲ ਹੀ ਖਾਣਾ ਚਾਹੀਦਾ ਹੈ।

ਚੱਬ ਉਹ ਭੁੱਜੇ ਹੋਏ ਛੋਲੇ ਰਹੇ ਸਨ। ਕਈ ਵਾਰੀ ਆਪਣੀ ਖ਼ਾਹਿਸ਼ ਨੂੰ ਕਹਿੰਦੇ ਕਿ ਤੂੰ ਮੇਰਾ ਖਹਿੜਾ ਛੱਡ ਦੇ, ਤੈਨੂੰ ਖ਼ੁਸ਼ ਕਰਣ ਲਈ ਮੈਂ ਕਿਸੇ ਅੱਗੇ ਹੱਥ ਨਹੀਂ ਅੱਡਣ ਲੱਗਾ। ਤੇਰਾ ਭਲਾ ਮੈਨੂੰ ਛੱਡ ਜਾਣ ਵਿਚ ਹੈ।

ਮਰਨ ਵੇਲੇ ਕਰਖੀ ਨੇ ਸਰੀ ਸਕਤੀ ਨੂੰ ਕਿਹਾ ਸੀ ਕਿ ਮੈਨੂੰ ਬਗ਼ੈਰ ਕਫ਼ਨ ਦੇ ਦਫ਼ਨ ਕਰਨਾ ਕਿਉਂਕਿ ਨਾਂਗੇ ਆਇਆ, ਨਾਂਗੇ ਹੀ ਜਾਣਾ ਲੋੜਦਾ ਹਾਂ।

ਮਰਨ ਬਾਅਦ ਮੁਹੰਮਦ ਹੁਸੈਨ ਦੇ ਸੁਪਨੇ ਵਿਚ ਆਏ ਤਾਂ ਹੁਸੈਨ ਨੇ ਪੁੱਛਿਆ ਕਿ ਅਲਾਹ ਦੇ ਦਰ ਕਬੂਲ ਕਿਵੇਂ ਹੋਏ ਤਾਂ ਕਹਿਣ ਲੱਗੇ : ਮੈਂ ਸਾਰੀ ਉਮਰ ਇਬਨ ਸਮਾਕ ਦੀ ਨਸੀਹਤ ਯਾਦ ਰੱਖੀ ਸੀ ਕਿ ਜੋ ਦੁਨੀਆਂ ਵਲੋਂ ਰਿਸ਼ਤਾ ਤੋੜ ਲੈਂਦੇ ਹਨ ਤੇ ਅਲਾਹ ਵਲ ਰਜੂਹ ਰਖਦੇ ਹਨ ਤਾਂ ਅਲਾਹ ਵੀ ਉਨ੍ਹਾਂ ਵੱਲ ਰਜੂਹ ਹੁੰਦਾ ਹੈ ਤੇ ਦੂਆ ਮੈਨੂੰ ਉਸ ਭਿਸ਼ਤੀ ਦੀ ਲੱਗੀ ਜੋ ਬਾਜ਼ਾਰ ਜਾਂਦੇ ਮਸ਼ਕ ਚੁੱਕੀ ਇਹ ਕਹੀ ਜਾ ਰਿਹਾ ਸੀ ਕਿ ਐ ਅਲਾਹ ! ਜੋ ਮੇਰੀ ਮਸ਼ਕ ਦਾ ਪਾਣੀ ਪੀ ਲਵੇ ਉਸ ਨੂੰ ਛੁਟਕਾਰਾ ਦੇ ਦੇਵੀਂ। ਮੈਂ ਭਾਵੇਂ ਰੋਜ਼ਾ ਨਫ਼ਲੀ, ਇੰਜੇ ਰਮਜ਼ਾਨ ਦੇ ਰੋਜ਼ਿਆਂ ਤੋਂ ਇਲਾਵਾ ਵਰਤ ਰਖਿਆ ਹੋਇਆ ਸੀ ਪਰ ਜਲ ਪੀ ਲਿਆ ਤੇ ਉਸ ਭਿਸ਼ਤੀ ਦੀ ਦੁਆ ਕਰ ਕੇ ਅਲਾਹ ਦੀ ਮੇਹਰ ਦਾ ਪਾਤਰ ਹੋਇਆ। ਪਤਾ ਨਹੀਂ ਕਦ ਕਿਸੇ ਦੀ ਅਸੀਸ ਲੱਗ ਜਾਵੇ। □





www.punjabilibrary.com

ਫ਼ਯਾਨ
ਾਵਰੀ

## ਤੀਹ

ਲੋਕੀਂ ਆਪ ਜੀ ਨੂੰ ਅਮੀਰ-ਉਲ-ਮੋਮਨ ਕਹਿੰਦੇ ਸਨ। ਬੜੇ ਨਿਮਰ ਸਨ। ਇਨ੍ਹਾਂ ਦੀ ਮਾਂ ਕਹਿੰਦੀ ਹੁੰਦੀ ਸੀ ਕਿ ਸਵਰੀ ਕੁੱਖ ਵਿਚ ਹੀ ਸੀ ਤਾਂ ਮਨ ਟਿਕਿਆ ਟਿਕਿਆ ਰਹਿੰਦਾ ਸੀ।

ਅਲਾਹ ਦੀ ਯਾਦ ਵਿਚ ਜੁੜਨ ਦਾ ਕਾਰਨ ਇਕ ਨਿੱਕੀ ਜਿਹੀ ਘਟਨਾ ਬਣੀ।

ਇਕ ਵਾਰੀ ਮਸੀਤੇ ਗਏ ਤਾਂ ਪਹਿਲਾਂ ਖੱਬਾ ਕਦਮ ਦਹਿਲੀਜ਼ ਟੱਪਣ ਲਈ ਅੰਦਰ ਰੱਖ ਦਿੱਤਾ। ਉਸ ਵੇਲੇ ਆਵਾਜ਼ ਆਈ: ਓ ਸਵਰੀ (ਨਾਦਾਨ ਪੁਰਸ਼) ! ਮਸਜਿਦ ਦੇ ਹੱਕ ਵਿਚ ਇਤਨੀ ਗੁਸਤਾਖ਼ੀ ਚੰਗੀ ਨਹੀਂ।

ਇਤਨੇ ਭੈ-ਭੀਤ ਹੋਏ ਕਿ ਪੱਕਾ ਅਹਿਦ ਕਰ ਲਿਆ ਕਿ ਅੱਗੇ ਤੋਂ ਕਦੇ ਇਤਨੀ ਬੇਅਦਬੀ ਨਹੀਂ ਕਰਾਂਗਾ ਤੇ ਮਨ ਨੂੰ ਕਦੇ ਮਰਜ਼ੀ ਨਹੀਂ ਕਰਨ ਦਿਆਂਗਾ, ਨਾਂ ਹੀ 'ਸਵਰੀ' ਪੈ ਗਿਆ। ਫਿਰ ਕਦੇ ਕੋਈ ਬੇ-ਅਦਬੀ ਭਰਿਆ ਕਰਮ ਨਹੀਂ ਕੀਤਾ ਤੇ ਨਾ ਹੀ ਕਰਨ ਦਿੱਤਾ ਭਾਵੇਂ ਕਿਤਨੀ ਵੱਡੀ ਸਜ਼ਾ ਭੁਗਤਣੀ ਪਈ।

ਇਕ ਵਾਰੀ ਸਮੇਂ ਦੇ ਖ਼ਲੀਫ਼ਾ ਨੇ ਨਮਾਜ਼ ਅਦਾ ਕਰਦੇ ਦਾਹੜੀ ਤੇ ਹੱਥ ਫੇਰ ਲਿਆ ਤਾਂ ਕਹਿਣ ਲੱਗੇ ਕਿ ਨਮਾਜ਼ ਪੜ੍ਹਦਿਆਂ ਖ਼ੁਦ-ਨਮਾਈ ਕਰਨਾ ਕਿਥੋਂ ਦੀ ਨਮਾਜ਼ ਹੈ। ਇਹ ਕਦੇ ਕਬੂਲ ਨਹੀਂ ਹੋਣ ਲੱਗੀ ਸਗੋਂ ਕਿਆਮਤ ਵਾਲੇ ਦਿਨ ਗੇਂਦ ਵਾਂਗ ਤੇਰੇ ਮੂੰਹ ਤੇ ਮਾਰੀ ਜਾਵੇਗੀ।

ਖ਼ਲੀਫ਼ਾ ਨੇ ਝਿੜਕਿਆ ਤੇ ਚੁੱਪ ਰਹਿਣ ਲਈ ਕਿਹਾ ਤਾਂ ਉਸੇ ਸਾਹਸ ਵਿਚ ਕਹਿਣ ਲੱਗੇ: ਹੱਕ ਗੋਈ (ਸੱਚ ਬੋਲਣ) ਵਿਚ ਖ਼ਾਮੋਸ਼ੀ ਕੇਹੀ ?

ਖ਼ਲੀਫ਼ੇ ਨੇ ਮੌਤ ਦੀ ਸਜ਼ਾ ਸੁਣਾਈ ਪਰ ਆਪ ਅਡੋਲ ਰਹੇ ਅਤੇ ਅਰਦਾਸ ਕੀਤੀ ਕਿ ਅਲਾਹ ! ਇਹ ਖ਼ਲੀਫ਼ਾ ਮੈਨੂੰ ਬੇਕਸੂਰ ਨੂੰ ਸਜ਼ਾ ਦੇਣਾ ਚਾਹੁੰਦਾ ਹੈ। ਕਹਿੰਦੇ ਹਨ ਕਿ ਖ਼ਲੀਫ਼ੇ ਦੀ



Page 134 www.punjabilibrary.com

ਇਕ ਹਾਦਸੇ ਵਿਚ ਮੌਤ ਹੋ ਗਈ।

ਇਤਨੇ ਬੇਗਰਜ਼ ਸਨ ਕਿ ਇਕ ਬੰਦੇ ਨੇ ਆਪਣੇ ਪਿਤਾ ਦੇ ਮਰਨ ਪਿਛੋਂ ਦੋ ਸੌ ਅਸ਼ਰਫੀਆਂ ਇਹ ਕਹਿ ਕੇ ਭਿਜਵਾਈਆਂ ਕਿ ਉਨ੍ਹਾਂ ਦੀ ਨੇਕ ਕਮਾਈ ਸੀ ਤੇ ਕਿਸੇ ਪਾਕ ਪੁਰਸ਼ ਨੂੰ ਹੀ ਦੇਣੀ ਫੱਬਦੀ ਹੈ ਤੇ ਨੇਕ ਬੰਦੇ ਤੁਸੀਂ ਹੀ ਹੋ ਪਰ ਆਪ ਜੀ ਨੇ ਇਹ ਕਹਿ ਕੇ ਸਾਰੀ ਰਕਮ ਮੋੜ ਦਿੱਤੀ ਕਿ ਤੇਰੇ ਬਾਪ ਨਾਲ ਮੇਰੇ ਸੰਬੰਧ ਦੀਨ ਦੇ ਸਨ, ਦੁਨੀਆਂ ਦੇ ਨਹੀਂ।

ਇਕ ਹੋਰ ਸਜਣ ਨੇ ਬੜੇ ਤਰਲੇ ਨਾਲ ਕਿਹਾ ਕਿ ਮੇਰੀ ਭੇਟਾ ਤਾਂ ਜ਼ਰੂਰ ਕਬੂਲ ਕਰੋ, ਮੈਂ ਕੋਈ ਇਵਜ਼ਾਨਾ ਨਹੀਂ ਦੇ ਰਿਹਾ ਤਾਂ ਕਹਿਣ ਲੱਗੇ : ਜੇ ਤੇਰੀ ਦਿੱਤੀ ਰਕਮ ਕਬੂਲ ਕਰ ਲਵਾਂ ਤਾਂ ਰਤਾ ਮਾਸਾ ਲਗਾਉ ਤੇਰੇ ਨਾਲ ਜ਼ਰੂਰ ਹੋ ਜਾਵੇਗਾ ਤੇ ਇਹ ਲਗਾਉ ਹੀ 'ਦੁਨੀਆਂ' ਹੈ। ਦੀਨ ਦੇ ਉਲਟ ਮੈਂ ਨਹੀਂ ਜਾ ਸਕਦਾ।

ਇਕ ਵਾਰੀ ਸਫ਼ਰ ਵਿਚ ਆਪ ਜੀ ਦਾ ਇਕ ਸਾਥੀ ਰੁਕ ਕੇ ਇਕ ਨਵੇਂ ਮਹੱਲ ਨੂੰ ਬੜੇ ਗਹੁ ਨਾਲ ਦੇਖਣ ਲੱਗਾ ਤਾਂ ਉਸ ਨੂੰ ਟੋਕਦੇ ਕਹਿਣ ਲੱਗੇ : ਤੂੰ ਚੰਗਾ ਨਹੀਂ ਕੀਤਾ। ਦੌਲਤਮੰਦ ਮਕਾਨਾਂ ਤੇ ਬੜੀ ਫ਼ਜ਼ੂਲ ਖ਼ਰਚੀ ਤੋਂ ਕੰਮ ਲੈਂਦੇ ਹਨ। ਇਸ ਵੱਲ ਦੇਖਣ ਵਾਲਾ ਵੀ ਗੁਨਾਹਗਾਰ ਹੈ।

ਜਦ ਕਿਸੇ ਦਰਵੇਸ਼ ਦੇ ਜਨਾਜ਼ੇ ਦੌਰਾਨ ਲੋਕਾਂ ਨੂੰ ਬਹੁਤੀ ਉਪਮਾ ਕਰਦੇ ਸੁਣਿਆ ਤਾਂ ਕਹਿਣ ਲੱਗੇ : ਇਥੋਂ ਪਤਾ ਲਗਦਾ ਹੈ ਕਿ ਉਸ ਦਾ ਅਹਿਲੇ ਦੁਨੀਆਂ ਨਾਲ ਬਹੁਤਾ ਲਗਾਉ ਸੀ। ਇਤਨਾ ਲਗਾਉ ਰੱਖਣ ਵਾਲਾ ਦਰਵੇਸ਼ ਨਹੀਂ ਹੋ ਸਕਦਾ।

ਕੁੱਤੇ ਨੂੰ ਤਾਂ ਨਾਲ ਬਿਠਲਾ ਕੇ ਖਵਾਂਦੇ ਪਰ ਆਪਣੇ ਟੱਬਰ ਨਾਲ ਬੈਠ ਕਦੀ ਪ੍ਰਸ਼ਾਦ ਨਾ ਛਕਦੇ। ਕਿਸੇ ਪੁੱਛਿਆ ਕਿ ਅਜਿਹਾ ਕਿਉਂ ਕਰਦੇ ਹੋ ਤਾਂ ਫ਼ਰਮਾਇਆ : ਅਬਾਦਤ ਵਿਚ ਤਾਂ ਮੇਰੇ ਨਾਲ ਮੇਰੀ ਸੰਤਾਨ ਨਹੀਂ ਬੈਠਦੀ ਪਰ ਇਹ ਕੁੱਤਾ ਅਬਾਦਤ ਸਮੇਂ ਚੁੱਪ ਕਰ ਕੇ ਪਾਸ ਬੈਠਾ ਰਹਿੰਦਾ ਹੈ।

ਕਹਿੰਦੇ ਹੁੰਦੇ ਸਨ ਕਿ ਖ਼ੁਦਾ ਦੇ ਫ਼ਰਾਕ (ਵਿਛੋੜੇ) ਵਿਚ ਨਿਕਲਿਆ ਇਕ ਅੱਥਰੂ ਜ਼ਿੰਦਗੀ ਭਰ ਦੀ ਅਬਾਦਤ ਕੀਤੀ ਨਾਲੋਂ ਚੰਗੇਰਾ ਹੈ। ਸਾਥੀ ਦਰਵੇਸ਼ਾਂ ਨੂੰ ਸਮਝਾਂਦੇ ਕਿ ਪੰਜ ਪ੍ਰਕਾਰ ਦੇ ਦਰਵੇਸ਼ਾਂ ਨੂੰ ਹਰ ਕੋਈ ਆਦਰ ਦੇਂਦਾ ਹੈ।

—ਜ਼ਾਹਿਦ ਆਲਿਮ (ਵਾਹਿਗੁਰੂ ਨਾਲ ਜੁੜਿਆ ਵਿਦਵਾਨ)

—ਫ਼ਕੀਅ ਸੂਫ਼ੀ (ਮਾਰਫ਼ਤ ਨੂੰ ਪੁੱਜਾ ਸੂਫ਼ੀ)

—ਅਲਪ ਅਹਾਰ ਕਰਨ ਵਾਲਾ ਫ਼ਕੀਰ


www.punjabilibrary.com

—ਸ਼ਾਕਰ ਦਰਵੇਸ਼
—ਸ਼ਰੀਫ਼ ਸੁੰਨੀ

ਯਕੀਨ ਦੀ ਉਪਮਾ ਕਰਦੇ ਕਹਿੰਦੇ ਕਿ ਅੰਦਰ ਦੀ ਆਵਾਜ਼ ਨੂੰ ਸਹੀ ਮੰਨਣਾ ਹੀ ਯਕੀਨ ਹੈ।

ਦੁਨੀਆਂ ਦੁੱਖਾਂ ਨੂੰ ਤਾਂ ਪੁੱਜ ਰਹੀ ਹੈ ਕਿਉਂਕਿ ਚਾਰ ਗੱਲਾਂ ਇਸ ਨੇ ਭੁਲਾ ਦਿੱਤੀਆਂ ਹਨ।

**ਇਕ**, ਹਰ ਸਮੇਂ ਔਗੁਣ ਛਾਂਟਣ ਲੱਗ ਪਈ ਹੈ ਤੇ ਅਲਾਹ ਦੇ ਗੁਣ ਵਿਸਾਰ ਦਿੱਤੇ ਹਨ। **ਦੂਜੇ**, ਕਿਸੇ ਦੀ ਚੜ੍ਹਤ ਦੇਖ ਹਿਰਦੇ ਈਰਖਾ ਕਰਦੀ ਹੈ ਤੇ ਨਾਸ਼ੁਕਰੀ ਨੇ ਪੈਰ ਜਮਾ ਲਏ ਹਨ। **ਤੀਜੇ**, ਨਾਜਾਇਜ਼ ਦੌਲਤ ਇਕੱਠੀ ਕਰਦੇ ਕਰਦੇ ਮੌਤ ਮੂਲੋਂ ਭੁਲਾ ਦਿੱਤੀ ਹੈ ਅਤੇ **ਚੌਥੇ**, ਜੋ ਮਹਾਂਪੁਰਖਾਂ ਆਖਿਆ ਹੈ ਉਸ ਤੇ ਕਿੰਤੂ ਕਰ ਕਰ ਰੱਬ ਦਾ ਰਾਹ ਭੁੱਲ ਗਿਆ ਹੈ।

ਕੋਈ ਜੇ ਕਹਿੰਦਾ ਸਫ਼ਰ ਤੇ ਚੱਲੇ ਹਾਂ, ਮੁੜਦਿਆਂ ਤੁਹਾਡੇ ਲਈ ਕੀ ਲੈ ਕੇ ਆਈਏ ਤਾਂ ਕਹਿੰਦੇ ਕਿ ਜੇ ਮੌਤ ਨਜ਼ਰੀਂ ਆਵੇ ਤਾਂ ਲੈਂਦਾ ਆਵੀਂ।

ਜਦ ਚਲਾਣਾ ਕਰਨ ਲੱਗੇ ਤਾਂ ਮੁਰੀਦ ਨੂੰ ਆਪਣੇ ਸਰਾਹਣੇ ਹੇਠੋਂ ਇਕ ਹਜ਼ਾਰ ਦਿਨਾਰ ਕੱਢ ਕੇ ਦਿੱਤੇ ਤੇ ਕਿਹਾ ਕਿ ਲੋੜਵੰਦਾਂ ਨੂੰ ਵੰਡ ਦਿਓ। ਜੁਰਅਤਿ ਕਰ ਕੇ ਇਕ ਸਜਣ ਪੁੱਛ ਹੀ ਬੈਠਾ ਕਿ ਸਾਨੂੰ ਤਾਂ ਕਹਿੰਦੇ ਰਹੇ ਹੋ ਕਿ ਦੌਲਤ ਇਕੱਠੀ ਨਾ ਕਰੋ ਪਰ ਤੁਸਾਂ ਪਾਸ ਇਤਨੀ ਰਕਮ ? ਤਾਂ ਕਹਿਣ ਲੱਗੇ ਕਿ ਇਹ ਇਮਾਨ ਦੀ ਰਾਖੀ ਲਈ ਸੀ। ਕਿਉਂਕਿ ਜਦ ਵੀ ਸ਼ੈਤਾਨ (ਅਬਲੀਸ) ਪੁੱਛਦਾ ਕਿ ਖਾਏਂਗਾ ਕਿਥੋਂ ਤਾਂ ਮੈਂ ਕਹਿੰਦਾ ਮੇਰੇ ਪਾਸ ਇਹ ਦੀਨਾਰ ਹਨ। ਤੈਨੂੰ ਕਫ਼ਨ ਕਿਥੋਂ ਨਸੀਬ ਹੋਵੇਗਾ ਤਾਂ ਵੀ ਮੈਂ ਇਨ੍ਹਾਂ ਵਲ ਇਸ਼ਾਰਾ ਕਰ ਦੇਂਦਾ। ਇਹ ਤਾਂ ਸ਼ੈਤਾਨ ਨੂੰ ਦੂਰ ਰੱਖਣ ਲਈ ਪਾਸ ਰੱਖੇ ਸਨ। ਮਿਲੇ ਮੈਨੂੰ ਬੁਖ਼ਾਰੀ ਤੋਂ ਇਕ ਬੰਦੇ ਦੀ ਮੌਤ ਕਾਰਨ ਜਿਸ ਦਾ ਵਿਰਸਾ ਸ਼ਰਈ ਤੌਰ ਤੇ ਮੈਨੂੰ ਮਿਲਦਾ ਸੀ। ਉਸ ਵੇਲੇ ਮੇਰੀ ਉਮਰ ਅਠਾਰਾਂ ਸਾਲ ਦੀ ਸੀ। ਉਹ ਮੈਂ ਉਸੇ ਤਰ੍ਹਾਂ ਰੱਖੀ ਰੱਖੇ ਤੇ ਮੌਤ ਵੇਲੇ ਸਦਕੇ ਵਿਚ ਦੇ ਰਿਹਾ ਹਾਂ।

ਪਿੰਜਰੇ ਪਏ ਜਿਸ ਪੰਛੀ ਨੂੰ ਆਜ਼ਾਦ ਕੀਤਾ ਸੀ ਉਹ ਰੋਜ਼ ਅਬਾਦਤ ਵੇਲੇ ਕੋਲ ਆ ਕੇ ਬੈਠਦਾ ਸੀ ਤੇ ਇਨ੍ਹਾਂ ਦੇ ਜਨਾਜ਼ੇ ਨਾਲ ਕਦੇ ਨਾਲ ਉੱਡਦਾ ਤੇ ਕਦੇ ਤੜਪ ਕੇ ਜ਼ਮੀਨ ਤੇ ਡਿੱਗ ਪੈਂਦਾ। ਇਤਨਾ ਪਿਆਰ ਕਰਦੇ ਸਨ ਜੀਵ ਜੰਤ ਸਵਰੀ ਨਾਲ। □



www.punjabilibrary.com

## ਇਕੱਤੀ

**ਹਾਤਮ ਅਸਮ**

ਆਪ ਹਜ਼ਰਤ ਸਫ਼ੀਕ ਬਲਖੀ ਦੇ ਮੁਰੀਦ ਤੇ ਅਹਿਮਦ ਖਜ਼ੂਰੀਆ ਦੇ ਮੁਰਸ਼ਦ ਸਨ ਤੇ ਬੜੇ ਪ੍ਰਹੇਜ਼ਗਾਰ ਤੇ ਦਿਨ ਰਾਤ ਅਬਾਦਤ ਵਿਚ ਲੱਗੇ ਰਹਿੰਦੇ ਸਨ। ਜਦ ਤੋਂ ਹੋਸ਼ ਸੰਭਾਲੀ ਕਦੇ ਯਾਦਿ ਅਲਾਹੀ ਤੋਂ ਅਵੇਸਲੇ ਨਾ ਹੋਏ। ਸਾਰੀ ਜ਼ਿੰਦਗੀ ਸਿਦਕ ਤੇ ਸਦਾਚਾਰ ਵਿਚ ਗੁਜ਼ਾਰੀ। ਆਪ ਦੇ ਬਚਨ ਬੜੇ ਸਰਲ ਤੇ ਦਿਲ ਨੂੰ ਟੁੰਬਣ ਵਾਲੇ ਹੁੰਦੇ ਸਨ। ਦੋ ਗੱਲਾਂ ਤੇ ਬੜਾ ਜ਼ੋਰ ਦੇਂਦੇ। ਇਕ : ਜੋ ਸ਼ੈ ਤੁਹਾਡੇ ਕੋਲ ਹੈ, ਉਸ ਤੇ ਰਾਜ਼ੀ ਰਵੋ ਅਤੇ ਦੂਜੇ, ਉਸ ਚੀਜ਼ ਦੀ ਕਦੇ ਆਸ ਨਾ ਕਰੋ ਜੋ ਤੁਹਾਡੇ ਪਾਸ ਨਹੀਂ।

ਪੜਦੇ-ਕੱਜ ਇਤਨੇ ਕਿ ਇਕ ਔਰਤ ਦੀ ਸ਼ਰਮਿੰਦਗੀ ਦੂਰ ਕਰਨ ਲਈ ਆਪ ਡੋਰੇ ਬਣ ਗਏ ਤਾਂ ਕਿ ਉਸ ਔਰਤ ਨੂੰ ਯਕੀਨ ਹੋ ਜਾਵੇ ਕਿ ਉਨ੍ਹਾਂ ਕੱਢੀ ਆਵਾਜ਼ ਸੁਣੀ ਹੀ ਨਹੀਂ। ਉਹ ਔਰਤ ਜਦ ਵੀ ਆਂਦੀ ਉਹ ਡੋਰੇ ਬਣ ਜਾਂਦੇ, ਇਸ ਕਾਰਨ ਨਾਂ ਹੀ 'ਅਸਮ' ਪੈ ਗਿਆ।

ਕਦੀ ਕਿਸੇ ਨੇ ਅਸਮ ਨੂੰ ਕਰੋਧੀ ਨਹੀਂ ਡਿੱਠਾ ਪਰ ਉਹ ਉਸ ਸ਼ਾਹੂਕਾਰ ਅਤੇ ਦੁਕਾਨਦਾਰ ਤੇ ਬੜਾ ਗੁੱਸਾ ਕਰਦੇ ਜੋ ਆਪਣੇ ਗਾਹਕਾਂ ਕੋਲੋਂ ਕਰਜ਼ ਦੀ ਰਕਮ ਉਗ੍ਰਾਹਣ ਵਿਚ ਸਖ਼ਤੀ ਕਰਦਾ। ਕਹਿੰਦੇ ਸਨ ਕਿ ਕਰਜ਼ ਲੈਣ ਵਾਲੇ ਤੇ ਤਰਸ ਹੀ ਕਰਨਾ ਫੱਬਦਾ ਹੈ। ਜਦ ਲੋਕੀਂ ਪੁੱਛਦੇ ਤੁਹਾਡਾ ਗੁਜ਼ਾਰਾ ਕਿਵੇਂ ਚਲਦਾ ਹੈ ਤਾਂ ਕਹਿੰਦੇ ਖ਼ੁੱਦਾ ਦੇ ਖ਼ਜ਼ਾਨੇ ਤੋਂ। ਉਸ ਹੁਜਤ ਬਾਜ਼ ਨੇ ਕਿਹਾ : ਕਦੇ ਕਿਸੇ ਬਗ਼ੈਰ ਬੀਜੇ ਫ਼ਸਲ ਕਟੀ ਹੈ ਤਾਂ ਬੜੇ ਸਹਿਜ ਨਾਲ ਕਹਿਣ ਲੱਗੇ : ਹਾਂ ਤੂੰ ਬਗ਼ੈਰ ਬੀਜੇ, ਆਪਣੇ ਵਾਲ ਕੱਟਦਾ ਰਹਿੰਦਾ ਹੈਂ। ਫਿਰ ਸਮਝਾਂਦੇ ਕਹਿਣ ਲੱਗੇ ਕਿ ਰਿਜ਼ਕ ਲਈ ਭਟਕਣਾ ਮਹਾਂ-ਮੂਰਖਤਾ ਹੈ ਕਿਉਂਕਿ ਰਿਜ਼ਕ ਤਾਂ ਸਾਨੂੰ ਖ਼ੁੱਦ ਪਿਆ ਲੱਭਦਾ ਹੈ। ਹਦੀਸਾਂ ਦਾ ਕਥਨ ਹੈ ਕਿ ਰਿਜ਼ਕ ਤਾਂ ਖ਼ੁਦ ਤੁਹਾਡੇ ਪਾਸ ਪੁੱਜਦਾ ਹੈ, ਤੈਨੂੰ ਜੁਸਤਜੂ ਦੀ ਕੀ ਲੋੜ ਹੈ। ਬਸ ਦੋਸਤ ਖ਼ੁੱਦਾ ਨੂੰ ਬਣਾ ਲਵੋ। ਸੰਗਤ ਸਾਧਾਂ ਦੀ ਕਰੋ। ਸਬਕ ਦੁਨੀਆਂ ਤੋਂ ਲਵੋ ਜੋ ਨਹੀਂ ਰਹਿਣੀ।


www.punjabilibrary.com

ਕਿਸੇ ਨੇ ਜਦ ਆ ਕੇ ਕਿਹਾ ਕਿ ਕੋਈ ਲੋੜ ਹੈ ਤਾਂ ਦੱਸੋ ਤਾਂ ਕਹਿਣ ਲੱਗੇ ਕਿ ਮੇਰੀ ਸਭ ਤੋਂ ਵੱਡੀ ਲੋੜ ਹੈ ਕਿ ਨਾ ਤੂੰ ਮੈਨੂੰ ਤੱਕੇਂ ਤੇ ਨਾ ਮੈਂ ਤੈਨੂੰ ਦੇਖਾਂ ।

ਇਕ ਵਾਰੀ ਵਿਦਵਾਨਾਂ ਦੀ ਮਜਲਸ ਨੂੰ ਸੰਬੋਧਨ ਕਰਦੇ ਹੋਏ ਕਹਿਣ ਲੱਗੇ ਕਿ ਉਹ ਹੀ ਹੈ ਵਿਦਵਾਨ ਜੋ ਗੁਜ਼ਰੇ ਕਲ ਤੇ ਕਰੇ ਪਛਤਾਵਾ (ਤਾਸਫ਼), ਮੌਜੂਦਾ ਦਿਨ ਨੂੰ ਸਮਝੇ ਗ਼ਨੀਮਤ ਤੇ ਆਉਂਦੇ ਦਿਨ ਤੋਂ ਡਰੇ । ਕਿਹਾ ਕਰਦੇ ਕਦੇ ਵੱਧ ਨਾ ਖਾਓ, ਕਦੇ ਫ਼ਜ਼ੂਲ ਨਾ ਬੋਲੋ ਤੇ ਕਦੇ ਫ਼ਾਲਤੂ ਚੀਜ਼ ਨਾ ਦੇਖੋ । ਪ੍ਰਹੇਜ਼ਗਾਰੀ (ਜ਼ੁਹਦ) ਦੇ ਤਿੰਨ ਦਰਜੇ ਦੱਸਦੇ ਸਨ । **ਪਹਿਲਾ** : ਪੂਰਨ ਤੌਰ ਤੇ ਅਲਾਹ ਤੇ ਭਰੋਸਾ, **ਦਰਮਿਆਨਾ** : ਸਬਰ ਤੇ **ਆਖ਼ਰੀ** ਸਦਾਚਾਰੀ ਹੋਣਾ ।

ਕਿਹਾ ਕਰਦੇ ਕਿ ਹਰ ਕਿਸੇ ਸ਼ੈ ਦਾ ਕੋਈ ਨਾ ਕੋਈ ਫੱਬਨ ਹੁੰਦਾ ਹੈ । ਅਬਾਦਤ ਸੱਜਦੀ ਹੈ ਭੈ ਨਾਲ । ਭੈ ਵਿਚ ਰਹਿਣ ਦੀ ਨਿਸ਼ਾਨੀ ਹੈ ਖ਼ਾਹਿਸ਼ਾਂ ਦੀ ਕਮੀ ।

ਇਕ ਵਾਰੀ ਬੜਾ ਸੋਹਣਾ ਕਿਹਾ ਸੀ ਕਿ ਇਹ ਠੀਕ ਹੈ ਕਿ ਕਾਹਲੀ ਸ਼ੈਤਾਨੀ ਕਰਮ ਹੈ ਪਰ ਚਾਰ ਚੀਜ਼ਾਂ ਵਿਚ ਛੇਤੀ ਜ਼ਰੂਰ ਪਾਓ :

ਇਕ : ਆਏ ਮਹਿਮਾਨ ਸਾਹਮਣੇ ਖਾਣਾ ਰੱਖਣ;
ਦੂਜੇ : ਮੁਰਦੇ ਨੂੰ ਦਬਾਉਣ;
ਤੀਜੇ : ਜਵਾਂ ਲੜਕੀ ਦੀ ਸ਼ਾਦੀ;
ਅਤੇ
ਚੌਥੇ : ਪਛਤਾਵਾ ਕਰਨ ਵਿਚ ।

ਆਪ ਨੇ ਸਾਰੀ ਉਮਰ ਕਦੇ ਕਿਸੇ ਕੋਲੋਂ ਭੇਟਾ ਲੈਣੀ ਪਰਵਾਨ ਨਾ ਕੀਤੀ । ਕਹਿੰਦੇ ਸਨ ਲੈਣ ਵਿਚ ਰੁਸਵਾਈ ਹੁੰਦੀ ਹੈ ਅਤੇ ਦੇਣ ਵਾਲੇ ਵਿਚ ਅਹੰ ਜਾਗਦਾ ਹੈ । ਇਕ ਵਾਰੀ ਕਿਸੇ ਕੋਲੋਂ ਸ਼ੈ ਕਬੂਲ ਕਰ ਲਈ ਤਾਂ ਕਹਿਣ ਲੱਗੇ : ਉਸ ਦੀ ਇੱਜ਼ਤ ਨੂੰ ਆਪਣੇ ਨਾਲੋਂ ਕਿਤੇ ਵੱਧ ਸਮਝਦਾ ਹਾਂ । □

## ਬੱਤੀ

**ਹਾਰਸ ਮਹਿਸਾਬੀ**

ਆਪ ਨਿਮਰਤਾ ਤੇ ਸਦਾਚਾਰ ਦੀ ਮੂਰਤ ਸਨ। ਹਾਰਸ ਬਾਰੇ ਕਿਹਾ ਜਾਂਦਾ ਹੈ ਕਿ ਆਪ ਜੀ ਦਾ ਮਰਾਤਬਾ ਜੁਨੈਦ ਬਗ਼ਦਾਦੀ : ਇਬਨ ਅਤਾ, ਉਮਰ ਤੇ ਮਕੀ ਜਿਤਨਾ ਹੀ ਸੀ। ਇਤਨੀ ਪਾਕੀਜ਼ਗੀ ਪਾ ਚੁੱਕੇ ਸਨ ਕਿ ਜਦ ਵੀ ਗ਼ਲਤ ਤਰੀਕੇ ਨਾਲ ਕਮਾਈ ਹੋਈ ਰਕਮ ਨਾਲ ਪਕਾਈ ਰੋਟੀ ਕੋਈ ਅੱਗੇ ਰੱਖਦਾ ਤਾਂ ਆਪ ਜੀ ਦੀਆਂ ਉਂਗਲਾਂ ਸੁੰਨ ਹੋ ਜਾਂਦੀਆਂ। ਇਕ ਵਾਰੀ ਜੁਨੈਦ ਬਗ਼ਦਾਦੀ ਦੇ ਘਰ ਖਾਣਾਂ ਖਾਣ ਬੈਠੇ ਤਾਂ ਉਂਗਲੀਆਂ ਸੁੰਨ ਹੋ ਗਈਆਂ। ਜੁਨੈਦ ਦੀ ਹਾਨੀ ਨਾ ਹੋਵੇ, ਇਕ ਗ੍ਰਾਹੀ ਖਾ ਲਈ ਪਰ ਗਲੇ ਤੋਂ ਹੇਠਾਂ ਨਾ ਉਤਰੇ ਤਾਂ ਬਾਹਰ ਜਾ ਕੇ ਉਂਗਲ ਦਿੱਤੀ। ਪਿਛੋਂ ਜੁਨੈਦ ਨੂੰ ਪੁੱਛਣ ਲੱਗੇ ਕਿ ਇਹ ਖਾਣਾ ਕਿਥੋਂ ਆਇਆ ਸੀ ਤਾਂ ਉਸ ਕਿਹਾ : ਗਵਾਂਢੀ ਘਰ ਵਿਆਹ ਸੀ, ਉਥੋਂ ਆਇਆ ਸੀ। ਫਿਰ ਜਦੋਂ ਜੌਂ ਦੀ ਮੁੱਕੀ ਰੋਟੀ ਜੁਨੈਦ ਨੇ ਪਕਾ ਕੇ ਖਵਾਈ ਤਾਂ ਹਾਰਸ ਨੇ ਕਿਹਾ : ਦਰਵੇਸ਼ਾਂ ਦੀ ਖ਼ਾਤਰ ਇੰਝ ਕਰੀਦੀ ਹੈ।

ਮਹਿਸਾਬੀ ਇਸ ਲਈ ਕਹਿੰਦੇ ਸਨ ਕਿ ਆਪ ਹਿਸਾਬ ਵਿਚ ਬੜੇ ਤਾਕ ਸਨ। ਇਹ ਕਹਿੰਦੇ ਸਨ ਕਿ ਜੋ ਨਮਾਜ਼ ਪੜ੍ਹ ਲੋਕਾਂ ਨੂੰ ਦੱਸਦਾ ਫਿਰੇ ਉਸ ਦੀ ਨਮਾਜ਼ ਕਬੂਲ ਨਹੀਂ ਹੁੰਦੀ। ਇਹ ਵੀ ਕਹਿੰਦੇ ਸਨ ਕਿ ਆਤਮਕ ਉੱਚਤਾ ਪਾਉਣ ਲਈ ਕੁਝ ਕੁ ਸਿਫ਼ਤਾਂ ਜ਼ਰੂਰੀ ਹਨ—

ਸਭ ਤੋਂ ਵੱਡੀ ਹੈ—

—ਸਹੁੰ ਨਾ ਚੁੱਕੇ।

—ਝੂਠ ਤੋਂ ਕੰਮ ਨਾ ਲਵੇ।

—ਜੋ ਵਾਇਦਾ ਕਰੇ, ਉਸ ਨੂੰ ਸਿਰ ਦੇ ਕੇ ਵੀ ਤੋੜ ਨਿਭਾਵੇ।

—ਲਾਅਨਤ ਕਿਸੇ ਤੇ ਨਾ ਭੇਜੇ।

—ਬਦ-ਦੁਆ ਕਿਸੇ ਨੂੰ ਨਾ ਦੇਵੇ।



www.punjabilibrary.com

—ਕਿਸੇ ਗ਼ਲਤ ਬੰਦੇ ਦੀ ਕਦੀ ਗਵਾਹੀ ਨਾ ਭਰੇ।

—ਗੁਨਾਹ ਕਰਨ, ਛੱਡਣ ਦੀ ਕਸਮ ਖਾਣ ਤੋਂ ਬਾਦ ਦਿਲ ਵਿਚ ਮਾੜੇ ਖ਼ਿਆਲ ਆਉਣ ਤਕ ਨਾ ਦੇਵੇ।

—ਕਿਸੇ ਤੇ ਭਾਰ ਨਾ ਬਣੇ ; ਸਗੋਂ ਲੋਕਾਂ ਦਾ ਭਾਰ ਉਤਾਰਨ ਲਈ ਉਪਰਾਲਾ ਕਰੇ।

—ਲਾਲਚ ਮੁਕਾ ਕੇ, ਲੋਕਾਂ ਵਲੋਂ ਨਾ-ਉਮੀਦ ਹੋ ਜਾਵੇ।

—ਸਭ ਨੂੰ ਆਪਣੇ ਨਾਲੋਂ ਚੰਗਾ ਸਮਝੇ।

ਇਹ ਵੀ ਕਹਿੰਦੇ ਸਨ ਕਿ ਅੱਲਾਹ ਦੇ ਹੁਕਮ ਮੰਨਣ ਦਾ ਨਾਂ ਹੀ 'ਸਬਰ' ਹੈ। ਦੁਖ ਆਵੇ ਤਾਂ ਵੀ ਸ਼ੁਕਰ ਦਾ ਪੱਲਾ ਨਾ ਛੱਡੇ। ਤਸਲੀਮ ਜਾਂ ਰਜ਼ਾ ਇਸ ਨੂੰ ਕਹਿੰਦੇ ਹਨ ਕਿ ਅੱਲਾਹ ਵਲੋਂ ਕਦੇ ਵੀ ਬੇਰੁਖ਼ੀ ਅਖ਼ਤਿਆਰ ਨਾ ਕੀਤੀ ਜਾਏ। 'ਹਯਾ' ਇਸ ਦਾ ਨਾਂ ਹੈ, ਜੋ ਅੱਲਾਹ ਨਾਲੋਂ ਟੁੱਟਿਆਂ ਨਾਲੋਂ ਨਾਤਾ ਤੋੜ ਲੈਂਦਾ ਹੈ। ਦੁਨੀਆਂ ਨਾਲੋਂ ਨਾਤਾ ਤੋੜਨ ਵਾਲਾ ਅੱਲਾਹ ਦੇ ਪਿਆਰ ਨੂੰ ਪਾ ਲੈਂਦਾ ਹੈ। ਇਹ 'ਡਰ' ਕਿ ਲੇਖਾ ਹੋਵੇਗਾ, ਪਾਪ ਕਰਨ ਤੋਂ ਹੋੜਦਾ ਹੈ। ਲੋਕਾਂ ਦੀ ਵਾਹ ਵਾਹ ਤੋਂ ਭੱਜ ਉੱਠਣ ਦਾ ਨਾਂ ਹੀ ਖ਼ਾਲਿਕ ਨਾਲ ਪਿਆਰ ਹੈ। ਜੋ ਨਿੰਦਾ ਕੀਤੀ ਜਾਣ ਵੇਲੇ ਵੀ ਨਿਮੂਝੂਣਾ ਨਹੀਂ ਹੁੰਦਾ, ਉਸ ਨੂੰ 'ਸਾਦਿਕ' ਕਹਿੰਦੇ ਹਨ। ਅਬਾਦਤ ਵਿਚ ਲਗਾਤਾਰ ਜੁੜਨ ਨਾਲ ਵਿਸ਼ੇ ਵਿਕਾਰ ਖਹਿੜਾ ਛੱਡ ਜਾਂਦੇ ਹਨ ਤੇ ਨਫ਼ਸ ਪਾਕੀਜ਼ਾ ਹੋ ਜਾਂਦਾ ਹੈ। ਜੋ ਚਾਹੁੰਦਾ ਹੈ ਇਥੇ ਹੀ ਸਵਰਗ ਬਣ ਜਾਏ ਉਹ ਸਿਫ਼ਤ ਸਲਾਹ ਵਿਚ ਲਗਿਆਂ ਸੰਜਮੀ ਜੀਉੜਿਆਂ ਦੀ ਸੰਗਤ ਕਰੇ। 'ਸਾਧ ਸੰਗਤਿ ਬੈਕੁੰਠ ਆਹਿ', ਭਗਤ ਕਬੀਰ ਜੀ ਨੇ ਕਿਹਾ ਸੀ। ਜੋ ਵੀ ਵਫ਼ਾ ਦਾ ਮੋਤੀ ਹਾਸਿਲ ਕਰਨਾ ਚਾਹੁੰਦਾ ਹੈ ਉਹ ਰਜ਼ਾ ਦਾ ਖੋਲ ਪਾ ਕੇ ਸਿਫ਼ਤ ਦੇ ਸਾਗਰ ਵਿਚ ਗ਼ੋਤਾ ਮਾਰੇ। ਬਸ, ਖ਼ੁੱਦਾ ਦਾ ਬਣ ਜਾ ਤੇ ਖ਼ੁੱਦੀ ਮਿਟਾ ਦੇ।

"ਖ਼ੁੱਦੀ ਮਿਟੀ ਤਬ ਸੁਖ ਭਏ", ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ।

ਆਪ ਫ਼ਕਰ ਕਮਾਂਦੇ ਤੇ ਫ਼ਾਕਾ ਰੱਖਦੇ ਹੋਏ ਦੁਨੀਆਂ ਤੋਂ ਚਲੇ ਗਏ। □




www.punjabilibrary.com

## ਤੇਤੀ

**ਹਜ਼ਰਤ ਦਾਊਦ ਤਾਈ**

ਆਪ ਹਕੀਕੀ ਇਲਮ ਦੇ ਜਾਣੂੰ, ਰਾਹ ਤਰੀਕਤ ਦੇ ਆਮਿਲ ਅਤੇ ਆਰਿਫ਼ਾਂ ਤੇ ਸਾਲਿਕਾਂ ਦੇ ਮੋਢੀ ਸਨ। ਸਿਖਿਆ ਇਨ੍ਹਾਂ ਨੇ ਅਮਾਮ ਹਨੀਫ਼ਾ ਕੋਲੋਂ ਲਈ ਸੀ। ਅਲਾਹ ਪਾਸੇ ਲੱਗਣ ਦੀ ਦਾਸਤਾਨ ਕਹਿੰਦੇ ਹਨ ਕਿ ਇਕ ਗਵੱਈਆ ਸ਼ੇਅਰ ਗਾ ਰਿਹਾ ਸੀ :

**ਕੌਨ ਸਾ ਚਿਹਰਾ ਖ਼ਾਕ ਮੇਂ ਨਹੀਂ ਮਿਲਾ**
**ਔਰ ਕੌਨ ਸੀ ਆਂਖ ਜ਼ਮੀਨ ਪਰ ਨਹੀਂ ਬਹੀ।**

ਤਾਂ ਸੁਣਦੇ ਸਾਰ ਐਸੀ ਬੇਖ਼ੁਦੀ ਛਾਈ ਕਿ ਆਪ ਅਬੂ ਹਨੀਫ਼ਾ ਪਾਸ ਆਏ ਤੇ ਕਿਹਾ, ਦੁਨੀਆਂ ਤੋਂ ਦਿਲ ਉਠ ਗਿਆ ਹੈ ਤਾਂ ਹਨੀਫ਼ਾ ਨੇ ਕਿਹਾ : ਕੁਝ ਚਿਰ ਇਕਾਂਤ ਵਿਚ ਚਲੇ ਜਾਓ। ਕੁਝ ਚਿਰ ਬਾਦ ਫਿਰ ਹਨੀਫ਼ਾ ਨੇ ਬੁਲਾ ਕੇ ਕਿਹਾ: ਹੁਣ ਭਲਿਆਂ ਦੀ ਸੰਗਤ ਕਰੋ। ਥਾਮਸ ਵਿਲਯਮ ਬੀਇਲ ਦੇ ਕਥਨ ਅਨੁਸਾਰ ੨੦ ਸਾਲ ਹਨੀਫ਼ਾ ਦੀ ਸੇਵਾ ਕੀਤੀ। ਪਹਿਲਾਂ ਇਕਾਂਤ ਤੇ ਫਿਰ ਸੰਗਤਿ ਨਾਲ ਐਸਾ ਰੰਗ ਚੜ੍ਹਿਆ ਕਿ ਅਲਾਹ ਨੂੰ ਹਾਜ਼ਰ ਨਾਜ਼ਰ ਤੱਕਣ ਲੱਗ ਪਏ। ਕਦੀ ਦੌਲਤ ਇਕੱਠੀ ਨਾ ਕੀਤੀ। ਸਬਰ ਦਾ ਇਹ ਹਾਲ ਸੀ ਕਿ ਰੋਟੀ ਸਲੂਣੇ ਨਾਲ ਨਹੀਂ, ਪਾਣੀ ਵਿਚ ਭਿਉਂ ਕੇ ਖਾਂਦੇ। ਕਹਿੰਦੇ ਹੁੰਦੇ ਸਨ ਕਿ ਜਿਤਨਾ ਚਿਰ ਪਕਾਣ ਤੇ ਖਾਣ ਵਿਚ ਲੱਗਦਾ ਹੈ ਉਤਨੇ ਚਿਰ ਵਿਚ ਤਾਂ ਕੁਰਾਨ ਦੀਆਂ ਪੰਜਾਹ ਆਇਤਾਂ ਪੜ੍ਹ ਸਕਦਾ ਹਾਂ।

ਇਕ ਵਾਰੀ ਪਾਣੀ ਦਾ ਘੜਾ ਛਾਂ ਵਿਚ ਰਖਿਆ ਸੀ ਪਰ ਉਥੇ ਹੀ ਪਿਆ ਰਿਹਾ, ਭਾਵੇਂ ਧੁੱਪ ਆ ਗਈ। ਕਿਸੇ ਆ ਕੇ ਕਿਹਾ ਕਿ ਛਾਵੇਂ ਕਰ ਦੇਣਾ ਸੀ ਤਾਂ ਆਖਣ ਲੱਗੇ ਕਿ ਘੜੇ ਨੂੰ ਉਠਾਂਦੇ ਧਰਦੇ, ਰਖਦੇ ਸਮਾਂ ਜ਼ਾਇਆ ਜਾਣਾ ਸੀ।

ਜਿਸ ਜੱਦੀ ਮਕਾਨ ਵਿਚ ਰਹਿੰਦੇ ਸਨ ਉਹ ਬਹੁਤ ਵੱਡਾ ਸੀ। ਇਕ ਹਿੱਸਾ ਟੁੱਟਾ ਤਾਂ ਦੂਜੇ ਵਿਚ ਚਲੇ ਗਏ। ਦੂਜਾ ਟੁੱਟਾ ਤੇ ਪਾਸੇ ਤਬੇਲੇ ਵਿਚ ਟਿਕਾਣਾ ਕਰ ਲਿਆ। ਛੱਤ ਵੀ ਟੁੱਟੀ ਹੋਈ ਸੀ।



Page 141 www.punjabilibrary.com

ਲੋਕਾਂ ਕਿਹਾ ਕਿ ਬਣਵਾ ਦੇਂਦੇ ਹਾਂ ਤਾਂ ਕਹਿਣ ਲੱਗੇ ਕਿ ਇਹ ਪ੍ਰਣ ਕਰ ਰਖਿਆ ਹੈ ਕਿ ਉਸਾਰੀ ਦੇ ਕੰਮ ਨੂੰ ਕਦੇ ਨਹੀਂ ਕਰਾਉਣਾ।

ਕੁਦਰਤ ਵਿਚੋਂ ਅਲਾਹ ਦਾ ਨਜ਼ਾਰਾ ਕਰਦੇ। ਇਕ ਵਾਰੀ ਚੰਦ ਦੀ ਚਾਂਦਨੀ ਦੇਖਦੇ ਦੇਖਦੇ ਐਸਾ ਜੁੜੇ ਕਿ ਸੁੱਧ ਬੁੱਧ ਹੀ ਭੁੱਲ ਗਈ। ਛੱਤ ਤੋਂ ਹੇਠਾਂ ਡਿੱਗ ਪਏ।

ਬੜੇ ਪਤੇ ਦੀ ਗੱਲ ਕਹੀ ਕਿ ਲੋਕੀਂ ਪਤਾ ਨਹੀਂ ਐਸ਼ਾਂ ਵਿਚ ਕਿਉਂ ਸਮਾਂ ਜ਼ਾਇਆ ਕਰਦੇ ਹਨ ਜਦ ਮੌਤ ਦਾ ਲਸ਼ਕਰ ਪਿਛੇ ਲੱਗਾ ਹੋਇਆ ਹੈ।

ਇਕ ਵਾਰੀ ਦਾਊਦ ਨੂੰ ਬੜਾ ਖ਼ੁਸ਼ ਦੇਖ ਕੇ ਇਕ ਬੰਦੇ ਨੇ ਕਿਹਾ ਕਿ ਇਤਨੀ ਖ਼ੁਸ਼ੀ ਦਾ ਕੀ ਕਾਰਨ ਹੈ ਤਾਂ ਕਹਿਣ ਲੱਗੇ ਕਿ ਖ਼ੁਦਾ ਨੇ ਮੁਹੱਬਤ ਦੀ ਸ਼ਰਾਬ ਪਿਲਾ ਦਿੱਤੀ ਹੈ। ਇਹ ਵੀ ਕਹਿੰਦੇ ਸਨ ਕਿ ਕਿਸੇ ਦੀ ਬਦਖੋਹੀ ਨਾ ਕਰੋ। ਦੀਨ ਨੂੰ ਦੁਨੀਆਂ ਨਾਲੋਂ ਚੰਗੇਰਾ ਜਾਣੋ।

ਕਦੇ ਦੋ ਅਮਾਮਾਂ ਯੂਸਫ਼ ਤੇ ਅਬੂ ਦੇ ਵਿਖੇਵੇਂ ਸਿਖਰ ਤੇ ਪੁੱਜ ਜਾਂਦੇ ਤਾਂ ਇਹ ਅਬੂ ਮੁਹੰਮਦ ਦਾ ਪੱਖ ਪੂਰਦੇ ਤੇ ਕਹਿੰਦੇ ਕਿ ਅਬੂ ਮੁਹੰਮਦ ਨੇ ਦੀਨ ਲਈ ਇਲਮ ਹਾਸਲ ਕੀਤਾ ਹੈ ਤੇ ਯੂਸਫ਼ ਨੇ ਆਪਾ ਜਤਲਾਉਣ ਤੇ ਦੂਜੇ ਤੇ ਰੁਹਬ ਪਾਉਣ ਲਈ।

ਇਕ ਵਾਰੀ ਹਾਰੂੰ ਉਲ ਰਸ਼ੀਦ, ਅਬੂ ਯੂਸਫ਼ ਨਾਲ ਮਿਲਣ ਆਇਆ ਤਾਂ ਇਹ ਕਹਿ ਕੇ ਮਿਲਣ ਤੋਂ ਇਨਕਾਰ ਕਰ ਦਿੱਤਾ ਕਿ ਮੈਂ ਨਹੀਂ ਦੁਨੀਆਂਦਾਰ ਜ਼ਾਲਮਾਂ ਨੂੰ ਮਿਲਦਾ। ਜਦ ਹਾਰੂੰ ਦੀ ਮਾਂ ਨੇ ਤਰਲੇ ਕੱਢੇ ਤਾਂ ਮਿਲਣ ਦੀ ਆਗਿਆ ਕੀਤੀ। ਪਰ ਜਦ ਉਸ ਨੇ ਭੇਟਾ ਦੇਣੀ ਚਾਹੀ ਤਾਂ ਦਾਊਦ ਨੇ ਕਿਹਾ ਕਿ ਮੈਂ ਆਪਣਾ ਮਕਾਨ ਠੀਕ ਕੀਮਤ ਤੇ ਵੇਚਿਆ ਹੈ ਤੇ ਰੋਜ਼ ਹੀ ਇਹ ਅਲਾਹ ਅੱਗੇ ਅਰਦਾਸ ਕਰਦਾ ਹਾਂ ਕਿ ਜਦ ਇਹ ਰਕਮ ਮੁੱਕ ਜਾਵੇ ਤਾਂ ਮੈਨੂੰ ਦੁਨੀਆਂ ਤੋਂ ਉਠਾ ਲਵੇ ਤਾਂ ਕਿ ਕਿਸੇ ਅਗੇ ਹੱਥ ਨਾ ਅੱਡਣਾ ਪਵੇ। ਇਕ ਵਾਰੀ ਹਿਸਾਬ ਲਗਾ ਕੇ ਕਹਿਣ ਲੱਗੇ ਕਿ ਦਸ ਦਿਰਮ ਚਾਂਦੀ ਬਾਕੀ ਰਹਿ ਗਏ ਹਨ। ਸੋ ਹੁਣ ਦਸ ਦਿਨ ਹੀ ਜ਼ਿੰਦਾ ਰਹਿਣਾ ਹੈ। ਉਨ੍ਹਾਂ ਦੀ ਮੌਤ ਠੀਕ ਦਸਵੇਂ ਦਿਨ ਸੰਨ ੭੮੧ ਨੂੰ ਪਿਛੋਂ ਹੋ ਗਈ ਤਾਂ ਇਹ ਵੀ ਆਵਾਜ਼ ਆਈ ਕਿ ਦਾਊਦ ਤਾਈ ਆਪਣੀ ਮੁਰਾਦ ਨੂੰ ਪੁਜ ਗਿਆ ਹੈ ਤੇ ਅਲਾਹ ਉਸ ਤੇ ਖ਼ੁਸ਼ ਹੈ। ☐


www.punjabilibrary.com

ਜ਼ਰਤ ਅਬੂ ਅਲੀ ਸ਼ਫ਼ੀਕ

ਨਾਂ ਆਪ ਜੀ ਦਾ ਸ਼ਫ਼ੀਕ ਸੀ ਤੇ ਗੁਣਾਂ ਤੇ ਵਿਦਵਤਾ ਕਾਰਨ ਲੋਕੀਂ ਅਬੂ ਅਲੀ ਕਹਿੰਦੇ ਸਨ ।

ਆਪ ਕਿਹਾ ਕਰਦੇ ਸਨ ਕਿ ਮੈਂ ਸੈਂਕੜੇ ਵਿਦਵਾਨਾਂ ਪਾਸ ਬੈਠਾ ਤਾਲੀਮ ਪਾਈ ਅਤੇ ਇਸ ਸਿੱਟੇ ਤੇ ਪੁੱਜਾ ਕਿ ਖ਼ੁਦਾ ਦੀ ਰਜ਼ਾ ਚਾਰ ਚੀਜ਼ਾਂ ਤੇ ਨਿਰਭਰ ਹੈ :

੧. ਰੋਜ਼ੀ ਵਲੋਂ ਬੇਫ਼ਿਕਰੀ ।

੨. ਨਿਮ੍ਰਤਾ । ਹਉਮੈ ਦਾ ਅਭਾਵ ।

੩ ਕੁਸੰਗ ਤੋਂ ਦੂਰ । ਸ਼ੈਤਾਨੀ ਕਰਮਾਂ ਤੋਂ ਤੌਬਾ ।

੪. ਅੱਲਾਹ ਦੇ ਨਾਮ ਦਾ ਤੋਸ਼ਾ ।

ਅੱਲਾਹ ਦੇ ਪਾਸੇ ਲਗਨ ਦੀ ਵਾਰਤਾ ਸੁਣਾਂਦੇ ਸਨ ਕਿ ਤਜਾਰਤ ਕਰਨ ਲਈ ਇਕ ਵਾਰੀ ਤੁਰਕੀ ਗਿਆ । ਉਥੇ ਇਕ ਬੁੱਤਕਦਾ ਦੇ ਪੁਜਾਰੀ ਨੇ ਕਿਹਾ : ਮੈਨੂੰ ਕਹਿੰਦੇ ਹੋ ਕਿ ਬੁੱਤ ਪੂਜਦੇ ਸ਼ਰਮ ਨਹੀਂ ਆਂਦੀ ਤੇ ਤੈਨੂੰ ਰੋਜ਼ੀ ਲਈ ਭਟਕਦੇ ਕਦੇ ਸ਼ਰਮ ਆਈ ਹੈ ? ਜੇ ਤੂੰ ਰਜ਼ਾ ਵਿਚ ਰਾਜ਼ੀ ਹੈਂ ਤਾਂ ਘਰ ਜਾ, ਦੌਲਤ ਪਿੱਛੇ ਨਾ ਭਟਕ । ਇਸ ਪਿਛੋਂ ਸ਼ਫ਼ੀਕ ਕਿਰਤ ਵਿਚ ਲਗ ਗਏ । ਇਕ ਸਮੇਂ ਜਦ ਬਲਖ ਵਿਚ ਕਾਲ ਪਿਆ ਤਾਂ ਇਕ ਗ਼ੁਲਾਮ ਨੂੰ ਰਤਾ ਭਰ ਮਾਯੂਸ ਨ ਦੇਖ ਪੁਛ ਬੈਠੇ ਕਿ ਤੈਨੂੰ ਕਿਉਂ ਫ਼ਿਕਰ ਨਹੀਂ ਤਾਂ ਉਸ ਨੇ ਕਿਹਾ : "ਮੇਰੇ ਮਾਲਕ ਪਾਸ ਧੰਨ ਦੇ ਭੰਡਾਰੇ ਹਨ । ਉਹ ਮੈਨੂੰ ਭੁੱਖਾ ਨਹੀਂ ਰਹਿਣ ਦੇਣ ਲੱਗਾ ।"

ਉਸੇ ਵੇਲੇ ਚਿਤ ਆਇਆ ਕਿ ਜਿਸ ਦਾ ਮਾਲਕ ਖ਼ੁੱਦਾ ਵਰਗਾ ਹੈ ਉਹ ਕਿਉਂ ਮਾਯੂਸ ਹੋਵੇ ।

ਇਕ ਅਮੀਰ ਨੇ ਜਦ ਸ਼ਫ਼ੀਕ ਨੂੰ ਕਰੜੀ ਮਿਹਨਤ ਕਰ ਰੋਜ਼ੀ ਕਮਾਂਦੇ ਡਿੱਠਾ ਅਤੇ ਧੰਨ ਦੇਣਾ ਚਾਹਿਆ ਤਾਂ ਆਪ ਜੀ ਨੇ ਕਿਹਾ :

ਤੇਰੇ ਜੀਂਦੇ ਜੀ ਤਾਂ ਮੈਂ ਆਰਾਮ ਕਰ ਲਵਾਂਗਾ, ਪਰ ਤੇਰੇ



 www.punjabilibrary.com

ਜਾਣ ਉਪਰੰਤ ਫਿਰ ਭਿਖਾਰੀ ਹੋ ਜਾਵਾਂਗਾ ਅਤੇ ਸੰਭਵ ਹੈ ਕਿ ਧੰਨ ਦੇਖ ਐਬ ਵੀ ਜਾਗ ਪੈਣ। ਸੋ ਕਿਰਤ ਵਰਗੀ ਕੋਈ ਸ਼ੈ ਨਹੀਂ।

ਜਦ ਹਜ ਤੇ ਗਏ ਤਾਂ ਹਾਰੂੰ ਉਲਰਸ਼ੀਦ ਨੇ ਉਪਦੇਸ਼ ਮੰਗਿਆ ਤਾਂ ਕਹਿਣ ਲੱਗੇ ਕਿ ਦੌਲਤ ਨੂੰ ਲੋੜਵੰਦਾਂ ਵਿਚ ਵੰਡਦਾ ਰਵ੍ਹੀਂ ਅਤੇ ਨਿਰਦੋਸ਼ਾਂ ਦਾ ਖ਼ੂਨ ਵਹਾਣ ਵਾਲਿਆਂ ਦਾ ਖ਼ੂਨ ਕਰ ਦੇਵੀਂ ਅਤੇ ਸ਼ਰਾਹ ਦਾ ਪਾਬੰਦ ਰਵ੍ਹੀਂ। ਤੂੰ ਇਨਸਾਫ਼ ਕਰੇਂਗਾ ਤਾਂ ਤੇਰੇ ਅਹਿਲਕਾਰ ਵੀ ਇਨਸਾਫ਼ ਕਰਨਗੇ ਕਿਉਂਕਿ ਤੂੰ ਦਰਿਆ ਵਾਂਗ ਹੈ ਅਤੇ ਤੇਰੇ ਅਹਿਲਕਾਰ ਲਹਿਰਾਂ।

ਇਹ ਵੀ ਸਮਝਾਇਆ ਕਿ ਹਕੂਮਤ ਦਾ ਮੁੱਲ ਇਕ ਪਾਣੀ ਦਾ ਘੁਟ ਵੀ ਨਹੀਂ। ਜੇ ਪਿਆਸ ਨਾਲ ਮਰ ਰਿਹਾ ਹੋਵੇਂ ਤਾਂ ਤੂੰ ਇਕ ਘੁਟ ਲਈ ਅੱਧਾ ਰਾਜ ਦੇਣ ਲਈ ਤਿਆਰ ਹੋ ਜਾਵੇਂਗਾ ਤੇ ਜੇ ਉਹ ਪਾਣੀ ਅੰਦਰ ਰਹਿ ਜਾਏ ਤਾਂ ਉਸ ਦੇ ਨਿਕਾਸ ਲਈ ਬਾਕੀ ਰਾਜ ਵੀ ਦੇਣ ਲਈ ਝਿਜਕੇਂਗਾ ਨਹੀਂ।

ਹਜ਼ਰਤ ਇਬਰਾਹੀਮ ਬਿਨ ਅਧਮ ਨੇ ਜਦ ਪੁੱਛਿਆ ਕਿ ਗੁਜ਼ਾਰਾ ਕਿਵੇਂ ਕਰਦੇ ਹੋ ਤਾਂ ਕਹਿਣ ਲਗੇ : ਜੋ ਸਰੀਰ ਦੇ ਨਿਰਬਾਹ ਤੋਂ ਬਚ ਜਾਂਦਾ ਹੈ ਉਹ ਖ਼ੈਰਾਤ ਵਿਚ ਦੇ ਦੇਂਦਾ ਹਾਂ ਅਤੇ ਜੇ ਨਾ ਮਿਲੇ ਤਾਂ ਸ਼ੁਕਰ ਕਰ ਲੈਂਦਾ ਹਾਂ। ਕਿਹਾ ਕਰਦੇ ਸਨ ਕਿ ਅਬਾਦਤ ਦੀ ਬੁਨਿਆਦ ਦੇ ਤਿੰਨ ਥੰਮ੍ਹ ਹਨ :

> ਖ਼ੌਫੇ ਖ਼ੁਦਾ (ਬੀਮ) ਰਜ਼ਾ ਅਤੇ ਹੁਬੇ ਅੱਲਾਹੀ (ਵਾਹਿਗੁਰੂ ਦਾ ਪ੍ਰੇਮ) ਮੁਹੱਬਤ ਦੀ ਨਿਸ਼ਾਨੀ : ਚਾਅ, ਤੌਬਾ ਤੇ ਧਿਆਨ ਕਹਿੰਦੇ ਸਨ।

ਕਿਹਾ ਕਰਦੇ ਕਿ ਉਸ ਦਾ ਖ਼ੁਦਾ ਤੇ ਪੂਰਨ ਯਕੀਨ ਹੈ ਜੋ ਦੁਨਿਆਵੀ ਸ਼ੈਆਂ ਦੇ ਚਲੇ ਜਾਣ ਨੂੰ ਵੀ ਗ਼ਨੀਮਤ ਸਮਝੇ ਤੇ ਇਨਸਾਨ ਦੇ ਵਾਅਦਿਆਂ ਨਾਲੋਂ ਖ਼ੁਦਾ ਦੇ ਕਹੇ ਹੋਏ ਤੇ ਇਤਬਾਰ ਕਰੇ। ਬੜਾ ਸੋਹਣਾ ਕਿਹਾ ਸੀ ਉਨ੍ਹਾਂ ਹਜ਼ਰਤ ਅਸਮ ਨੂੰ ਕਿ ਕਦੇ ਕੋਈ ਗੱਲ ਮੂੰਹੋਂ ਬਗ਼ੈਰ ਸੱਚੇ ਨਾ ਕੱਢੋ। ਜਦ ਤਕ ਤੁਹਾਡੇ ਵਿਚ ਗੱਲ ਨੂੰ ਨਾ ਕਹਿਣ ਦੀ ਸ਼ਕਤੀ ਹੈ, ਤੁਸੀਂ ਬਲਵਾਨ ਹੋ। □



 www.punjabilibrary.com

**ਅਬੂ ਸੁਲੇਮਾਨ ਦਾਰਾਈ**

ਸੁਲੇਮਾਨ ਦਾਰਾਈ ਸੁਭਾ ਦੇ ਸਖ਼ੀ ਤੇ ਹਰ ਇਕ ਤੇ ਤਰਸ ਭਰੀ ਨਜ਼ਰ ਪਾਉਣ ਵਾਲੇ ਕਰ ਕੇ ਪ੍ਰਸਿੱਧ ਹੋਏ । ਸ਼ਾਮ ਦੇ ਦਾਰਾ-ਉਲ-ਮਲਕ ਵਿਚ ਟਿਕਣ ਕਾਰਨ ਲੋਕੀਂ 'ਦਾਰਾਈ' ਕਹਿਣ ਲੱਗ ਪਏ ।

ਇਕ ਵਾਰੀ ਸੁਪਨੇ ਵਿਚ ਕੀ ਡਿੱਠਾ ਨੇ ਕਿ ਇਕ ਹੂਰ ਦਾ ਚਿਹਰਾ ਚਮਕ ਰਿਹਾ ਹੈ ਤਾਂ ਪੁੱਛ ਬੈਠੇ ਕਿ ਇਤਨਾ ਨੂਰ ਤੈਨੂੰ ਕਿਥੋਂ ਮਿਲਿਆ ਤਾਂ ਉਸ ਕਿਹਾ ਕਿ ਇਕ ਵਾਰੀ ਤੂੰ ਹੀ ਨਮਾਜ਼ ਪੜ੍ਹਨ ਉਪਰੰਤ ਜ਼ਾਰ ਜ਼ਾਰ ਅੱਲਾਹ ਦੇ ਦੀਦਾਰ ਲਈ ਰੋ ਰਿਹਾ ਸੈਂ । ਜੋ ਅਥਰੂ ਢਹਿੰਦੇ ਉਨ੍ਹਾਂ ਨੂੰ ਮੈਂ ਵਟਣੇ ਦੇ ਤੌਰ ਤੇ ਆਪਣੇ ਮੂੰਹ ਤੇ ਮਲ ਲਿਆ ਤਾਂ ਅਜ ਤੈਨੂੰ ਨੂਰ ਹੀ ਨੂਰ ਦਿਖਾਈ ਦੇ ਰਿਹਾ ਹੈ । ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਦਾਰਾਈ ਅੱਲਾਹ ਦੀ ਯਾਦ ਵਿਚ ਕਿਤਨਾ ਕੁ ਤੜਫਦੇ ਹੋਣਗੇ । ਸੰਜਮੀ ਇਤਨੇ ਸਨ ਕਿ ਰੋਟੀ ਤੇ ਸਿਰਫ਼ ਲੂਣ ਛਿੜਕ ਕੇ ਖਾਂਦੇ । ਇਕ ਦਿਨ ਲੂਣ ਵਿਚ ਕੁਝ ਤਿਲ ਪੈ ਗਏ ਤੇ ਉਸੇ ਨਾਲ ਇਹ ਰੋਟੀ ਖਾ ਗਏ । ਇੰਜ ਮਹਿਸੂਸ ਕੀਤਾ ਕਿ ਕੋਈ ਪਕਵਾਨ ਖਾਧਾ ਹੈ । ਇਕ ਸਾਲ ਅਬਾਦਤ ਤੇ ਰਿਆਜ਼ਤ ਵਿਚ ਰਸ ਹੀ ਨਾ ਆਵੇ । ਜਦ ਤਲਬ ਪੂਰਨ ਤੌਰ ਤੇ ਮੁੱਕੀ ਤਾਂ ਕਿਧਰੇ ਫਿਰ ਰਸ ਆਉਣ ਲੱਗਾ ।

ਉਸ ਬੰਦੇ ਨੂੰ ਖ਼ੂਬ ਸਮਝਾਇਆ ਜੋ ਇਹ ਕਹਿੰਦਾ ਸੀ ਕਿ ਮੈਂ ਜ਼ਮ ਜ਼ਮ (ਮੱਕੇ ਵਿਚ ਖੂਹ) ਤੋਂ ਸਿਵਾ ਕਦੇ ਹੋਰ ਕਿਸੇ ਥਾਂ ਦਾ ਪਾਣੀ ਨਹੀਂ ਪੀਤਾ । ਉਸ ਨੂੰ ਕਹਿਣ ਲੱਗੇ ਕਿ ਜੇ ਖੂਹ ਦਾ ਜਲ ਅੱਲਾਹ ਨੇ ਸੁਕਾ ਦਿੱਤਾ, ਫਿਰ ਕੀ ਕਰੇਂਗਾ । ਅਸਲ ਬਾਤ ਅੱਲਾਹ ਦੀ ਹਜ਼ੂਰੀ ਹੈ ।

ਇਕ ਵਾਰੀ ਬਹਿਸ ਛਿੜ ਪਈ ਕਿ ਖ਼ੌਫ਼ੇ-ਖ਼ੁੱਦਾ ਤੇ ਰਜ਼ਾ ਵਿਚੋਂ ਕਿਸ ਦਾ ਪੱਲੜਾ ਭਾਰੀ ਹੈ ਤਾਂ ਅਬੂ ਸੁਲੇਮਾਨ ਨੇ ਕਿਹਾ : ਮੇਰੀ ਨਿਗਾਹ ਵਿਚ ਖ਼ੌਫ਼ੇ-ਖ਼ੁੱਦਾ ਸਭ ਤੋਂ ਜ਼ਰੂਰੀ ਹੈ ਕਿਉਂਕਿ ਰਜ਼ਾ ਤਾਂ



 www.punjabilibrary.com

ਅਬਾਦਤ ਤੋਂ ਹੀ ਬੇਨਿਆਜ਼ ਕਰ ਦਿੰਦੀ ਹੈ । ਦੀਨ ਦੁਨੀਆਂ ਦੀ ਬੁਨਿਆਦ ਅੱਲਾਹ ਦੇ ਖ਼ੌਫ਼ ਤੇ ਖੜੀ ਹੈ। ਲੁਕਮਾਨ ਦਾ ਕਥਨ ਸੁਣਾਂਦੇ ਕਹਿੰਦੇ ਸਨ ਕਿ ਉਸ ਨੇ ਆਪਣੇ ਬੇਟੇ ਨੂੰ ਨਸੀਅਤ ਦਿੱਤੀ ਸੀ ਕਿ ਖ਼ੁਦਾ ਤੋਂ ਇਤਨਾ ਹੀ ਡਰੋ ਕਿ ਰਹਿਮਤ ਤੋਂ ਹੀ ਨਾ ਵਾਂਝਿਆਂ ਹੋ ਜਾਈਏ ਤੇ ਨਾ ਹੀ ਇਤਨੇ ਬੇਪ੍ਰਵਾਹ ਹੋ ਜਾਓ ਕਿ ਅਗਲਾ ਡਰ ਹੀ ਮੁੱਕ ਜਾਏ ।

ਘੱਟ ਖਾਣ ਤੇ ਬੜਾ ਜ਼ੋਰ ਦੇਂਦੇ। ਕਿਹਾ ਕਰਦੇ ਸਨ ਕਿ ਜੋ ਪੇਟ ਭਰ ਕੇ ਖਾਂਦੇ ਹਨ ਉਨ੍ਹਾਂ ਦਾ ਅਬਾਦਤ ਵਿਚ ਦਿਲ ਹੀ ਨਹੀਂ ਲੱਗ ਸਕਦਾ। ਬਹੁਤਾ ਖਾਣ ਵਾਲਿਆਂ ਨੂੰ ਹਿਕਮਤ ਦੀਆਂ ਗੱਲਾਂ ਯਾਦ ਹੀ ਨਹੀਂ ਰਹਿ ਸਕਦੀਆਂ। ਅਤੇ ਨਾ ਹੀ ਪੇਟੂ ਕਿਸੇ ਨਾਲ ਹਮਦਰਦੀ ਭਰਿਆ ਬੋਲ ਹੀ ਬੋਲ ਸਕਦਾ ਹੈ । ਪੇਟ ਭਰ ਖਾਣ ਵਾਲੇ ਤੇ ਖ਼ਾਹਿਸ਼ਾਂ ਸਦਾ ਜ਼ੋਰ ਪਾਈ ਰੱਖਦੀਆਂ ਹਨ। ਅੰਮ੍ਰਿਤ ਵੇਲਾ ਖੁੰਜ ਜਾਂਦਾ ਹੈ। ਕਿਰਤ ਕਮਾਈ ਦੇ ਚਾਰ ਟੁਕੜੇ, ਪਕਵਾਨਾਂ ਨਾਲੋਂ ਕਿਤੇ ਚੰਗੇਰੇ ਹਨ।

ਸਬਰ ਤੇ ਰਜ਼ਾ ਨੂੰ ਬੜੇ ਸੋਹਣੇ ਢੰਗ ਨਾਲ ਨਿਖੇੜ ਸਮਝਾਇਆ ਸੀ ਕਿ ਜੋ ਸਬਰ ਕਰਦਾ ਹੈ ਉਹ ਵੀ ਅੰਦਰੋਂ ਆਪਣੇ ਆਪ ਨੂੰ ਦਾਅਵੇਦਾਰ ਸਮਝਣ ਲੱਗ ਪੈਂਦਾ ਹੈ । ਪਰ 'ਰਜ਼ਾ' ਦਾ ਸੰਬੰਧ ਸਿਰਫ਼ ਖ਼ੁਦਾ ਦੀ ਮਰਜ਼ੀ ਨਾਲ ਹੈ। ਇਸ ਲਈ ਸਬਰ ਦਾ ਬੰਦੇ ਤਕ ਹੀ ਸੰਬੰਧ ਹੈ ਤੇ ਰਜ਼ਾ ਦਾ ਅੱਲਾਹ ਨਾਲ ਹੋ ਜਾਂਦਾ ਹੈ। ਰਜ਼ਾ ਦਾ ਅਰਥ ਹੈ ਕਿ ਨਾ ਬਹਿਸ਼ਤ ਦੀ ਚਾਹਨਾ ਰਹੇ ਤੇ ਨਾ ਸਜ਼ਾ ਦਾ ਡਰ। ਅੱਲਾਹ ਦੀ ਚਾਕਰੀ ਹੋਰ ਕੁਝ ਨਹੀਂ, ਸਿਰਫ਼ ਖ਼ੁਦ-ਬੀਨੀ ਛੱਡਣੀ ਹੈ। ਜਿਹੜਾ ਮਨ ਨੂੰ ਆਪਣੀ ਮਰਜ਼ੀ ਨਾਲ ਜਿੱਥੇ ਵੀ ਚਾਹੇ ਜਾਣ ਦੇਂਦਾ ਹੈ ਉਸ ਨੂੰ ਕਦੇ ਸਹਿਜ ਨਹੀਂ ਮਿਲ ਸਕਦਾ।

ਜ਼ਾਹਦ ਉਹ ਹੈ ਜੋ ਹਰ ਉਸ ਚੀਜ਼ ਤੋਂ ਦੂਰ ਹੋ ਜਾਏ, ਜੋ ਖ਼ੁਦਾ ਤੋਂ ਦੂਰ ਲੈ ਜਾਂਦੀ ਹੈ ਅਤੇ 'ਜ਼ੁਹਦ' ਦੀ ਨਿਸ਼ਾਨੀ ਹੈ ਕਿ ਖੇਚਲ ਆਉਣ ਤੇ ਵੀ ਮੁਖੋਂ ਨਿਕਲੇ : ਅੱਲਾਹ ! ਦੁਨਿਆਵੀ ਸ਼ੈਆਂ ਵਲ ਚਿਤ ਜਾਏ ਹੀ ਨਾਂਹ। ਜੋ ਸਮਾਂ ਜ਼ਾਇਆ ਕਰਦੇ ਹਨ ਉਨ੍ਹਾਂ ਲਈ ਜਿਤਨਾ ਰੋਇਆ ਜਾਵੇ ਉਤਨਾ ਥੋੜ੍ਹਾ ਹੈ।

ਬੜੀ ਸੁੰਦਰ ਮਿਸਾਲ ਦੇਂਦੇ ਸਨ ਕਿ ਜਿਤਨਾ ਸਮਾਂ ਤੁਸੀਂ ਅੱਲਾਹ ਦੀ ਯਾਦ ਵਿਚ ਜੁੜਦੇ ਹੋ ਦੇਵਤੇ ਉਤਨੀ ਦੇਰ ਸਵਰਗਾਂ 'ਚ ਦਰੱਖ਼ਤ ਲਗਾਂਦੇ ਰਹਿੰਦੇ ਹਨ ਤਾਂ ਕਿ ਅੱਗੇ ਛਾਂ ਮਿਲੇਗੀ। ਜਿਹੜਾ ਆਖੇ ਉਸ ਨੂੰ ਜੁੜਨ ਵਿਚ ਮਜ਼ਾ ਨਹੀਂ ਆਇਆ, ਉਹ ਆਤਮਿਕ ਰਸ ਪ੍ਰਾਪਤ ਨਹੀਂ ਕਰ ਸਕਦਾ।

ਕਹਿੰਦੇ ਸਨ ਕਿ ਅੱਲਾਹ ਦਾ ਫ਼ੁਰਮਾਨ ਹੈ ਕਿ ਜੋ ਪਛਤਾਵਾ



 www.punjabilibrary.com

ਕਰਦਾ ਹੈ, ਖ਼ੁੱਦਾ ਉਸ ਦੇ ਪੜਦੇ ਕਜਦਾ ਹੈ।

ਬੜੀ ਸੋਹਣੀ ਗੱਲ ਸੁਲੇਮਾਨ ਨੇ ਕਹੀ ਸੀ ਕਿ ਦੋਸਤ ਕਦੇ ਗੁੱਸੇ ਵਿਚ ਕੁਝ ਬੋਲ ਜਾਵੇ ਤਾਂ ਤੁਸੀਂ ਉਸ ਨੂੰ ਬੁਰਾ ਭਲਾ ਨਹੀਂ ਕਹਿਣਾ। ਜੇ ਤੁਸੀਂ ਵੀ ਉੱਚਾ ਬੋਲ ਪਏ ਤਾਂ ਹੋ ਸਕਦਾ ਹੈ ਕਿ ਉਮਰ ਦੀਆਂ ਵਿੱਥਾਂ ਪੈ ਜਾਣ। ਬੜੀ ਪਤੇ ਦੀ ਗੱਲ ਕਹੀ ਸੀ ਕਿ ਜੇ ਕੋਈ ਸੂਫ਼ੀ ਔਲਿਆ, ਪੁੱਜਿਆ ਹੋਇਆ ਪੁਰਸ਼ ਵੀ ਕੋਈ ਵੱਖਰੀ ਗੱਲ ਆਖੇ ਤਾਂ ਦੇਖੋ ਕਿ ਉਸ ਦੀ ਗਵਾਹੀ ਕੁਰਾਨ ਤੇ ਹਦੀਸ ਵਿਚ ਹੈ ਕਿ ਨਹੀਂ। ਜੇ ਹੈ ਤਾਂ ਹੀ ਉਸ ਤੇ ਧਿਆਨ ਦਿਓ ਨਹੀਂ ਤਾਂ ਉਸਨੂੰ ਗੌਲੋ ਹੀ ਨਾ।

ਮੌਤ ਤੋਂ ਬਾਦ ਅਬੂ ਸੁਲੇਮਾਨ ਕਿਸੇ ਦੇ ਸੁਪਨੇ ਵਿਚ ਆਏ ਤਾਂ ਉਸ ਨੇ ਪੁੱਛਿਆ ਕਿ ਤੁਹਾਡੇ ਨਾਲ ਅੱਲਾਹ ਨੇ ਕੀ ਸਲੂਕ ਕੀਤਾ ਤਾਂ ਸੁਲੇਮਾਨ ਨੇ ਕਿਹਾ : ਬਸ ਰਹਿਮਤ ਹੀ ਕੀਤੀ। ਪਰ ਦੁਨੀਆਂ ਵਿਚ ਹੋਈ ਮੇਰੀ ਵਾਹ ਵਾਹ ਅੱਲਾਹ ਦੇ ਮੇਲ ਵਿਚ ਰੁਕਾਵਟ ਬਣ ਚੱਲੀ ਸੀ। □



www.punjabilibrary.com

## ਛੱਤੀ

**ਅਬਦੁੱਲਾ ਬਿਨ ਮੁਬਾਰਕ**

ਅਬਦੁੱਲਾ ਬਿਨ ਮੁਬਾਰਕ 'ਮਨਹੁ-ਮੁਖਹੁ' ਇਕੋ ਜਿਹੇ ਤੇ ਸ਼ਰੀਅਤ ਵਿਚ ਪੂਰੇ ਅਤੇ ਤਰੀਕਤ ਦੀਆਂ ਬੰਦੀਆਂ ਨੂੰ ਪਹੁੰਚੇ ਫ਼ਕੀਰ ਸਨ। ਆਪ ਜੀ ਦਾ ਸੂਫ਼ੀ ਤੇ ਆਲਮ ਇਕੋ ਜਿਹਾ ਸਨਮਾਨ ਕਰਦੇ ਸਨ। ਕਿਸ ਹਦ ਤਕ ਸਮਕਾਲੀ ਸੂਫ਼ੀ ਇਜ਼ਤ ਕਰਦੇ ਸਨ ਉਸ ਦਾ ਅੰਦਾਜ਼ਾ ਇਥੋਂ ਲੱਗ ਸਕਦਾ ਹੈ ਕਿ ਜਦ ਸਵਰੀ ਨੇ ਆਪ ਨੂੰ ਦੂਰੋਂ ਆਉਂਦਾ ਤਕਿਆ ਤਾਂ ਕਹਿਣ ਲੱਗਾ : ਉਹ ਦੇਖੋ ! ਮਰਦੇ-ਮਸ਼ਰਕ ਤਸ਼ਰੀਫ਼ ਲਿਆ ਰਹੇ ਹਨ।

ਅਲਾਹ ਪਾਸੇ ਲੱਗਣ ਦੀ ਦਾਸਤਾਨ ਹੈ ਕਿ ਚੜ੍ਹਦੀ ਜਵਾਨੀ ਵਿਚ ਇਕ ਕਨੀਜ਼ ਨੂੰ ਦਿਲ ਦੇ ਬੈਠੇ ਤੇ ਉਸ ਨਾਲ ਇਤਨਾ ਲਗਾਉ ਹੋ ਗਿਆ ਕਿ ਇਕ ਵਾਰੀ ਸਰਦੀਆਂ ਦੀ ਸਾਰੀ ਰਾਤ ਕਨੀਜ਼ ਦੀ ਉਡੀਕ ਵਿਚ ਉਸ ਦੇ ਘਰ ਬਾਹਰ ਖੜ੍ਹੇ ਗੁਜ਼ਾਰ ਦਿੱਤੀ। ਬਸ ਅਜਿਹਾ ਧੱਕਾ ਲੱਗਾ ਕਿ ਕਹਿਣ ਲੱਗੇ ਕਿ ਰਾਤ ਜੇ ਅਲਾਹ ਦੀ ਅਬਾਦਤ ਵਿਚ ਗੁਜ਼ਾਰਦਾ ਤਾਂ ਕਿਤਨਾ ਚੰਗੇਰਾ ਹੁੰਦਾ। ਇਤਨੇ ਜੁੜੇ ਕਿ ਇਕ ਵਾਰੀ ਮਾਂ ਹੈਰਾਨ ਹੋ ਗਈ ਜਦ ਉਸ ਨੇ ਦੇਖਿਆ ਕਿ ਅਬਦੁੱਲਾ ਤਾਂ ਗੁਲਾਬ ਦੀ ਟਾਹਣੀ ਹੇਠ ਸੁੱਤਾ ਹੋਇਆ ਹੈ ਤੇ ਨੇੜੇ ਹੀ ਇਕ ਸੱਪ ਨਰਗਸ ਦੀ ਟਹਿਣੀ ਤੋਂ ਮੱਖੀਆਂ ਉਡਾ ਰਿਹਾ ਹੈ ਤਾਂ ਕਿ ਅਬਦੁੱਲਾ ਦੀ ਨੀਂਦ ਵਿਚ ਖ਼ਲਲ ਨਾ ਪਵੇ।

ਜਿਸ ਨਗਰ 'ਮਰਦ' ਵਿਚ ਵਸੇਬਾ ਸੀ ਉਥੇ ਦੋਵੇਂ ਫ਼ਿਰਕੇ ਆਪ ਜੀ ਦਾ ਆਦਰ ਕਰਦੇ ਸਨ। ਜੇ ਕਦੇ ਵਾਦ, ਵਿਵਾਦ ਦੀ ਸ਼ਕਲ ਅਖਤਿਆਰ ਕਰ ਜਾਂਦਾ ਤਾਂ ਆਪ ਜੀ ਦੇ ਦਿੱਤੇ ਨਿਰਣੇ ਅੱਗੇ ਦੋਵੇਂ ਧਿਰਾਂ ਸਿਰ ਝੁਕਾ ਦੇਂਦੀਆਂ।

ਦਿਲ ਦੇ ਇਤਨੇ ਅੱਛੇ ਸਨ ਕਿ ਇਕ ਵਾਰੀ ਇਕ ਬੜਾ ਘਟੀਆ ਆਦਮੀ ਆਪ ਜੀ ਦੀ ਸੰਗਤ ਵਿਚ ਕੁਝ ਦਿਨ ਰਿਹਾ। ਜਦ ਉਹ ਚਲਾ ਗਿਆ ਤਾਂ ਰੋਣ ਲੱਗ ਪਏ। ਲੋਕਾਂ ਪੁੱਛਿਆ ਕਿ ਇਸ ਭੈੜੇ ਦੇ ਜਾਣ ਬਾਅਦ ਤੁਸੀਂ ਰੋ ਕਿਉਂ ਰਹੇ ਹੋ ਤਾਂ ਕਹਿਣ ਲੱਗੇ :

ਰੋਂਦਾ ਤਾਂ ਪਿਆ ਹਾਂ ਕਿ ਉਹ ਤਾਂ ਛੱਡ ਚਲਾ ਗਿਆ ਪਰ ਉਸ ਦੀਆਂ ਬੁਰਾਈਆਂ ਨਾ ਗਈਆਂ।

ਹੁਣ ਟਾਕਰਾ ਕਰੋ, ਭਾਈ ਧਰਮ ਦਾਸ ਜੀ ਨਾਲ । ਭਾਈ ਧਰਮ ਦਾਸ ਜੀ ਨੂੰ ਦੂਜੇ ਡੇਰੇਦਾਰ ਮੁਖੀ ਨੇ ਲਿਖਿਆ ਸੀ ਕਿ ਜੋ ਸਾਧੂ ਤੁਹਾਡੇ ਪਾਸ ਆਇਆ ਹੈ ਉਸ ਵਿਚ ਚਾਰ ਔਗੁਣ ਹਨ। ਇਹ ਪੜ੍ਹਦੇ ਹੀ ਭਾਈ ਜੀ ਨੇ ਆਏ ਸਾਧੂ ਦੇ ਚਰਨੀਂ ਹੱਥ ਲਗਾ ਆਖਿਆ ਸੀ ਤੁਸੀਂ ਧਨ ਹੋ ਜਿਨ੍ਹਾਂ ਵਿਚ ਢੂੰਡਿਆਂ ਚਾਰ ਔਗੁਣ ਹੀ ਲੱਭੇ, ਸਾਡੇ ਵਿਚ ਤਾਂ ਸਮੁੰਦਰ ਸਾਗਰ ਨੀਰ ਭਰੇ ਜਿਤਨੇ ਔਗੁਣ ਹਨ ।[1]

ਹੱਜ ਕਿਸ ਦਾ ਕਬੂਲ ਹੁੰਦਾ ਹੈ, ਉਸ ਬਾਰੇ ਆਪ ਹੀ ਸੁਣਾਂਦੇ ਸਨ ਕਿ ਇਕ ਵਾਰੀ ਉਹ ਹੱਜ ਕਰ ਕੇ ਸੁੱਤੇ ਹੀ ਸਨ ਕਿ ਸੁਪਨੇ ਵਿਚ ਦੋ ਫ਼ਰਿਸ਼ਤਿਆਂ ਦੇ ਗੱਲਾਂ ਕਰਨ ਦੀ ਅਵਾਜ਼ ਸੁਣਾਈ ਦਿੱਤੀ । ਇਕ ਦੂਜੇ ਤੋਂ ਪੁਛ ਰਿਹਾ ਸੀ ਕਿ ਇਸ ਵਾਰੀ ਛੇ ਲੱਖ ਹਾਜੀਆਂ ਵਿਚੋਂ ਕਿਸ ਦਾ ਹੱਜ ਕਬੂਲ ਹੋਇਆ ਹੈ ਤਾਂ ਦੂਜੇ ਫ਼ਰਿਸ਼ਤੇ ਨੇ ਕਿਹਾ ਕਿ ਕਿਸੇ ਦਾ ਵੀ ਨਹੀਂ। ਹਾਂ, ਦਮਸ਼ਕ ਵਿਚ ਇਕ ਮੋਚੀ ਹੈ, ਜੋ ਆਇਆ ਤਾਂ ਨਹੀਂ ਪਰ ਉਸ ਦਾ ਕਬੂਲ ਹੋ ਗਿਆ ਹੈ ।

ਮੱਕਾ ਤੋਂ ਅਬਦੁੱਲਾ ਬਿਨ ਮੁਬਾਰਕ ਸਿੱਧੇ ਉਸ ਮੋਚੀ ਪਾਸ ਪੁੱਜੇ ਤੇ ਜਦ ਆਪ ਨੇ ਆਪਣਾ ਨਾਂ ਤੇ ਆਉਣ ਦਾ ਸਬੱਬ ਦਸਿਆ ਤਾਂ ਮੋਚੀ ਹੈਰਾਨ ਹੋਇਆ ਅਤੇ ਕਹਿਣ ਲੱਗਾ ਕਿ ਇਕ ਵਾਰੀ ਮੈਂ ਆਪਣੀ ਘਰ ਵਾਲੀ ਨੂੰ ਕਹਿ ਬੈਠਾ ਕਿ ਨਾਲ ਦੇ ਘਰ ਬੜੇ ਪਕ-ਵਾਨ ਬਣ ਰਹੇ ਹਨ। ਜ਼ਰਾ ਜਾ ਕੇ ਤੂੰ ਵੀ ਮੰਗ ਲੈ ਆ। ਜਦ ਘਰ ਵਾਲੀ ਗਵਾਂਢੀ ਦੇ ਗਈ ਤਾਂ ਹੈਰਾਨ ਹੋ ਗਈ ਕਿ ਨਾਲ ਦੇ ਘਰ ਵਾਲਾ ਇਕ ਮੋਏ ਗੱਧੇ ਨੂੰ ਰਿੱਝ ਪਕਾ ਖਾਣ ਲੱਗਾ ਸੀ। ਮੈਂ ਹੱਜ ਲਈ ਤਿੰਨ ਸੌ ਦ੍ਰਿਹਮ (ਤਕਰੀਬਨ ੬੦੦੦ ਰੁਪਏ) ਇਕੱਠੇ ਕੀਤੇ ਸਨ, ਉਸ ਗ਼ਰੀਬ ਨੂੰ ਦੇ ਦਿੱਤੇ ਤੇ ਜਾਣ ਲਿਆ ਕਿ ਇਕ ਲੋੜਵੰਦ ਦੀ ਮਦਦ ਹੱਜ ਨਾਲੋਂ ਵੀ ਬਿਹਤਰ ਹੈ।

ਅਬਦੁੱਲਾ ਕਿਹਾ ਕਰਦੇ ਸਨ ਕਿ ਬਹੁਤੇ ਇਲਮ ਨਾਲੋਂ ਥੋੜ੍ਹਾ ਜਿਹਾ ਅਦਬ ਰੱਬ ਦੇ ਰਾਹ ਜ਼ਿਆਦਾ ਕਬੂਲ ਹੁੰਦਾ ਹੈ।

ਕਹਿੰਦੇ ਸਨ ਜੋ ਫ਼ਕੀਰ ਅਮੀਰਾਂ ਦੀ ਪਰਵਾਹ ਕਰਦਾ ਹੈ ਤੇ ਗ਼ਰੀਬਾਂ ਦਾ ਆਦਰ ਨਹੀਂ ਕਰਦਾ ਉਹ ਫ਼ਕੀਰ ਨਹੀਂ। ਫ਼ਕੀਰ ਉਹ ਹੈ ਜੋ ਭੁਖਿਆਂ ਨੂੰ ਹੱਥੀਂ ਖਵਾਏ ਤੇ ਅਮੀਰਾਂ ਵਲ ਤੱਕੇ ਵੀ ਨਾਂਹ। ਮਹਿਮਾਨ ਨਵਾਜ਼ ਇਤਨੇ ਸਨ ਕਿ ਇਕ ਵਾਰੀ ਆਪ ਜੀ

---

1. ਭਾਈ ਧਰਮ ਦਾਸ ਜੀ ਦੀ ਜੀਵਨੀ ਇਸੇ ਪੁਸਤਕ ਵਿਚ ਹੋਰ ਥਾਂ ਤੇ ਪੜ੍ਹੋ ।


www.punjabilibrary.com

ਦੇ ਘਰ ਕੋਈ ਮਹਿਮਾਨ ਆਇਆ ਤਾਂ ਘਰ ਵਾਲੀ ਨੂੰ ਕਹਿਣ ਲੱਗੇ ਕਿ ਆਦਰ-ਭਾਉ ਵਿਚ ਕੋਈ ਕੁਤਾਹੀ ਨਾ ਕਰੀਂ ਕਿਉਂਕਿ ਮਹਿਮਾਨ ਖ਼ੁਦਾ ਦਾ ਭੇਜਿਆ ਹੁੰਦਾ ਹੈ। ਬੀਵੀ ਨੇ ਗੱਲ ਆਈ ਗਈ ਕਰ ਦਿੱਤੀ ਕਿ ਅਜਿਹੇ ਤਾਂ ਰੋਜ਼ ਹੀ ਆਉਂਦੇ ਰਹਿੰਦੇ ਹਨ ਤੇ ਪਰਵਾਹ ਨਾ ਕੀਤੀ ਤਾਂ ਮਹਿਮਾਨ ਦੇ ਜਾਣ ਪਿਛੋਂ ਘਰ ਵਾਲੀ ਨੂੰ ਮਿਹਰ ਦੀ ਰਕਮ ਦੇ ਕੇ ਤਲਾਕ ਤਕ ਦੇ ਦਿੱਤਾ।

ਮਰਨ ਤੋਂ ਪਹਿਲਾਂ ਆਪ ਨੇ ਸਾਰੀ ਜਾਇਦਾਦ ਲੋੜਵੰਦਾਂ ਵਿਚ ਵੰਡ ਦਿੱਤੀ ਤੇ ਜਦ ਕਿਸੇ ਕਿਹਾ ਕਿ ਆਪਣੀਆਂ ਤਿੰਨ ਲੜਕੀਆਂ ਲਈ ਕਿਉਂ ਕੁਝ ਨਹੀਂ ਛੱਡਿਆ ਤਾਂ ਕਹਿਣ ਲੱਗੇ : ਜੋ ਹੈ ਹੀ ਅਲਾਹ ਦੀਆਂ ਬੱਚੀਆਂ, ਉਨ੍ਹਾਂ ਨੂੰ ਮੇਰੀਆਂ ਠੀਕਰੀਆਂ ਦੀ ਕੀ ਲੋੜ। □


www.punjabilibrary.com

## ਸੈਂਤੀ

**ਮੁਹੰਮਦ ਬਿਨ ਅਸਲਮ ਤੌਸੀ**

ਮੁਹੰਮਦ ਬਿਨ ਅਸਲਮ ਘਾਲ ਕਮਾਈ ਕਰ ਕੇ ਆਪਣੇ ਸਮੇਂ ਬਹੁਤ ਉਘੇ ਹੋਏ। ਜ਼ਿਆਦਾ ਸਮਾਂ ਤੌਸਾ ਦੇ ਸ਼ਹਿਰ ਵਿਚ ਰਹਿਣ ਕਾਰਨ ਨਾਂ ਨਾਲ ਤੌਸੀ ਜੁੜ ਗਿਆ। ਬੜੇ ਪੱਕੇ ਸੁੰਨੀ ਸਨ। ਐਸੀ ਠੀਕ ਤੇ ਸਪੱਸ਼ਟ ਤੇ ਸੋਹਣੀ ਵਿਆਖਿਆ ਕਰਦੇ ਕਿ ਆਪ ਨੂੰ 'ਰਸੂਲ ਦੀ ਜ਼ਬਾਨ' (ਲਸਾਨ-ਉਲ-ਰਸੂਲ) ਦਾ ਖ਼ਿਤਾਬ ਮਿਲਿਆ। ਆਪ ਜੀ ਦੇ ਵਿਖਿਆਨ ਇਤਨੇ ਪ੍ਰਭਾਵਸ਼ਾਲੀ ਹੁੰਦੇ ਸਨ ਕਿ ਹਜ਼ਾਰਾਂ ਲੋਕੀਂ ਸਿੱਧੇ ਰਾਹ ਪਏ। ਇਤਨੇ ਸੰਜਮੀ ਕਿ ਆਪ ਜੀ ਦੇ ਘਰ ਸਾਹਮਣੇ ਨਹਿਰ ਵਗਦੀ ਸੀ ਪਰ ਉਸ ਵਗਦੇ ਪਾਣੀ ਦੀ ਵਰਤੋਂ ਵੀ ਨਾ ਕਰਦੇ। ਕਹਿੰਦੇ ਕਿ ਇਹ ਤਾਂ ਲੋਕਾਂ ਲਈ ਹੈ ਪਰ ਜਦੋਂ ਨਹਿਰ ਦਾ ਪਾਣੀ ਸੁੱਕ ਗਿਆ ਤਾਂ ਆਪ ਨੇ ਖੂਹ ਵਿਚੋਂ ਪਾਣੀ ਕੱਢ ਨਹਿਰ ਵਿਚ ਪਾਇਆ ਤਾਂ ਕਿ ਲੋਕਾਂ ਨੂੰ ਤਕਲੀਫ਼ ਨਾ ਹੋਵੇ। ਸਾਦਾ ਇਤਨੇ ਕਿ ਕੰਬਲ ਦਾ ਕੁਰਤਾ, ਸਿਰ ਤੇ ਨਮਦੇ ਦੀ ਟੋਪੀ ਤੇ ਮੋਢੇ ਤੇ ਕਿਤਾਬਾਂ ਦਾ ਥੈਲਾ ਹੁੰਦਾ। ਆਪ ਜੀ ਕੁਰਾਨ ਨੂੰ ਕਿਤਾਬੇ-ਇਲਾਹੀ ਸਮਝਦੇ ਤੇ ਕਦੇ ਭਾਵੇਂ ਕਿਤਨੇ ਤਸੀਹੇ ਵੀ ਸਹਿਣੇ ਪਏ ਮਨੁੱਖੀ ਕਿਰਤ ਨਾ ਮੰਨਿਆ। ਬਾਦਸ਼ਾਹਾਂ ਤਕ ਦੀ ਪਰਵਾਹ ਨਾ ਕਰਦੇ।

ਇਕ ਵਾਰੀ ਹਾਕਮ ਅਬਦੁੱਲਾ ਬਿਨ ਜ਼ਾਹਰ ਜਦ ਤੌਸਾ ਆਇਆ ਤਾਂ ਹਰ ਕੋਈ ਸਲਾਮ ਕਰਨ ਗਿਆ ਪਰ ਅਹਿਮਦ ਹਰਬ ਤੇ ਮੁਹੰਮਦ ਬਿਨ ਅਸਲਮ ਹਾਜ਼ਰ ਨਾ ਹੋਏ। ਪੁੱਛਣ ਤੇ ਦੱਸਿਆ ਗਿਆ ਕਿਉਂਕਿ ਉਹ ਆਬਿਦ ਤੇ ਆਲਮ ਹਨ, ਬਾਦਸ਼ਾਹਾਂ ਦੀ ਹਾਜ਼ਰੀ ਨਹੀਂ ਭਰਦੇ। ਅਬਦੁੱਲਾ ਆਪੂੰ ਪਹਿਲਾਂ ਅਹਿਮਦ ਹਰਬ ਪਾਸ ਗਿਆ ਤਾਂ ਹਰਬ ਨੇ ਰਤਾ ਕੁ ਸਿਰ ਹਿਲਾ ਕੇ ਸਿਰਫ਼ ਇਤਨਾ ਕਿਹਾ :

> 'ਐ ਅਬਦੁੱਲਾ, ਤੂੰ ਬੜਾ ਹੁਸੀਨ ਹੈਂ, ਪਰ ਇਸ ਹੁਸਨ ਤੇ ਜਵਾਨੀ ਨੂੰ ਅਲਾਹ ਵਲੋਂ ਮੂੰਹ ਮੋੜ ਕੇ ਜ਼ਾਇਆ ਨਾ ਕਰ।'



 www.punjabilibrary.com

ਜਦ ਮੁਹੰਮਦ ਬਿਨ ਅਸਲਮ ਦੇ ਦਰ ਅਬਦੁੱਲਾ ਗਿਆ ਤਾਂ ਉਹ ਜੁਮੇਂ ਦੀ ਨਮਾਜ਼ ਪਏ ਪੜ੍ਹਦੇ ਸਨ। ਸੋ ਨਾ ਬੁਲਾਇਆ। ਜਦ ਮਸੀਤ ਤੋਂ ਬਾਹਰ ਆਏ ਤਾਂ ਅਬਦੁੱਲਾ ਨੇ ਤੌਸੀ ਦੇ ਚਰਨਾਂ ਤੇ ਹੱਥ ਲਗਾ ਕੇ ਨਿਮਰਤਾ ਨਾਲ ਕਿਹਾ:

> ਮੈਂ ਬਹੁਤਾ ਬੁਰਾ ਹਾਂ, ਐ ਖ਼ੁਦਾ! ਇਸ ਲਈ ਤੇਰਾ ਪਿਆਰਾ ਮੇਰੇ ਨਾਲ ਬੋਲਦਾ ਤਕ ਨਹੀਂ, ਪਰ ਮੈਂ ਇਸ ਦੇ ਚਰਨੀਂ ਆ ਪਿਆ ਹਾਂ, ਮੈਨੂੰ ਬਖ਼ਸ਼ ਲਈਂ।

ਕਹਿੰਦੇ ਹਨ ਕਿ ਜਦ ਨਮਾਜ਼ ਪੜ੍ਹਨ ਲਈ ਵਜ਼ੂ ਲਈ ਹੱਥ ਪੈਰ ਧੋ ਗਰਾਰੇ ਕਰਦੇ ਤਾਂ ਸ਼ੈਤਾਨ ਨੂੰ ਵੀ ਫ਼ਿਕਰ ਪੈ ਜਾਂਦਾ ਕਿਉਂਕਿ ਉਨ੍ਹਾਂ ਦਾ ਵਿਖਿਆਨ ਸੁਣ ਕੇ ਅਨੇਕਾਂ ਸੁੱਚਾ ਜੀਵਨ ਅਪਣਾ ਲੈਂਦੇ ਸਨ।

ਜਦ ਆਪ ਜੀ ਦਾ ਦਿਹਾਂਤ ਹੋਇਆ ਤਾਂ ਉਸ ਵੇਲੇ ਦੋ ਔਰਤਾਂ ਆਪਸ ਵਿਚ ਗੱਲਾਂ ਕਰ ਰਹੀਆਂ ਸਨ ਕਿ ਐਸਾ ਫ਼ਕੀਰ ਨਹੀਂ ਡਿੱਠਾ ਜਿਸ ਤੇ ਦੁਨੀਆਂ ਹਾਵੀ ਨਹੀਂ ਹੋ ਸਕੀ ਤੇ ਦੀਨ ਨੂੰ ਹੀ ਸਾਰੀ ਉਮਰ ਪਿਆਰਾ ਜਾਣਿਆ। □



 www.punjabilibrary.com

## ਅਠੱਤੀ

**ਜ਼ੂ-ਉਲ-ਨੂਨ ਮਿਸਰੀ**

ਆਪ ਨੂੰ ਮਾਅਰਫ਼ਤ ਦਾ ਸੁਲਤਾਨ ਤੇ ਤੌਹੀਦ ਦਾ ਸਾਗਰ ਕਹਿੰਦੇ ਸਨ। ਜ਼ੁ-ਉਲ-ਨੂਨ ਲੋਕਾਂ ਵਲੋਂ ਦਿੱਤਾ ਇਕ ਇਜ਼ਤ ਦਾ ਨਾਮ ਹੈ ਜਿਸ ਦਾ ਭਾਵ ਹੈ **'ਖ਼ੁਦਾ ਦਾ ਨਿਕਟੀ'**। ਜ਼ੂ-ਉਲ-ਨੂਨ ਮਾਅਰਫ਼ਤ ਵਲ ਉਸ ਵੇਲੇ ਝੁਕੇ ਜਦ ਇਕ ਨੌਜਵਾਨ ਨੂੰ ਕਰੜੀ ਘਾਲਣਾ ਕਰਦੇ ਡਿੱਠਾ ਤੇ ਉਸ ਨੂੰ ਪੁੱਛਿਆ ਕਿ ਐਸਾ ਕਿਉਂ ਕਰਦੇ ਹੋ ਤਾਂ ਉਸ ਕਿਹਾ : ਅੰਦਰਲੇ ਨੂੰ ਸਮਝਾ ਰਿਹਾ ਹਾਂ ਕਿ ਜਦ ਤਕ ਤੂੰ ਸਿਮਰਨ ਵਿਚ ਮੇਰੇ ਨਾਲ ਨਹੀਂ ਟੁਰੇਂਗਾ ਤਦ ਤਕ ਤੈਨੂੰ ਤਸੀਹੇ ਦੇਂਦਾ ਰਹਾਂਗਾ। ਇਸੇ ਤਰ੍ਹਾਂ ਇਕ ਹੋਰ ਨੂੰ ਪੁੱਛ ਬੈਠੇ ਕਿ ਤੁਹਾਡਾ ਇਕ ਪੈਰ ਕਿਉਂ ਕਟਿਆ ਹੋਇਆ ਹੈ ਤਾਂ ਉਸ ਖ਼ੁਦਾ ਦੇ ਪਿਆਰੇ ਨੇ ਕਿਹਾ ਕਿ ਤੀਹ ਸਾਲ ਮੈਂ ਅਬਾਦਤ ਵਿਚ ਜੁੜਿਆ ਰਿਹਾ ਪਰ ਇਕ ਦਿਨ ਕੀ ਹੋਇਆ ਕਿ ਸਾਹਮਣਿਓਂ ਗੁਜ਼ਰੀ ਇਕ ਖ਼ੂਬਸੂਰਤ ਔਰਤ ਕਿ ਫ਼ਰੇਬੇ-ਸ਼ੈਤਾਨੀ ਵਿਚ ਗਲਤਾਨ ਹੋ ਗਿਆ ਤਾਂ ਆਵਾਜ਼ ਆਈ ਕਿ ਓ ਬੇਗ਼ੈਰਤ ਤੀਹ ਸਾਲ ਤਾਂ ਖ਼ੁਦਾ ਦੀ ਅਬਾਦਤ ਵਿਚ ਰਹਿਓਂ ਪਰ ਹੁਣ ਸ਼ੈਤਾਨ ਦੀ ਅਬਾਦਤ 5 ਲੱਗੈਂ। ਸੋ ਇਹ ਸਜ਼ਾ ਪੈਰ ਨੂੰ ਦਿੱਤੀ ਕਿ ਇਸ ਨੇ ਹੀ ਪਹਿਲਾ ਕਦਮ ਸ਼ੈਤਾਨ ਵਲ ਕਿਉਂ ਉਠਾਇਆ ਸੀ।

ਐਸੇ ਅਲਾਹ ਦੇ ਹੋਏ ਕਿ ਸਿਵਾਇ ਉਸ ਦੇ ਨਾਮ ਤੋਂ ਕੁਝ ਚਿਤ ਵਿਚ ਨਾ ਧਰਦੇ।

ਇਕ ਵਾਰੀ ਇਨ੍ਹਾਂ ਦੇ ਕੁਝ ਨੇੜੇ ਦੇ ਸਾਥੀਆਂ ਨੂੰ ਖ਼ਜ਼ਾਨਾ ਲੱਭਾ। ਜਦ ਵੰਡਣ ਲੱਗੇ ਤਾਂ ਇਨ੍ਹਾਂ ਨੇ ਉਹ ਤੱਖ਼ਤੀ ਲਈ ਜਿਸ ਤੇ ਅਲਾਹ ਦੀਆਂ ਸਿਫ਼ਤਾਂ ਲਿਖੀਆਂ ਸਨ। ਬੱਸ ਉਸ ਰਾਤ ਸੁਪਨਾ ਆਇਆ। ਐ ਜ਼ੂ-ਉਲ-ਨੂਨ ! ਸੱਭ ਨੇ ਦੌਲਤ ਵੰਡੀ ਤੂੰ 'ਨਾਮ' ਨੂੰ ਚਾਹਿਆ। ਇਸ ਬਦਲੇ ਤੇਰੇ ਲਈ ਇਲਮ ਤੇ ਹਿਕਮਤ ਦੇ ਦਰਵਾਜ਼ੇ ਖੁਲ੍ਹੇ ਰਹਿਣਗੇ।

ਹੋਰ ਝਟਕਾ ਉਸ ਵੇਲੇ ਲੱਗਾ ਜਦ ਦਰਿਆ ਦੇ ਜਲ ਨਾਲ



Page 153 www.punjabilibrary.com

ਵਜ਼ੂ ਪਏ ਕਰਦੇ ਸਨ ਕਿ ਮਹਿਲਾਂ ਵਿਚ ਇਕ ਔਰਤ ਡਿੱਠੀ ਤੇ ਉਸ ਪਾਸ ਗਏ। ਉਹ ਕਹਿਣ ਲੱਗੀ ਕਿ ਪਹਿਲਾਂ ਤਾਂ ਮੈਂ ਜਾਣਿਆ ਕਿ ਤੁਸੀਂ ਦੀਵਾਨੇ ਹੋ, ਫਿਰ ਜਦ ਨੇੜੇ ਆਏ ਤਾਂ ਸਮਝਿਆ ਕੋਈ ਆਲਮ ਤੇ ਜਦ ਪਾਸ ਆਏ ਤਾਂ ਅਹਿਲੇ ਮਾਅਰਫ਼ਤ ਪਰ ਹੁਣ ਜਾਣਿਆ ਕਿ ਤਿੰਨਾਂ ਵਿਚ ਤੁਸੀਂ ਕੁਝ ਨਹੀਂ। ਕਿਉਂਕਿ ਆਲਮ, ਫ਼ਾਨੀ ਚੀਜ਼ਾਂ ਵੱਲ ਤੱਕਦੇ ਨਹੀਂ, ਦੀਵਾਨੇ ਵਜ਼ੂ ਨਹੀਂ ਕਰਦੇ ਅਤੇ ਖ਼ੁਦਾ ਦੇ ਪਿਆਰੇ ਖ਼ੁਦਾ ਤੋਂ ਸਿਵਾ ਕਿਸੇ ਵੱਲ ਦੇਖਦੇ ਨਹੀਂ। ਬੜੀ ਚੋਟ ਲੱਗੀ ਤੇ ਪਿਛੋਂ ਐਸੇ ਮਰਾਤਬੇ ਨੂੰ ਪੁੱਜੇ ਕਿ ਇਕ ਦੋਸਤ ਨੂੰ ਲਿਖਿਆ: ਅਲਾਹ ਸਾਨੂੰ ਦੋਵਾਂ ਨੂੰ ਨਾਦਾਨੀ ਦੀ ਚਾਦਰ ਨਾਲ ਕੱਜ ਕੇ ਤਮਾਮ ਦੁਨਿਆਵੀ ਚੀਜ਼ਾਂ ਤੋਂ ਬੇਖ਼ਬਰ ਕਰ ਦੇਹ। ਆਪਣੀ ਮਰਜ਼ੀ ਵਿਚ ਟੋਰ। ਇਹ ਵੀ ਕਹਿੰਦੇ ਸਨ ਕਿ 'ਅੱਖ ਦੀ ਸ਼ਰਮ' ਤੋਂ ਵੱਡਾ ਕੋਈ ਪਰਦਾ ਹੀ ਨਹੀਂ। ਇਹ ਲੱਥ ਜਾਏ ਤਾਂ ਬੰਦਾ ਬੇਹਯਾ ਹੋ ਜਾਂਦਾ ਹੈ। ਆਪਣੇ ਨਿਕਟੀਆਂ ਨੂੰ ਕਹਿੰਦੇ ਸਨ ਕਿ ਅਲਪ ਅਹਾਰ ਜਿਸਮ ਨੂੰ ਚੁਸਤ ਰੱਖਦਾ ਹੈ ਤੇ ਪੇਟੂ ਨੂੰ ਕਦੇ ਹਿਕਮਤ ਹਾਸਲ ਨਹੀਂ ਹੋ ਸਕਦੀ। ਬਿਲੱਮ ਪਾਪੰ (ਪਾਪਾਂ ਤੋਂ ਹੱਥ ਸੰਕੋਚਨਾ) ਆਤਮਕ ਸ਼ਕਤੀ ਦੇਂਦਾ ਹੈ। ਬੜਾ ਸੋਹਣਾ ਕਹਿੰਦੇ ਸਨ ਕਿ ਛੇ ਚੀਜ਼ਾਂ ਇਨਸਾਨ ਦੀ ਤਬਾਹੀ ਦਾ ਕਾਰਨ ਬਣਦੀਆਂ ਹਨ:

੧. ਨੇਕ ਕਰਮਾਂ ਤੋਂ ਦੂਰ ਰਹਿਣ ਕਾਰਨ।

੨. ਸ਼ੈਤਾਨੀ ਕਰਮ ਕਰਦੇ ਨਾ ਝਿਜਕਣ ਕਾਰਨ।

੩. ਮੌਤ ਨੂੰ ਦੂਰ ਜਾਣਨ ਕਰਕੇ।

੪. ਰਜ਼ਾਇ ਅਲਾਹ ਛੱਡ, ਲੋਕਾਂ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਤਰਲੇ ਲੈਣ ਕਾਰਨ।

੫. ਖ਼ਾਹਿਸ਼ਾਂ ਦਾ ਗੁਲਾਮ ਹੋ ਜਾਣ ਨਾਲ।

੬. ਅਖੌਤੀ ਵੱਡਿਆਂ ਦੀ ਅੰਨ੍ਹੇਵਾਹ ਰੀਸ ਕਰਿਆਂ।

ਕਿਸੇ ਪੁੱਛਿਆ ਕਿ ਜੋ ਅਲਾਹ ਨੂੰ ਯਾਦ ਨਹੀਂ ਕਰਦੇ ਉਨ੍ਹਾਂ ਨੂੰ ਖ਼ੁਦਾ ਸਜ਼ਾ ਕੀ ਦੇਂਦਾ ਹੈ। ਜਵਾਬ ਦਿੱਤਾ: ਦੁਨੀਆਂ ਵਿਚ ਖਚਤ ਕਰ ਦੇਂਦਾ ਹੈ। ਤਵਕਲ ਬਾਰੇ ਕਹਿੰਦੇ ਸਨ ਕਿ ਇਹ ਹੈ, ਖ਼ੁਦਾ ਤੇ ਪੂਰਨ ਵਿਸ਼ਵਾਸ ਤੇ ਕਿਸੇ ਕੋਲੋਂ ਕੁਝ ਤਲਬ ਨਾ ਕਰਨਾ। ਉਸ ਨੂੰ ਸਦਾਚਾਰੀ ਨਾ ਆਖੋ ਜਿਸ ਵਿਚ ਸਿਦਕ ਤੇ ਸਬਰ ਨਹੀਂ। ਸਦਾਚਾਰੀ ਕਦੇ ਆਪਣੀ ਤਾਰੀਫ਼ ਸੁਣ ਖ਼ੁਸ਼ ਨਹੀਂ ਹੁੰਦੇ ਅਤੇ ਨਿੰਦਾ ਸੁਣ ਨਾ-ਖ਼ੁਸ਼। ਖ਼ਾਹਿਸ਼ਾਂ ਵਿਚ ਸਦਾਚਾਰੀ ਕਮੀ ਕਰ ਦੇਂਦਾ ਹੈ। ਯਾਦਿ-ਅਲਾਹੀ ਕਰਨ ਵਾਲਾ ਖ਼ੁਦਾ ਤੋਂ ਸਿਵਾ ਹਰ ਸ਼ੈ ਨੂੰ ਆਪਣੇ ਆਪ ਭੁੱਲੀ ਚਲੀ ਜਾਂਦਾ ਹੈ।


www.punjabilibrary.com

ਪੰਜ ਗੁਣ ਹੀ ਜੱਨਤ ਹਨ :

੧. ਭੋਲਾਪਣ

੨. ਉਦਾਸੀ

੩. ਤਨੋਂ ਮਨੋਂ ਬੰਦਗੀ ।

੪. ਮੌਤ ਦੇ ਇੰਤਜ਼ਾਰ ਵਿਚ ਰਹਿ ਤੋਸ਼ਾ ਤਿਆਰ ਕਰਨਾ ।

੫. ਦਿਲ ਹਰ ਰੋਜ਼ ਖੋਜਣਾ ।

ਕਿਸ ਦਰਜੇ ਨੂੰ ਪੁੱਜੇ ਹੋਏ ਸਨ ਕਿ ਜਨਾਜ਼ਾ ਜਾ ਰਿਹਾ ਸੀ ਤਾਂ ਕੜਕਵੀਂ ਧੁੱਪ ਸੀ। ਲੋਕੀਂ ਦੇਖ ਹੈਰਾਨ ਹੋਏ ਕਿ ਜਨਾਜ਼ੇ ਤੇ ਪੰਛੀਆਂ ਨੇ ਅਕਾਸ਼ੀ ਝੁੰਡ ਬਣਾ ਕੇ ਛਾਂ ਕਰ ਦਿੱਤੀ। ਦਬਾਣ ਵੇਲੇ ਲੋਕੀਂ ਹੋਰ ਹੈਰਾਨ ਹੋਏ ਜਦ ਡਿੱਠਾ ਕਿ ਇਕ ਉਂਗਲ ਅਕਾਸ਼ ਵੱਲ ਇਸ਼ਾਰਾ ਕਰ ਰਹੀ ਹੈ। □


www.punjabilibrary.com

## ਉਨਤਾਲੀ

ਅਦੀਸ ਕਰਨੀ

ਭਾਵੇਂ ਦਰਵੇਸ਼ ਕਰਨੀ ਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਤੱਕਿਆ ਨਹੀਂ ਸੀ ਤੇ ਨਾਂਹ ਹੀ ਕਰਨੀ ਨੇ ਮੁਹੰਮਦ ਸਾਹਿਬ ਨੂੰ ਪਰ ਕਰਨੀ ਦੀ ਕਰਣੀ ਤੇ ਕੋਈ ਵਾਰੀ ਮੁਹੰਮਦ ਸਾਹਿਬ ਆਪਣੀ ਉੱਮਤ ਵਿਚ ਬੈਠੇ ਕਿਹਾ ਕਰਦੇ ਸਨ : ਮੈਨੂੰ ਯਮਨ ਤਰਫ਼ੋਂ ਰਹਿਮਤ ਦੀ ਹਵਾ ਆਉਂਦੀ ਮਹਿਸੂਸ ਹੁੰਦੀ ਹੈ। ਅਦੀਸ ਕਰਨੀ ਯਮਨ ਹੀ ਰਹਿੰਦੇ ਸਨ।

ਇਥੋਂ ਤਕ ਅਜ਼ਮਤ ਨੂੰ ਛੂਹ ਲਿਆ ਕਿ ਮੁਹੰਮਦ ਸਾਹਿਬ ਨੇ ਅੰਤ ਸਮੇਂ ਕਿਹਾ ਸੀ ਕਿ ਉਨ੍ਹਾਂ ਦੇ ਦਿਹਾਂਤ ਬਾਅਦ ਉਨ੍ਹਾਂ ਲਈ ਤੇ ਉਮਤ ਮੁਹੰਮਦੀ ਲਈ ਦੁਆ ਕਰਨੀ ਕੋਲੋਂ ਹੀ ਕਰਾਵਣੀ।

ਇਸੇ ਤਰ੍ਹਾਂ ਹਜ਼ਰਤ ਉਮਰ ਨੇ ਉਨ੍ਹਾਂ ਨੂੰ ਵਸੀਅਤ ਕਰਨ ਲਈ ਫ਼ਰਮਾਇਆ ਤਾਂ ਕਹਿਣ ਲੱਗੇ ਕਿ ਜੇ ਤੂੰ ਖ਼ੁਦਾ-ਸ਼ਨਾਸ ਹੈਂ ਤਾਂ ਇਸ ਤੋਂ ਵੱਧ ਕੋਈ ਵਸੀਅਤ ਨਹੀਂ। ਫਿਰ ਪੁੱਛਣ ਲੱਗੇ ਕਿ ਤੂੰ ਅਲਾਹ ਨੂੰ ਪਹਿਚਾਣਦਾ ਹੈਂ ਤੇ ਜਦ ਉਮਰ ਨੇ ਉੱਤਰ ਵਿਚ ਹਾਂ ਕਿਹਾ ਤਾਂ ਕਰਨੀ ਬੋਲੇ : ਬਸ ਖ਼ੁਦਾ ਤੋਂ ਇਲਾਵਾ ਤੈਨੂੰ ਕੋਈ ਨਾ ਪਛਾਣੇ। ਇਸ ਤੋਂ ਵੱਧ ਹੋਰ ਕੀ ਚਾਹੁੰਦਾ ਹੈਂ। □

## ਚਾਲ੍ਹੀ

**ਮੁਹੰਮਦ ਵਾਸਯ**

ਮੁਹੰਮਦ ਵਾਸਯ ਆਲਿਮ ਵੀ ਸਨ ਤੇ ਆਰਿਫ਼ ਵੀ। ਆਪਣੇ ਸਮੇਂ ਦੇ ਬੇਨਜ਼ੀਰ ਬਜ਼ੁਰਗਾਂ ਵਿਚੋਂ ਇਕ ਸਨ।

ਇਤਨੇ ਸਬਰ ਵਾਲੇ ਸਨ ਕਿ ਰੁੱਖੀ ਰੋਟੀ ਨੂੰ ਪਾਣੀ ਵਿਚ ਭਿਉਂ ਕੇ ਖਾ ਕੇ ਸ਼ੁਕਰ ਕਰਦੇ। ਕਿਹਾ ਕਰਦੇ ਸਨ ਕਿ ਦੁਨੀਆਂ ਵਿਚ ਰਹਿੰਦੇ ਹੋਏ ਸਿਵਾਏ ਅਲਾਹ ਤੋਂ ਹੋਰ ਕਿਸੇ ਨੂੰ ਦੇਣ ਵਾਲਾ ਨਾ ਸਮਝੋ। ਇਕ ਦਿਨ ਆਪਣੇ ਸਮਕਾਲੀ ਮਾਲਿਕ ਬਿਨ ਦੀਨਾਰ ਨੂੰ ਕਹਿ ਰਹੇ ਸਨ ਕਿ ਦੁਨੀਆਂ ਤੇ ਦੌਲਤ ਤੋਂ ਨਿਗਾਹ ਹਟਾ ਕੇ ਆਪਣੀ ਜ਼ਬਾਨ ਅਤੇ ਨਿਗਾਹ ਤੇ ਨਜ਼ਰ ਰੱਖਣੀ ਚਾਹੀਦੀ ਹੈ। ਇਕ ਦਿਨ ਪੁੱਤਰ ਨੂੰ ਝਾੜਦੇ ਹੋਏ ਕਹਿਣ ਲੱਗੇ ਕਿ ਤੂੰ ਕਿਸ ਚੀਜ਼ ਦਾ ਅਹੰਕਾਰ ਕਰਦਾ ਹੈਂ। ਤੇਰੀ ਮਾਂ ਨੂੰ ਤਾਂ ਮੈਂ ਦੋ ਸੌ ਦਿਰਮ ਵਿਚ ਖ਼ਰੀਦਿਆ ਤੇ ਤੇਰਾ ਬਾਪ ਖ਼ਲਕ ਦੀ ਖ਼ਿਦਮਤ ਖੁਲ੍ਹੇ ਦਿਲ ਕਰ ਨਹੀਂ ਸਕਦਾ। ਇੰਝ ਆਫਰ ਆਫਰ ਫਿਰਨਾ ਸ਼ੋਭਾ ਨਹੀਂ ਦੇਂਦਾ।

ਹਦੀਸ ਵਿਚੋਂ ਪੜ੍ਹ ਕੇ ਸੁਣਾਇਆ ਕਰਦੇ ਕਿ ਉਹ ਹੀ ਸ਼ੱਖਸ ਆਦਰਯੋਗ ਹੈ ਜੋ ਸੇਵਾ ਵਿਚ ਲੱਗਾ ਰਹੇ ਤੇ ਸਹਿਜ ਵਿਚ ਰਵ੍ਹੇ। ਹਰ ਸ਼ੈ ਦਾ ਦਰਮਿਆਨੀ ਦਰਜਾ ਚੰਗਾ ਹੁੰਦਾ ਹੈ।

ਖ਼ੈਰ ਉਲ-ਆ-ਮਯੂਰ ਓਸਤਨ। □

Read more like this at



www.punjabilibrary.com

ਨਿਊ ਬੁੱਕ ਕੰਪਨੀ

ਮਾਈ ਹੀਰਾਂ ਗੇਟ, ਜਲੰਧਰ।


www.punjabilibrary.com